# ਡਿਸਟੈਂਸ ਐਜੂਕੇਸ਼ਨ ਵਿਭਾਗ
# ਪੰਜਾਬੀ ਯੂਨੀਵਰਸਿਟੀ, ਪਟਿਆਲਾ

ਕਲਾਸ : ਬੀ. ਏ. 3 (ਹਿਸਟਰੀ) ਸਮੈਸਟਰ ਛੇਵਾਂ

ਪੇਪਰ : ਪੰਜਾਬ ਦਾ ਇਤਿਹਾਸ (1799-1966) ਯੂਨਿਟ : 1

ਮੀਡੀਅਮ : ਪੰਜਾਬੀ

ਪਾਠ ਨੰ.


1.1 : ਰਣਜੀਤ ਸਿੰਘ ਦੇ ਤਾਕਤ ਵਿਚ ਆਉਣ ਸਮੇਂ ਪੰਜਾਬ ਦੀ ਰਾਜਨੀਤਿਕ ਹਾਲਤ

1.2 : ਰਣਜੀਤ ਸਿੰਘ ਦਾ ਮੁੱਢਲਾ ਜੀਵਨ, ਮੁਢਲੀਆਂ ਜਿੱਤਾਂ ਤੇ ਮਿਸਲਾਂ ਨਾਲ ਸੰਬੰਧ

1.3 : ਰਣਜੀਤ ਸਿੰਘ ਦੀਆਂ ਵੱਡੀਆਂ ਜਿੱਤਾਂ

1.4 : ਮਹਾਰਾਜਾ ਰਣਜੀਤ ਸਿੰਘ ਦੇ ਅੰਗਰੇਜ਼ਾਂ ਨਾਲ ਸੰਬੰਧ (1800-1839)

1.5 : ਮਹਾਰਾਜਾ ਰਣਜੀਤ ਸਿੰਘ ਦਾ ਅਸੈਨਿਕ ਅਤੇ ਸੈਨਿਕ ਪ੍ਰਬੰਧ



**Department website : www.pbidde.org**

ਪਾਠ ਨੰਬਰ : 1.1

## ਰਣਜੀਤ ਸਿੰਘ ਦੇ ਤਾਕਤ ਵਿਚ ਆਉਣ ਸਮੇਂ ਪੰਜਾਬ ਦੀ ਰਾਜਨੀਤਿਕ ਹਾਲਤ

### ਉਦੇਸ਼

ਇਸ ਪਾਠ ਵਿਚ ਅਸੀਂ, ਮਹਾਰਾਜਾ ਰਣਜੀਤ ਸਿੰਘ ਦੇ ਤਾਕਤ ਵਿਚ ਆਉਣ ਸਮੇਂ ਪੰਜਾਬ ਦੀ ਰਾਜਨੀਤਿਕ ਦਸ਼ਾ ਬਾਰੇ ਅਧਿਐਨ ਕਰਾਂਗੇ।ਸਭ ਤੋਂ ਪਹਿਲਾਂ ਅਸੀਂ ਉਸ ਸਮੇਂ ਦੀ ਰਾਜਨੀਤਿਕ ਦਸ਼ਾ ਬਾਰੇ ਅਤੇ ਇਸ ਪਾਠ ਦੇ ਮੁੱਖ ਉਦੇਸ਼ਾਂ ਦਾ ਵਰਣਨ ਕਰਾਂਗੇ।ਸਾਡਾ ਪਾਠ ਇਸ ਕ੍ਰਮ ਵਿੱਚ ਹੋਵੇਗਾ।

1.1 ਪੰਜਾਬ ਦੀ ਰਾਜਨੀਤਿਕ ਹਾਲਤ ਬਾਰੇ ਜਾਣਕਾਰੀ ਪ੍ਰਾਪਤ ਕਰਨਾ।
1.2 ਪੰਜਾਬ ਦੀ ਰਾਜਨੀਤਿਕ ਹਾਲਤ ਵਿਚ ਬੁਰਾਈਆਂ ਨੂੰ ਦਰਸਾਉਣਾ।
1.3 ਉਸ ਸਮੇਂ ਦੀਆਂ ਮੁੱਖ ਮਿਸਲਾਂ ਕਿਹੜੀਆਂ ਸਨ।
(ੳ) ਹਰ ਸਿੱਖ ਮਿਸਲ ਰਾਜਨੀਤਿਕ ਪੱਖੋਂ ਕਿਸ ਹਾਲਤ ਵਿਚ ਸੀ।
2.1 ਉਸ ਸਮੇਂ ਮੁਸਲਿਮ ਸਰਦਾਰ ਜਾਂ ਅਫ਼ਗਾਨ ਸਰਦਾਰ ਪੰਜਾਬ ਦੇ ਕਿਸ ਖੇਤਰ ਉਤੇ ਰਾਜ ਕਰਦੇ ਸਨ।
3. ਵਿਦੇਸ਼ੀ ਜਾਰਜ ਥਾਮਸ ਬਾਰੇ ਗਿਆਨ ਹਾਸਿਲ ਕਰਨਾ।
4. ਪਹਾੜੀ ਰਾਜਿਆਂ ਦਾ ਜ਼ਿਕਰ
5. ਗੋਰਖੇ, ਅੰਗਰੇਜ਼ਾਂ ਅਤੇ ਅਫ਼ਗਾਨਾਂ ਬਾਰੇ ਜਾਣਕਾਰੀ ਹਾਸਿਲ ਕਰਨਾ।
6.1 ਉਸ ਸਮੇਂ ਦੀ ਰਾਜਨੀਤਿਕ ਹਾਲਤ ਵਿੱਚ ਇਨ੍ਹਾਂ ਤਾਕਤਾਂ ਦਾ ਕੀ ਹੱਥ ਸੀ।
6.2 ਪੰਜਾਬ ਦੀ ਰਾਜਨੀਤੀ ਨੂੰ ਇੰਨ੍ਹਾ ਤਾਕਤਾਂ ਨੇ ਕਿਥੇ ਤੱਕ ਪ੍ਰਭਾਵਿਤ ਕੀਤਾ।
6.3 ਉਨ੍ਹਾਂ ਹਾਲਤਾਂ ਵਿੱਚ ਰਣਜੀਤ ਸਿੰਘ ਨੂੰ ਫਾਇਦਾ ਕਿਵੇਂ ਹੋਇਆ।
7.1 ਪਾਠ ਦੇ ਅੰਤ ਵਿਚ ਆਪਣਾ ਗਿਆਨ ਪਰਖਣ ਲਈ ਕੁਝ ਪ੍ਰਸ਼ਨ
7.2 ਕੁਝ ਛੋਟੇ ਅਤੇ ਵੱਡੇ ਪ੍ਰਸ਼ਨ

### ਭੂਮਿਕਾ

ਜਦੋਂ ਮਹਾਰਾਜਾ ਰਣਜੀਤ ਸਿੰਘ ਸ਼ੁਕਰਚੱਕੀਆ ਮਿਸਲ ਦਾ ਮਿਸਲਦਾਰ ਬਣਿਆ ਅਤੇ ਉਸਨੇ ਆਪਣੀ ਤਾਕਤ ਵਧਾਉਣੀ ਸ਼ੁਰੂ ਕੀਤੀ, ਉਸ ਸਮੇਂ ਪੰਜਾਬ ਦੀ ਰਾਜਨੀਤਿਕ ਹਾਲਤ ਬਹੁਤ ਹੀ ਮਾੜੀ ਸੀ।ਖੁਸ਼ਵੰਤ ਸਿੰਘ ਉਸ ਸਮੇਂ ਦੀ ਰਾਜਨੀਤਿਕ ਹਾਲਤ ਬਾਰੇ ਲਿਖਦੇ ਹਨ ਕਿ 1790 ਈ. ਵਿੱਚ ਪੰਜਾਬ ਅਜਿਹੀ ਗੁੰਝਲਦਾਰ ਅੜਾਉਣੀ ਵਾਂਗ ਸੀ ਜਿਹੜੀ ਕਿ ਚੌਦਾਂ ਟੁਕੜਿਆਂ ਦਾ ਇੱਕ ਸਮੂਹ ਹੋਵੇ ਅਤੇ ਪਾਸਿਆਂ ਤੋਂ ਪੰਜ ਤੀਰ ਇਸ ਵਿੱਚ ਖੁਭ ਰਹੇ ਹੋਣ।ਇਹਨਾਂ ਚੌਦਾਂ ਟੁਕੜਿਆਂ ਵਿਚੋਂ 12 ਤਾਂ ਸਿੱਖ ਮਿਸਲਾਂ ਸਨ ਅਤੇ ਬਾਕੀ ਦੋ ਲਾਹੌਰ ਦੇ ਗੁਆਂਢ ਵਿੱਚ ਪਠਾਨਾਂ ਦੇ ਹੇਠ ਕਸੂਰ ਅਤੇ ਦੱਖਣ ਪੂਰਬ ਵਿੱਚ ਇੱਕ ਅੰਗਰੇਜ਼ ਖੋਜੀ ਜਾਰਜ ਥਾਮਸ ਹਾਂਸੀ ਦਾ ਮਾਲਕ ਬਣ ਬੈਠਿਆ ਸੀ ਜਿਥੇ ਤੱਕ ਪੰਜ ਤੀਰਾਂ ਦਾ ਸੰਬੰਧ ਸੀ, ਉਹ ਸਨ ਉਤਰ-ਪੂਰਬ ਵਿੱਚ ਗੋਰਖੇ, ਉੱਤਰ-ਪੱਛਮ ਵਿੱਚ ਅਫ਼ਗਾਨ, ਉਤਰ ਵਿੱਚ ਕਾਂਗੜਾ ਦੇ ਰਾਜਪੂਤ, ਪੂਰਬ ਵਿੱਚ ਅੰਗਰੇਜ਼ ਅਤੇ ਦੱਖਣ-ਪੂਰਬ ਵਿਚ ਮਰਹੱਠੇ।ਇਹ ਪੰਜੇਂ ਹੀ ਤਾਕਤਾਂ ਪੰਜਾਬ ਉਤੇ ਅੱਖਾਂ ਲਾਈ ਬੈਠੀਆਂ ਸਨ।ਇਹ ਸੱਚ ਹੈ ਕਿ ਉਸ ਸਮੇਂ ਪੰਜਾਬ ਵਿਖੇ ਕੋਈ ਇਹੋ ਜਿਹੀ ਤਾਕਤ ਨਹੀਂ ਸੀ, ਜਿਹੜੀ ਰਣਜੀਤ ਸਿੰਘ ਦੇ ਉਭਾਰ ਦੇ ਰਸਤੇ ਵਿਚ ਰੋੜਾ ਪਾ ਸਕਦੀ ਪਰ ਰਣਜੀਤ ਸਿੰਘ ਖੁਦ ਵੀ ਇਨ੍ਹਾਂ ਮਜ਼ਬੂਤ ਨਹੀਂ ਸੀ ਕਿ ਉਹ ਉਸ ਸਮੇਂ ਦੀਆਂ ਬਾਕੀ ਦੀਆਂ ਤਾਕਤਾਂ ਨੂੰ ਅਣਡਿੱਠਾ ਕਰ ਦਿੰਦਾ।ਜੇਕਰ 18ਵੀਂ ਸਦੀ ਦੇ ਅੰਤ ਵਿਚ ਪੰਜਾਬ ਦੀ ਰਾਜਨੀਤਿਕ ਦਸ਼ਾ ਕੇਵਲ ਤਿੰਨ ਵਾਕਾਂ ਵਿੱਚ ਬਿਆਨ ਕਰਨੀ ਹੋਵੇ ਤਾਂ ਉਪਰ ਦਿੱਤੇ ਸਰਦਾਰ ਖੁਸ਼ਵੰਤ ਸਿੰਘ ਦੇ ਵਿਚਾਰਾਂ ਤੋਂ ਚੰਗੀ ਤਰ੍ਹਾਂ ਬਿਆਨ ਨਹੀਂ ਕੀਤੀ ਜਾ ਸਕਦੀ।

### ਸਿੱਖ ਮਿਸਲਾਂ

ਅਹਿਮਦ ਸ਼ਾਹ ਅਬਦਾਲੀ ਸਿੱਖਾਂ ਦਾ ਸਭ ਤੋਂ ਵੱਡਾ ਦੁਸ਼ਮਣ ਬਣ ਕੇ ਪੰਜਾਬ ਆਇਆ ਪਰ ਛੇਤੀ ਹੀ ਉਹ ਉਨ੍ਹਾਂ ਦਾ ਸਭ ਤੋਂ ਵੱਡਾ ਮਿੱਤਰ ਵੀ ਸਾਬਿਤ ਹੋਇਆ।ਅਬਦਾਲੀ ਦੇ ਹਮਲਿਆ ਨੇ ਪੰਜਾਬ ਵਿਖੇ ਮੁਗਲਾਂ ਦੀ ਹਕੂਮਤ ਅਤੇ ਸੱਤਾ ਨੂੰ ਨਸ਼ਟ ਕਰਨ ਵਿਚ ਭਾਰੀ ਯੋਗਦਾਨ ਦਿੱਤਾ। 1761 ਈ. ਵਿੱਚ ਅਬਦਾਲੀ ਨੇ ਹੀ ਪਾਣੀਪਤ ਵਿਖੇ ਮਰਾਠਿਆਂ ਨੂੰ ਬੁਰੀ ਤਰ੍ਹਾਂ ਨਾਲ ਹਰਾਇਆ, ਇਸ ਦੇ ਨਾਲ ਹੀ ਮਰਾਠਿਆਂ ਦੇ ਉੱਤਰ-ਪੱਛਮੀ ਭਾਰਤ ਨੂੰ ਜਿੱਤਣ ਦੇ ਮਨਸੂਬੇ ਖ਼ਤਮ ਹੋ ਗਏ।ਪੰਜਾਬ ਵਿੱਚ ਇਸ ਨਵੀਂ ਪੈਦਾ ਹੋਈ ਹਾਲਤ ਤੋਂ ਸਿੱਖਾਂ ਨੇ ਪੂਰਾ-ਪੂਰਾ

ਲਾਭ ਉਠਾਇਆ ਅਤੇ ਉਨ੍ਹਾਂ ਨੇ ਹੌਲੀ-ਹੌਲੀ ਆਪਣੀ ਤਾਕਤ ਨੂੰ ਮਜ਼ਬੂਤ ਕਰਕੇ ਪੰਜਾਬ ਵਿਚ ਆਪਣੇ ਪੈਰ ਜਮਾਉਣੇ ਸ਼ੁਰੂ ਕਰ ਦਿੱਤੇ। 1769 ਈ. ਤੋਂ ਬਾਅਦ ਅਬਦਾਲੀ ਨੂੰ ਪੰਜਾਬ ਜਿੱਤਣ ਦੀ ਯੋਜਨਾ ਛੱਡਣੀ ਪਈ।ਇਸ ਦੇ ਨਾਲ ਹੀ ਸਿੱਖ ਪੰਜਾਬ ਦੇ ਮੁੱਖ ਹਿੱਸਿਆ ਦੇ ਸ਼ਾਸ਼ਕ ਬਣ ਗਏ।ਛੇਤੀ ਹੀ ਉਨ੍ਹਾਂ ਨੇ ਆਪਣੇ ਲਈ ਪੂਰਨ ਸੱਤਾ ਸਥਾਪਿਤ ਕਰ ਲਈ।ਪੰਜਾਬ ਦਾ ਸਭ ਤੋਂ ਵੱਡਾ ਹਿੱਸਾ, ਜਿਹੜਾ ਯਮੁਨਾ ਅਤੇ ਸਿੰਧ ਦੇ ਵਿਚਕਾਰ ਸੀ, ਸਿੱਖਾਂ ਦੇ ਕਬਜ਼ੇ ਵਿੱਚ ਆ ਗਿਆ।ਯਮੁਨਾ ਅਤੇ ਸਿੰਧ ਦੇ ਵਿਚਕਾਰ ਦੇ ਖੇਤਰ ਵਿਚ 12 ਸਰਦਾਰਾਂ ਨੇ ਆਪਣੀਆਂ ਵੱਖ-ਵੱਖ ਮਿਸਲਾਂ ਕਾਇਮ ਕਰ ਲਈਆਂ।ਇਹ ਮਿਸਲਾਂ ਇਕ ਦੂਜੇ ਤੋਂ ਅਲੱਗ-ਅਲੱਗ ਤਾਂ ਸਨ, ਪਰ ਨਾਲ ਹੀ ਉਹ ਆਪਣੇ ਆਪ ਵਿੱਚ ਪੂਰਨ ਤੌਰ ਤੇ ਆਜ਼ਾਦ ਵੀ ਸਨ।ਹੁਣ ਅਸੀਂ ਇਥੇ ਇਨ੍ਹਾਂ ਬਾਰਾਂ ਮਿਸਲਾਂ ਬਾਰੇ ਬਹੁਤ ਹੀ ਸੰਖੇਪ ਵਿੱਚ ਪੜ੍ਹਾਂਗੇ।

### ਫੈਜ਼ਲਪੁਰੀਆਂ ਮਿਸਲ

ਇਹ ਮਿਸਲ ਸਿੰਘਪੁਰੀਆਂ ਦੇ ਮਿਸਲ ਦੇ ਨਾਉਂ ਨਾਲ ਵੀ ਜਾਣੀ ਜਾਂਦੀ ਸੀ।ਨਵਾਬ ਕਪੂਰ ਸਿੰਘ ਨੇ ਮਿਸਲ ਦੀ ਨੀਂਹ ਰੱਖੀ ਸੀ।ਇਸ ਮਿਸਲ ਦੇ ਇਲਾਕੇ ਸਤਲੁਜ ਦਰਿਆ ਦੇ ਦੋਨੋਂ ਤਰਫ਼ ਪੂਰਬ ਅਤੇ ਪੱਛਮ ਵਿੱਚ ਸਨ।ਜਲੰਧਰ, ਹੈਬਤਪੁਰ ਅਤੇ ਪੱਟੀ ਇਸ ਮਿਸਲ ਦੇ ਬਹੁਤ ਹੀ ਪ੍ਰਸਿੱਧ ਸਥਾਨ ਸਨ।ਨਵਾਬ ਕਪੂਰ ਸਿੰਘ ਦੇ ਵਾਰਿਸ ਖੁਸ਼ਹਾਲ ਸਿੰਘ ਕੋਲ ਇਸ ਮਿਸਲ ਵਿਚ 3000 ਹਥਿਆਰ ਬੰਦ ਸਿੱਖ ਸਿਪਾਹੀ ਸਨ।

### ਭੰਗੀ ਮਿਸਲ

ਇਹ ਮਿਸਲ ਇਲਾਕੇ ਅਤੇ ਗਿਣਤੀ ਦੋਵੇਂ ਪੱਖਾਂ ਤੋਂ ਸਭ ਤੋਂ ਵੱਧ ਸ਼ਕਤੀਸ਼ਾਲੀ ਮਿਸਲ ਸੀ।ਇਸ ਮਿਸਲ ਕੋਲ 15000 ਸਿਪਾਹੀਆਂ ਦੀ ਇੱਕ ਵੱਡੀ ਫੌਜ਼ ਸੀ।ਲਾਹੌਰ ਅਤੇ ਅੰਮ੍ਰਿਤਸਰ ਪੰਜਾਬ ਦੇ ਦੋ ਬਹੁਤ ਹੀ ਵੱਡੇ ਸ਼ਹਿਰ ਇਸ ਮਿਸਲ ਵਿੱਚ ਸਨ।ਭੰਗੀ ਸਰਦਾਰਾਂ ਨੇ ਗੁਜਰਾਤ ਤੋਂ ਜੇਹਲਮ ਅਤੇ ਸਿੰਧ ਵਿਚਕਾਰ ਪੈਂਦੇ ਕੁਝ ਇਲਾਕਿਆ ਸਮੇਤ ਰਾਵਲਪਿੰਡੀ ਤੱਕ ਕਬਜ਼ਾ ਕੀਤਾ ਹੋਇਆ ਸੀ।ਇਸ ਮਿਸਲ ਦੇ ਬਾਨੀ ਹਰੀ ਸਿੰਘ ਨੇ ਮੁਲਤਾਨ ਨੂੰ ਜਿੱਤਣ ਦਾ ਪੂਰਾ ਯਤਨ ਕੀਤਾ ਸੀ ਪਰ ਉਹ ਆਪਣਾ ਇਲਾਕਾ ਪਾਕਪਟਨ ਤੱਕ ਹੀ ਵਧਾ ਸਕਿਆ।ਅੱਗੇ ਚਲ ਕੇ ਇਸ ਮਿਸਲ ਨੂੰ ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਅਧੀਨ ਕਰ ਲਿਆ ਸੀ।

### ਆਹਲੂਵਾਲੀਆ ਮਿਸਲ

ਇਸ ਮਿਸਲ ਦੀ ਸਥਾਪਨਾ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਕੀਤੀ ਅਤੇ ਉਹ 1783 ਈ. ਤੱਕ ਇਸ ਮਿਸਲ ਦੀ ਅਗਵਾਈ ਕਰਦਾ ਰਿਹਾ ਅਤੇ ਇਸੇ ਸਾਲ ਉਸ ਦਾ ਚਲਾਣਾ ਹੋ ਗਿਆ।ਜੱਸਾ ਸਿੰਘ ਆਹਲੂਵਾਲੀਆ ਨੇ ਮੁਸਲਮਾਨ ਸਰਦਾਰ ਤੋਂ ਰਾਏਕੋਟ ਅਤੇ ਕਪੂਰਥਲਾ ਜਿਤਿਆ।ਉਸਨੇ ਭੰਗੀ, ਘਨਈਆ ਅਤੇ ਸ਼ੁੱਕਰਚਕੀਆ ਮਿਸਲਾਂ ਨਾਲ ਮਿਲ ਕੇ ਰਾਮਗੜ੍ਹੀਆਂ ਮਿਸਲ ਦੇ ਖਿਲਾਫ਼ ਲੜਾਈ ਲੜੀ ਅਤੇ ਉਸਦੇ ਇਲਾਕੇ ਆਪਣੇ ਕਬਜ਼ੇ ਹੇਠ ਲਿਆਉਣ ਵਿੱਚ ਸਫ਼ਲਤਾ ਪ੍ਰਾਪਤ ਕੀਤੀ।ਉਸਨੇ ਜੱਸਾ ਸਿੰਘ ਰਾਮਗੜ੍ਹੀਆਂ ਨੂੰ ਹਰਿਆਣਾ ਵੱਲ ਧੱਕ ਦਿੱਤਾ।ਜੱਸਾ ਸਿੰਘ ਰਾਮਗੜ੍ਹੀਆਂ ਆਪਣੇ ਇਲਾਕੇ ਨੂੰ ਜੱਸਾ ਸਿੰਘ ਆਹਲੂਵਾਲੀਆ ਦੇ ਸ਼ਾਸ਼ਨ ਕਾਲ ਵਿੱਚ ਵਾਪਸ ਨਾ ਲੈ ਸਕਿਆ।ਜੱਸਾ ਸਿੰਘ ਆਹਲੂਵਾਲੀਆ ਨੇ ਕਪੂਰਥਲਾ ਨੂੰ ਆਪਣੀ ਮਿਸਲ ਦਾ ਕੇਂਦਰ ਜਾਂ ਸਦਰ ਮੁਕਾਮ ਬਣਾਇਆ।ਜੱਸਾ ਸਿੰਘ ਅਹਲੂਵਾਲੀਆ ਤੋਂ ਬਾਅਦ ਉਸਦੇ ਵਾਰਿਸ ਭਾਗ ਸਿੰਘ ਨੇ ਆਪਣੇ ਸ਼ਾਸ਼ਨ ਕਾਲ ਦੌਰਾਨ ਆਪਣਾ ਇਲਾਕਾ ਵਧਾਉਣ ਦਾ ਯਤਨ ਕੀਤਾ ਪਰ ਅਸਫ਼ਲ ਰਿਹਾ।ਉਸਨੇ 1783 ਤੋਂ 1801 ਈ. ਤੱਕ ਇਸ ਮਿਸਲ ਤੇ ਰਾਜ ਕੀਤਾ।

### ਘਨਈਆ ਮਿਸਲ

ਇਸ ਮਿਸਲ ਦੀ ਸਥਾਪਨਾ ਜੈ ਸਿੰਘ ਨੇ ਕੀਤੀ ਸੀ।ਇਸ ਮਿਸਲ ਕੋਲ ਅੰਮ੍ਰਿਤਸਰ ਅਤੇ ਗੁਰਦਾਸਪੁਰ ਜ਼ਿਲ੍ਹਿਆ ਦੇ ਮੁੱਖ ਭਾਗ ਸਨ। 18ਵੀਂ ਸਦੀ ਦੇ ਅੰਤ ਤੋਂ ਪਹਿਲਾਂ ਦੋਵੇਂ ਜੈ ਸਿੰਘ ਅਤੇ ਉਸਦਾ ਪੁੱਤਰ ਗੁਰਬਖਸ਼ ਸਿੰਘ ਰੱਬ ਨੂੰ ਪਿਆਰੇ ਹੋ ਚੁੱਕੇ ਸਨ।ਇਸ ਤਰ੍ਹਾਂ ਇਸ ਮਿਸਲ ਦੀ ਵਾਂਗਡੋਰ ਗੁਰਬਖਸ਼ ਸਿੰਘ ਦੀ ਵਿਧਵਾ ਸਦਾ ਕੌਰ ਦੇ ਹੱਥਾਂ ਵਿੱਚ ਸੀ।ਗੁਰਬਖਸ਼ ਸਿੰਘ ਆਪਣੇ ਪਿਤਾ ਤੋਂ ਪਹਿਲਾਂ ਮਹਾਂ ਸਿੰਘ ਸ਼ੁਕਰਚੱਕੀਆ ਦੇ ਹੱਥੋਂ ਮਾਰਿਆ ਗਿਆ ਸੀ।ਜੈ ਸਿੰਘ ਨੇ ਸ਼ੁਕਰਚੱਕੀਆ ਨਾਲ ਮਿਤੱਰਤਾ ਵਾਲੇ ਸੰਬੰਧ ਬਣਾਏ ਰੱਖਣ ਲਈ ਆਪਣੀ ਪੋਤਰੀ ਮਹਿਤਾਬ ਕੌਰ (ਗੁਰਬਖਸ਼ ਸਿੰਘ ਦੀ ਸਪੁੱਤਰੀ) ਦੀ ਸ਼ਾਦੀ ਮਹਾਂ ਸਿੰਘ ਦੇ ਲੜਕੇ ਰਣਜੀਤ ਸਿੰਘ ਨਾਲ ਕਰ ਦਿੱਤੀ ਸੀ।ਸਦਾ ਕੌਰ ਚੰਗੇ ਹੌਂਸਲੇ ਅਤੇ ਯੋਗਤਾ ਦੀ ਮਾਲਿਕ ਸੀ ਅਤੇ ਉਸਦਾ ਅਸਲੀ ਨਿਸ਼ਾਨਾ ਸਾਰੇ ਪੰਜਾਬ ਉਤੇ ਅਧਿਕਾਰ ਜਮਾਉਣਾ ਸੀ।ਉਸਨੇ ਰਣਜੀਤ ਸਿੰਘ ਦੀ ਤਾਕਤ ਨੂੰ ਆਪਣੀ ਯੋਜਨਾ ਲਈ ਸਹਾਇਕ ਅਤੇ ਲਾਹੇਵੰਦ ਸਮਝਿਆ, ਪਰ ਰਣਜੀਤ ਸਿੰਘ ਸਦਾ ਕੌਰ ਤੋਂ ਜ਼ਿਆਦਾ ਤੇਜ਼ ਨਿਕਲਿਆ।

### ਸ਼ੁਕਰਚੱਕੀਆ ਮਿਸਲ

ਇਸ ਮਿਸਲ ਦੀ ਨੀਂਹ ਸ੍ਰ. ਚੜ੍ਹਤ ਸਿੰਘ ਨੇ ਰੱਖੀ ਸੀ।ਗੁਜਰਾਵਾਲਾ ਦੀ ਜਾਇਦਾਦ ਨੂੰ ਇਕੱਠਿਆਂ ਕਰਨ ਮਗਰੋਂ ਚੜ੍ਹਤ ਸਿੰਘ ਨੇ ਐਮਨਾਬਾਦ ਤੇ ਹਮਲਾ ਕੀਤਾ।ਇਥੇ ਦੇ ਮੁਗਲ ਫੌਜ਼ਦਾਰ ਨੂੰ ਕੱਢ ਦਿੱਤਾ ਅਤੇ ਕੁਝ ਹੀ ਦੇਰ ਪਿਛੋਂ ਉਸ ਨੇ ਸਿਆਲ ਕੋਟ ਉੱਤੇ ਵੀ ਕਬਜ਼ਾ ਕਰ ਲਿਆ।ਮਹਾਂ ਸਿੰਘ, ਚੜ੍ਹਤ ਸਿੰਘ ਦੇ ਸਪੁੱਤਰ ਅਤੇ ਵਾਰਿਸ ਨੇ ਰਸੂਲ ਨਗਰ ਅਤੇ ਅਲੀ ਪੁਰ ਨੂੰ ਵੀ ਜਿੱਤਿਆ।ਮਹਾਂ ਸਿੰਘ ਜੰਮੂ ਤੱਕ ਗਿਆ ਉਸਦੇ ਚਲਾਣੇ ਤੋਂ ਬਾਅਦ 1792 ਈ. ਵਿੱਚ ਰਣਜੀਤ ਸਿੰਘ ਇਸ ਮਿਸਲ ਦਾ ਵਾਰਿਸ ਬਣਿਆ ਅਤੇ ਰਣਜੀਤ ਸਿੰਘ ਨੇ ਹੀ ਪੰਜਾਬ ਵਿਖੇ ਅੱਗੇ ਚਲ ਕੇ ਸਿੱਖ ਰਾਜ ਦੀ ਸਥਾਪਨਾ ਕੀਤੀ।

### ਡੱਲੇਵਾਲੀਆ ਮਿਸਲ

ਇਸ ਮਿਸਲ ਦਾ ਮੁੱਖ ਸਰਦਾਰ ਜਾਂ ਨੇਤਾ ਤਾਰਾ ਸਿੰਘ ਸੀ। ਇਸ ਮਿਸਲ ਵਿੱਚ ਲੁਧਿਆਣਾ ਦਾ ਉਤਰੀ ਭਾਗ, ਅੰਬਾਲਾ, ਫਿਰੋਜ਼ਪੁਰ ਅਤੇ ਜਲੰਧਰ ਦੁਆਬ ਦੇ ਇਲਾਕੇ ਸ਼ਾਮਿਲ ਸਨ।

### ਨਿਸ਼ਾਨ ਵਾਲੀਆ ਮਿਸਲ

ਇਸ ਮਿਸਲ ਦੇ ਬਾਨੀ ਸੰਗਤ ਸਿੰਘ ਅਤੇ ਮੋਹਰ ਸਿੰਘ ਸਨ।ਉਹ ਦਲ ਖਾਲਸਾ ਦਾ ਝੰਡਾ ਰੱਖਦੇ ਸਨ।ਇਹੀ ਕਾਰਨ ਸੀ ਕਿ ਉਨ੍ਹਾਂ ਨੂੰ ਨਿਸ਼ਾਨ ਵਾਲੀਆ ਕਿਹਾ ਜਾਣ ਲੱਗਾ।ਉਨ੍ਹਾਂ ਦਾ ਮੁੱਖ ਖੇਤਰ ਅੰਬਾਲਾ ਅਤੇ ਸ਼ਾਹਬਾਦ ਸੀ।

### ਕਰੋੜਸਿੰਘੀਆ ਮਿਸਲ

ਇਹ ਮਿਸਲ ਪੰਜਗੜ੍ਹੀਆਂ ਮਿਸਲ ਦੇ ਨਾਮ ਨਾਲ ਵੀ ਜਾਣੀ ਜਾਂਦੀ ਸੀ।ਇਸ ਦੀ ਨੀਂਹ ਕਰੋੜ ਸਿੰਘ ਨੇ ਰੱਖੀ ਸੀ।ਇਸ ਮਿਸਲ ਦਾ ਬਹੁਤ ਹੀ ਸ਼ਕਤੀਸ਼ਾਲੀ ਸ਼ਾਸ਼ਕ ਬਘੇਲ ਸਿੰਘ ਸੀ।ਉਸਨੇ ਆਪਣਾ ਸਦਰ ਮੁਕਾਮ ਜਾਂ ਕੇਂਦਰ ਕਰਨਾਲ ਤੋਂ 30 ਮੀਲ ਦੂਰ ਚਲੌਂਦੀ ਵਿਖੇ ਬਣਾਇਆ ।ਉਸ ਕੋਲ 12000 ਸਿਪਾਹੀ ਸਨ।ਉਸਦੀ ਮੌਤ ਪਿਛੋਂ ਉਸਦੇ ਵਾਰਸ ਜੋਧ ਸਿੰਘ ਨੇ ਆਪਣੀ ਮਿਸਲ ਦੇ ਅਧਿਕਾਰ ਖੇਤਰ ਨੂੰ ਹੋਰ ਵਧਾਇਆ।ਇਸ ਮਿਸਲ ਦੇ ਅਧਿਕਾਰ ਖੇਤਰ ਵਿੱਚ ਨਵਾਂ ਸ਼ਹਿਰ ਅਤੇ ਮਾਰਕੰਡਾ ਤੇ ਯਮੁਨਾ ਦਰਿਆ ਦੇ ਵਿਚਕਾਰ ਦੇ ਇਲਾਕੇ ਸ਼ਾਮਿਲ ਸਨ।

### ਰਾਮਗੜ੍ਹੀਆ ਮਿਸਲ

ਇਸ ਮਿਸਲ ਦੀ ਨੀਂਹ ਜੱਸਾ ਸਿੰਘ ਇਛੋਗਿਲੀਆ ਨੇ ਰੱਖੀ ਸੀ।ਉਸਨੇ ਅੰਮ੍ਰਿਤਸਰ ਦੇ ਉੱਤਰ ਵਿੱਚ ਰਿਆੜਕੀ ਵਿੱਚ ਕੁਝ ਇਲਾਕੇ ਤੇ ਕਬਜ਼ਾ ਜਮਾਇਆ ਹੋਇਆ ਸੀ।ਉਸ ਕੋਲ ਜਲੰਧਰ ਦੁਆਬ ਦਾ ਵੀ ਕੁਝ ਇਲਾਕਾ ਸੀ।ਜੱਸਾ ਸਿੰਘ ਰਾਮਗੜ੍ਹੀਆਂ ਹਿਸਾਰ ਵਿਖੇ ਸਿਰਸਾ ਦੇ ਨੇੜੇ ਇੱਕ ਛੋਟੇ ਜਿਹੇ ਇਲਾਕੇ ਦਾ ਵੀ ਮਾਲਿਕ ਬਣ ਬੈਠਾ ਸੀ।ਉਹ ਦਿੱਲੀ ਤੱਕ ਗਿਆ। ਉਸਨੇ ਸ੍ਰੀ ਹਰਗੋਬਿੰਦ ਪੁਰ ਨੂੰ ਆਪਣਾ ਸਦਰ ਮੁਕਾਮ ਬਣਾਇਆ।ਇਸ ਮਿਸਲ ਦੇ ਇਲਾਕਿਆਂ ਵਿੱਚ ਕਲਾਨੌਰ, ਕਾਦੀਆਂ, ਦੀਨਾਨਗਰ ਅਤੇ ਬਿਸਤ ਜਲੰਧਰ ਦੁਆਬ ਦਾ ਕੁਝ ਹਿੱਸਾ ਸ਼ਾਮਿਲ ਸੀ।

### ਸ਼ਹੀਦ ਮਿਸਲ

ਇਸ ਮਿਸਲ ਨੂੰ ਨਿਹੰਗ ਮਿਸਲ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਸੀ।ਇਸ ਮਿਸਲ ਦਾ ਪਹਿਲਾਂ ਸਰਦਾਰ, ਮਹਾਨ ਬਾਬਾ ਦੀਪ ਸਿੰਘ ਸੀ।ਉਸ ਤੋਂ ਬਾਅਦ ਕਰਮ ਸਿੰਘ ਅਤੇ ਫਿਰ ਗੁਰਬਖਸ਼ ਸਿੰਘ ਨੇ ਇਸ ਮਿਸਲ ਦੀ ਅਗਵਾਈ ਕੀਤੀ।ਇਸ ਮਿਸਲ ਦਾ ਅਧਿਕਾਰ ਖੇਤਰ ਸਤਲੁਜ ਦੇ ਪੂਰਬ ਵਿੱਚ ਸੀ।

### ਨਕੱਈ ਮਿਸਲ

ਸ੍ਰ. ਹੀਰਾ ਸਿੰਘ ਨੇ ਇਸ ਮਿਸਲ ਦੀ ਸਥਾਪਨਾ ਕੀਤੀ।ਉਸ ਨੇ ਮੁਲਤਾਨ ਵਲ ਲਾਹੌਰ ਅਤੇ ਗੋਗੀਰਾ ਦੇ ਵਿਚਕਾਰ ਨਕੱਈ ਇਲਾਕੇ ਵਿੱਚ ਇੱਕ ਛੋਟੀ ਰਿਆਸਤ ਤਾਕਤ ਨਾਲ ਪ੍ਰਾਪਤ ਕੀਤੀ।ਨਕੱਈ ਮਿਸਲ ਦਾ ਸ਼ਕਤੀਸ਼ਾਲੀ ਸਰਦਾਰ ਰਾਮ ਸਿੰਘ ਸੀ।ਉਸ ਨੇ ਆਪਣਾ ਰਾਜ ਚੁੰਨੀਆ, ਸ਼ਾਹੀਵਾਲ ਅਤੇ ਸ਼ੱਕਰਪੁਰ ਤੱਕ ਵਧਾਇਆ।

### ਫੂਲਕੀਆ ਮਿਸਲ

ਇਸ ਮਿਸਲ ਦੀ ਨੀਂਹ ਇੱਕ ਸਿੱਧੂ ਜੱਟ ਚੌਧਰੀ ਫੂਲ ਨੇ ਰੱਖੀ ਸੀ।ਉਹ ਪਟਿਆਲਾ, ਨਾਭਾ ਅਤੇ ਜੀਂਦ ਰਿਆਸਤਾਂ ਦੇ ਸਰਦਾਰਾਂ ਦਾ ਸਾਂਝਾ ਬਜ਼ੁਰਗ ਸੀ।ਬਾਬਾ ਆਲਾ ਸਿੰਘ, ਪਟਿਆਲਾ ਘਰਾਣੇ ਦਾ ਪਹਿਲਾਂ ਵੱਡਾ ਸਰਦਾਰ ਸੀ।ਉਸ ਨੇ ਹੀ ਭਾਟਨੇਰ ਦੇ ਸ਼ਾਸ਼ਕ ਨੂੰ ਹਰਾਇਆ ਅਤੇ ਪਿਛੋਂ ਜਗਰਾਉਂ ਦੇ ਫੌਜਦਾਰ ਨੂੰ ਵੀ ਕਾਬੂ ਕਰ ਲਿਆ।ਉਸ ਨੇ ਬਰਨਾਲਾ ਦੇ ਆਲੇ-ਦੁਆਲੇ ਦੇ ਇਲਾਕੇ ਆਪਣੇ ਅਧਿਕਾਰ ਵਿੱਚ ਕਰ ਲਏ।ਅਹਿਮਦ ਸ਼ਾਹ ਅਬਦਾਲੀ ਨੇ ਮਾਲਵਾ ਖੇਤਰ ਵਿੱਚ ਉਸਨੂੰ ਆਪਣਾ ਡਿਪਟੀ ਨਿਯੁੱਕਤ ਕੀਤਾ। 1764 ਈ. ਵਿੱਚ ਉਸ ਦੀ ਮੌਤ ਪਿਛੋਂ ਉਸ ਦਾ ਪੋਤਰਾ ਅਮਰ ਸਿੰਘ ਉਸਦਾ ਵਾਰਿਸ ਬਣਿਆ, ਜਿਸਦੇ ਹੇਠ ਪਟਿਆਲਾ ਇੱਕ ਬਹੁਤ ਹੀ ਮਜ਼ਬੂਤ ਰਿਆਸਤ ਬਣ ਗਈ। ਉਸਦੇ ਇਲਾਕੇ ਸਤਲੁਜ ਅਤੇ ਯਮੁਨਾ ਵਿਚਕਾਰ ਪੈਂਦੇ ਸਨ।ਮਨੀਮਾਜਰਾ, ਕੋਟਕਪੂਰਾ, ਸੈਫਾਬਾਦ ਅਤੇ ਬਠਿੰਡਾ ਵੀ ਉਸਨੇ ਜਿੱਤੇ।ਉਸਨੇ ਹਾਂਸੀ, ਹਿਸਾਰ ਅਤੇ ਰੋਹਤਕ ਵੀ ਆਪਣੇ ਕਬਜ਼ੇ ਵਿੱਚ ਕਰ ਲਏ।ਅਮਰ ਸਿੰਘ ਜਿਹੜਾ ਕਿ 35 ਵਰ੍ਹਿਆ ਦੀ ਉਮਰ ਵਿਚ ਮਰ ਗਿਆ, ਦਾ ਵਾਰਿਸ ਉਸਦਾ ਲੜਕਾ ਸਾਹਿਬ ਸਿੰਘ ਬਣਿਆ।ਉਹ ਇੱਕ ਕਮਜ਼ੋਰ ਸ਼ਾਸ਼ਕ ਸੀ।ਗਜਪਤ ਸਿੰਘ ਜੀਂਦ ਰਾਜ ਦਾ ਬਾਨੀ ਸੀ।ਉਸ ਨੇ 1763 ਈ. ਵਿੱਚ ਜੀਂਦ ਅਤੇ ਸਫੀਦੋਂ ਜਿੱਤੇ।ਗਜਪਤ ਤੋਂ ਬਾਅਦ ਭਾਗ ਸਿੰਘ ਗੱਦੀ ਉੱਤੇ ਬੈਠਿਆ।

ਹਮੀਰ ਸਿੰਘ ਨਾਭਾ ਦਾ ਪਹਿਲਾਂ ਸ਼ਾਸ਼ਕ ਸੀ।ਉਸਨੇ ਹੀ ਨਾਭਾ ਸ਼ਹਿਰ ਦੀ ਸਥਾਪਨਾ ਕੀਤੀ ਸੀ।ਹਮੀਰ ਸਿੰਘ ਨੇ ਨਾਭਾ ਦੇ ਆਲੇ -ਦੁਆਲੇ ਇਕ ਛੋਟੀ ਜਿਹੀ ਰਿਆਸਤ ਆਪਣੀ ਤਾਕਤ ਨਾਲ ਬਣਾਈ।ਉਸਦੇ ਉੱਤਰ ਅਧਿਕਾਰੀ ਜਸਵੰਤ ਸਿੰਘ ਨੇ ਇਨ੍ਹਾਂ ਰਿਆਸਤਾਂ ਨੂੰ ਹੋਰ ਵਧਾਇਆ।

ਇਨ੍ਹਾਂ ਸਿੱਖ ਮਿਸਲਾਂ ਦੀਆਂ ਸਮੇਂ-ਸਮੇਂ ਤੇ ਹੱਦਾਂ ਵੀ ਅਜੋੜ ਅਤੇ ਬਦਲਵੀਆਂ ਸਨ।ਦੂਜੇ ਸ਼ਬਦਾਂ ਵਿੱਚ ਇਨ੍ਹਾਂ ਦੀਆਂ ਸੀਮਾਵਾਂ ਬਦਲ ਦੀਆਂ ਰਹੀਆਂ।ਰਾਮਗੜ੍ਹੀਆਂ ਅਤੇ ਘਨਈਆਂ ਮਿਸਲਾਂ ਦੇ ਇਲਾਕੇ ਅਪਰ ਬਾਰੀ ਦੁਆਬ ਅਤੇ ਅਪਰ ਜਲੰਧਰ ਦੁਆਬ ਵਿੱਚ ਆਪਸ ਵਿੱਚ ਰਲਗੱਡ ਸਨ।ਇਹੀ ਕਾਰਨ ਸੀ ਕਿ ਕਈ ਇਲਾਕਿਆਂ ਦੇ ਕਰਾਂ ਦੀ ਵਸੂਲੀ ਅਤੇ ਵੰਡ ਲਈ ਕਈ ਵਾਰ ਝਗੜੇ ਹੋਣੇ ਕੁਦਰਤੀ ਸਨ। ਕੇਵਲ ਇੱਕ ਸਰਦਾਰ ਦੀ ਹੱਦ ਅਤੇ ਉਸਦੇ ਪ੍ਰਮੁੱਖ ਸੱਤਾ ਦੇ ਕੇਂਦਰ ਬਾਰੇ ਅਨੁਮਾਨ ਨਾਲ ਹੀ ਦੱਸਿਆ ਜਾ ਸਕਦਾ ਸੀ।

## ਮੁਸਲਿਮ ਰਿਆਸਤਾਂ ਜਾਂ ਮੁਸਲਿਮ ਸਰਦਾਰ

ਉਸ ਸਮੇਂ ਲਾਹੌਰ ਦੇ ਦੱਖਣ-ਪੂਰਬ ਵਿੱਚ ਲਗਭਗ 30 ਮੀਲਾਂ ਦੀ ਦੂਰੀ ਤੇ ਕਸੂਰ ਦੀ ਰਿਆਸਤ ਸਥਿਤ ਸੀ।ਉਸ ਸਮੇਂ ਕਸੂਰ ਵਿੱਚ ਪਠਾਨ ਸ਼ਾਸ਼ਕ ਨਿਜ਼ਾਮ-ਉਦ-ਦੀਨ ਦੇ ਹੇਠ ਸੀ।ਉਹ ਪੰਜਾਬ ਵਿਖੇ ਸਿੱਖ ਮਿਸਲਾਂ ਦੀ ਤਾਕਤ ਨੂੰ ਵਧਦਾ ਦੇਖ ਕੇ ਨਾ ਤਾਂ ਖੁਸ਼ ਸੀ ਅਤੇ ਨਾ ਹੀ ਸਹਿਣ ਕਰ ਸਕਦਾ ਸੀ।ਅਹਿਮਦਸ਼ਾਹ ਅਬਦਾਲੀ ਅਤੇ ਉਸਦੇ ਵਾਰਿਸਾਂ ਦੇ ਹਰੇਕ ਹਮਲੇ ਦੌਰਾਨ ਕਸੂਰ ਦੇ ਪਠਾਨ ਪਰਿਵਾਰ ਨੇ ਗੁਆਂਢੀਆਂ ਨੂੰ ਲੁੱਟਣ ਲਈ ਹਮਲਾਵਰ ਦਾ ਸਾਥ ਦਿੱਤਾ।ਜਦੋਂ ਅਹਿਮਸ਼ਾਹ ਅਬਦਾਲੀ ਦੇ ਪੋਤਰੇ ਸ਼ਾਹ ਜਮਾਨ ਨੇ ਪੰਜਾਬ ਵਿਖੇ ਆਪਣਾ ਰਾਜ ਸਥਾਪਿਤ ਕਰਨ ਦਾ ਯਤਨ ਕੀਤਾ ਤਾਂ ਨਿਜ਼ਾਮ-ਉਦ-ਦੀਨ ਸਭ ਤੋਂ ਪਹਿਲਾਂ ਵਿਅਕਤੀ ਸੀ ਜਿਸਨੇ ਉਸਨੂੰ ਮਦਦ ਦੀ ਪੇਸ਼ਕਸ ਕੀਤੀ।ਸ਼ਾਹ ਜਮਾਨ ਦੇ ਲਾਹੌਰ ਛੱਡਣ ਤੋਂ ਬਾਅਦ ਨਿਜ਼ਾਮ-ਉਦ-ਦੀਨ ਨੇ ਲਾਹੌਰ ਜਿੱਤਣ ਦੀ ਯੋਜਨਾ ਬਣਾਈ।ਉਸਨੇ ਆਪਣੇ ਸਿਪਾਹੀਆਂ ਨੂੰ ਸਥਿਤੀ ਦਾ ਜਾਇਜ਼ਾ ਲੈਣ ਲਈ ਲਾਹੌਰ ਭੇਜਿਆ ਅਤੇ ਮੁਸਲਮਾਨਾਂ ਨੂੰ ਉਥੇ ਮਿਲਣ ਲਈ ਕਿਹਾ ਪਰ ਉਹ ਆਪਣੀਆਂ ਯੋਜਨਾਵਾਂ ਵਿੱਚ ਸਫਲ ਨਾ ਹੋ ਸਕਿਆ।

## ਮੁਲਤਾਨ ਰਾਜ

ਇਹ ਸਦੋਜ਼ਾਈ ਕਬੀਲੇ ਦੇ ਸਰਦਾਰ ਮੁਜ਼ੱਫਰ ਖਾਨ ਹੇਠ ਸੀ।ਮੁਲਤਾਨ ਦਾ ਕੁਝ ਭਾਗ 1752 ਈ. ਵਿੱਚ ਅਬਦਾਲੀ ਨੇ ਜਿੱਤ ਲਿਆ ਸੀ ਅਤੇ ਫਿਰ 1771 ਈ. ਵਿੱਚ ਹਰੀ ਸਿੰਘ ਭੰਗੀ ਨੇ ਜਿੱਤਿਆ ਪਰ ਅਬਦਾਲੀ ਦੇ ਲੜਕੇ ਤੈਮੂਰ ਸ਼ਾਹ ਨੇ 1779 ਵਿਚ ਮੁਲਤਾਨ ਤੋਂ ਭੰਗੀਆਂ ਨੂੰ ਕੱਢ ਦਿੱਤਾ ਅਤੇ ਸੁਜਾਹ ਖਾਨ ਇਥੇ ਦਾ ਗਵਰਨਰ ਨਿਯੁਕਤ ਕੀਤਾ ਗਿਆ।ਉਹ ਬਾਅਦ ਵਿੱਚ ਅਫ਼ਗਾਨਿਸਤਾਨ ਤੋਂ ਸੁਤੰਤਰ ਹੋ ਗਿਆ।ਸੁਜਾਹ ਖਾਨ ਦਾ ਵਾਰਿਸ਼ ਉਸਦਾ ਪੁੱਤਰ ਮੁਜ਼ੱਫਰ ਖਾਨ ਬਣਿਆ।ਮੁਜ਼ੱਫਰ ਖਾਨ ਰਣਜੀਤ ਸਿੰਘ ਦਾ ਸਮਕਾਲੀ ਸੀ।

## ਕੁਝ ਹੋਰ ਮੁਸਲਿਮ ਇਲਾਕੇ

ਡੇਰਾ ਗਾਜੀ ਖਾਨ ਅਤੇ ਬਹਾਵਲਪੁਰ, ਬਹਾਬਲ ਖਾਨ ਦੇ ਹੇਠ ਸਨ।ਪੇਸ਼ਾਵਰ ਫਤਿਹ ਖਾਨ ਬਰਕਜਾਈ ਦੇ ਹੇਠ ਸੀ।ਉਹ ਅਫਗਾਨਿਸਤਾਨ ਦੇ ਸ਼ਾਸਕ ਸ਼ਾਹ ਮਹਿਮੂਦ ਦਾ ਵਜ਼ੀਰ ਸੀ।ਇਸ ਤਰ੍ਹਾਂ ਕੁਝ ਹੋਰ ਵੱਡੀਆਂ ਸੁੰਤਤਰ ਰਿਆਸਤਾਂ ਸਨ।ਜਿਵੇਂ ਪਾਕ ਪਟੱਨ, ਖੁਸ਼ਹਾਲ, ਬੰਨੂ ਕੋਹਾਟ, ਡੇਰਾ ਇਸਮਾਇਲ ਖਾਨ ਅਤੇ ਚਿਨਿਓਟ ਵੀ ਮੁਸਲਮਾਨਾਂ ਦੇ ਹੱਥਾਂ ਵਿੱਚ ਸਨ।ਕਸ਼ਮੀਰ ਅਤਾ ਮੁਹੰਮਦ ਖਾਨ ਹੇਠ ਸੀ।ਅਟਕ ਉਸਦੇ ਭਰਾ ਜਹਾਂਦਾਦ ਖਾਨ ਦੇ ਹੇਠ ਸੀ।ਇਹ ਸਭ ਮੁਸਲਿਮ ਸਰਦਾਰ ਸਿੱਖਾਂ ਦੀ ਵਧਦੀ ਹੋਈ ਤਾਕਤ ਦੇ ਖਿਲਾਫ਼ ਸਨ ਅਤੇ ਉਨ੍ਹਾਂ ਨੇ ਇਸ ਨੂੰ ਹਮੇਸ਼ਾ ਆਪਣੀ ਤਾਕਤ ਲਈ ਵੰਗਾਰ ਸਮਝਿਆ।

## ਵਿਦੇਸ਼ੀ-ਜਾਰਜ ਥਾਮਸ

ਜਾਰਜ ਥਾਮਸ ਇੱਕ ਅੰਗਰੇਜ਼ ਸੀ।ਉਸ ਨੇ ਭਾਰਤੀ ਸਰਦਾਰਾਂ ਕੋਲ ਨੌਕਰੀ ਕੀਤੀ ਸੀ ਅਤੇ ਕੁਝ ਦੇਰ ਤੋਂ ਬਾਅਦ ਉਸਨੇ ਆਪਣੇ ਲਈ ਘੋੜਸਵਾਰਾਂ ਦੀ ਇੱਕ ਫੌਜ ਬਣਾ ਲਈ।ਨਾਲ ਹੀ ਉਸਨੇ ਇੱਕ ਛੋਟੀ ਜਿਹੀ ਰਿਆਸਤ ਕਾਇਮ ਕਰ ਲਈ।ਹਾਂਸੀ ਉਸਦਾ ਸਦਰ ਮੁਕਾਮ ਸੀ।ਉਥੇ ਹੀ ਉਸਨੇ ਆਪਣੇ ਨਾਮ ਦਾ ਇਕ ਕਿਲਾ ਵੀ ਬਣਵਾਇਆ।ਜਿਸ ਦਾ ਨਾਮ ਜਾਰਜ ਗੜ੍ਹ ਰੱਖਿਆ।ਥਾਮਸ ਨੇ ਪਟਿਆਲਾ ਅਤੇ ਜੀਂਦ ਦੇ ਰਾਜਿਆਂ ਦੇ ਇਲਾਕਿਆਂ ਉੱਤੇ ਹਮਲਾ ਵੀ ਕੀਤੇ।ਉਸਨੇ ਪੰਜਾਬ ਦੀ ਪ੍ਰਚਲਿਤ ਸਿਥਿਤੀ ਅਤੇ ਮਿਸਲਾਂ ਦੇ ਆਪਸੀ ਸੰਬੰਧਾਂ ਬਾਰੇ ਜਾਣਕਾਰੀ ਹਾਸਿਲ ਕਰ ਲਈ ਸੀ। 1780 ਈ. ਵਿੱਚ ਥਾਮਸ 5000 ਸਿਪਾਹੀਆਂ ਅਤੇ 60 ਤੋਪਾਂ ਲੈ ਕੇ ਸਤਲੁਜ ਤੱਕ ਪਹੁੰਚ ਗਿਆ।ਥਾਮਸ ਨੇ ਈਸਟ ਇੰਡੀਆ ਕੰਪਨੀ ਦੇ ਗਵਰਨਰ ਜਨਰਲ ਨੂੰ ਲਿਖਿਆ ਕਿ ਉਸਦੀ ਦਰਿਆ ਸਿੰਧ ਦੇ ਕਿਨਾਰਿਆਂ ਉਤੇ ਅੰਗਰੇਜ਼ੀ ਝੰਡਾ ਲਹਿਰਾਉਣ ਦੀ ਯੋਜਨਾ ਹੈ। ਨਾਲ ਹੀ ਉਸਨੇ ਇਹ ਵੀ ਕਿਹਾ ਕਿ ਕਿਉਂ ਨਾ ਅੰਗਰੇਜ਼ੀ ਸਰਕਾਰ ਉਸ ਨਾਲ ਮਿਲ ਕੇ ਇਸ ਕੰਮ ਨੂੰ ਸਿਰੇ ਲਾਉਣ।

## ਪਹਾੜੀ ਰਾਜੇ

ਸ਼ਿਵਾਲਿਕ ਦੀਆਂ ਪਹਾੜੀਆਂ ਵਿੱਚ ਕਈ ਛੋਟੇ-ਛੋਟੇ ਪਹਾੜੀ ਰਾਜ ਸਨ, ਜਿਵੇਂ ਮੰਡੀ, ਸੁਕੇਤ, ਕੁਲੂ, ਚੰਬਾ, ਨੂਰਪੁਰ, ਕਾਂਗੜਾ ਅਤੇ ਜੰਮੂ ਦੇ ਰਾਜੇ ਆਦਿ।ਸੰਸਾਰ ਚੰਦ ਕਟੋਚ, ਕਾਂਗੜਾ ਦਾ ਰਾਜਾ ਸੀ ਅਤੇ ਉਹ ਇੱਕ ਬਹੁਤ ਹੀ ਅਭਿਲਾਸ਼ੀ ਵਿਅਕਤੀ ਸੀ।ਉਹ ਆਪਣੇ ਰਾਜ ਦੀਆਂ ਸੀਮਾਵਾਂ ਪਹਾੜੀ ਇਲਾਕਿਆਂ ਤੋਂ ਲੈ ਕੇ ਪੰਜਾਬ ਦੇ ਮੈਦਾਨਾ ਤੱਕ ਵਧਾਉਣੀਆਂ ਚਾਹੁੰਦਾ ਸੀ।ਸੰਸਾਰ ਚੰਦ ਨੇ ਨਾਲ ਲਗਦੇ ਕੁਝ ਸਿੱਖ ਸਰਦਾਰਾਂ ਦੇ ਇਲਾਕਿਆਂ ਉੱਤੇ ਕਬਜ਼ਾ ਕਰ ਲਿਆ ਕਿਉਂਕਿ ਉਹ ਪੰਜਾਬ ਅਤੇ ਸਤਲੁਜ ਪਾਰ ਦੇ ਇਲਾਕਿਆ ਵੱਲ ਵਧਣਾ ਚਾਹੁੰਦਾ ਸੀ।ਇਹੀ ਕਾਰਣ ਸੀ ਕਿ ਕਟੋਚ ਨੂੰ ਪੰਜਾਬ ਲਈ ਇੱਕ ਵੱਡਾ ਖਤਰਾ ਸਮਝਿਆ ਗਿਆ।ਦੂਜੇ ਪਹਾੜੀ ਰਾਜਾ ਵੀ ਉਸਦੀ ਯੋਜਨਾ ਵਿੱਚ ਮਦਦ ਕਰ ਸਕਦੇ ਸੀ।ਇਹ ਅਸੀਂ ਜਾਣਦੇ ਹਾਂ ਕਿ ਪਹਾੜੀ ਰਾਜੇ ਗੁਰੂ ਗੋਬਿੰਦ ਸਿੰਘ ਦੇ ਜੀਵਨ ਕਾਲ ਵਿੱਚ ਸਿੱਖਾਂ ਦੇ ਵਿਰੁੱਧ ਲੰਬੇ ਸਮੇਂ ਲਈ ਲੜਦੇ ਰਹੇ ਸਨ।

## ਗੋਰਖੇ

ਚੀਨ ਤੋਂ ਹਾਰ ਖਾਣ ਮਗਰੋਂ ਨੇਪਾਲ ਦੇ ਗੌਰਖਿਆਂ ਨੇ 1794 ਈ. ਵਿੱਚ ਗੜਵਾਲ ਅਤੇ ਕਮਾਊ ਉੱਤੇ ਕਬਜ਼ਾ ਕਰ ਲਿਆ।ਉਨ੍ਹਾਂ ਨੇ ਕਸ਼ਮੀਰ ਦੀਆਂ ਹੱਦਾਂ ਤੱਕ ਆਪਣੀ ਸਲਤਨਤ ਵਧਾ ਲਈ ਅਤੇ ਸ਼ਿਮਲਾ ਦੀਆਂ ਪਹਾੜੀ ਰਿਆਸਤਾਂ ਨੂੰ ਜਿੱਤਣ ਦੀਆਂ ਯੋਜਨਾਵਾਂ ਬਣਾਈਆਂ।ਅਮਰ ਸਿੰਘ ਥਾਪਾ ਦੀ ਅਗਵਾਈ ਹੇਠ ਗੌਰਖੇ ਪੰਜਾਬ ਨੂੰ ਜਿੱਤਣ ਲਈ ਗੰਭੀਰਤਾ ਨਾਲ ਸੋਚ ਰਹੇ ਸਨ।ਇਸ ਤਰ੍ਹਾਂ ਉਸ ਸਮੇ ਪੰਜਾਬ ਨੂੰ ਗੌਰਖਿਆਂ ਵਲੋਂ ਵੀ ਇੱਕ ਡਰ ਬਣਿਆ ਹੋਇਆ ਸੀ।

## ਅੰਗਰੇਜ਼

18ਵੀਂ ਸਦੀ ਦੀ ਚੌਥੀ ਤਿਮਾਹੀ ਦੇ ਸ਼ੁਰੂ ਦੇ ਵਰ੍ਹਿਆਂ ਵਿੱਚ ਬ੍ਰਿਟਿਸ਼ ਪੰਜਾਬ ਤੋਂ ਕੁਝ ਦੂਰ ਹੀ ਸਨ।ਇਹੀ ਕਾਰਨ ਸੀ ਕਿ ਉਹ ਹੋਰਾਂ ਨਾਲੋਂ ਘੱਟ ਖਤਰਨਾਕ ਸਨ।ਈਸਟ ਇੰਡੀਆ ਕੰਪਨੀ ਦੇ ਗਵਰਨਰ ਵਾਰਨ ਹੇਸਟਿੰਗਜ਼ (1774–85 ਈ.), ਜਿਹੜਾ ਕਲਕੱਤੇ ਵਿਖੇ ਸੀ, ਨੇ ਆਪਣੇ ਘਰ ਲਿਖਿਆ ਸੀ ਕਿ ਪੰਜਾਬ ਛੋਟੀਆਂ-ਛੋਟੀਆਂ ਰਿਆਸਤਾਂ ਵਿੱਚ ਵੰਡਿਆ ਹੋਇਆ ਹੈ।ਇਹ ਜਲਦੀ ਹੀ ਕਿਸੇ ਅਭਿਲਾਸ਼ੀ ਰਾਜੇ ਦਾ ਸ਼ਿਕਾਰ ਹੋ ਜਾਣਗੀਆਂ ਅਤੇ ਉਹ ਰਾਜਾ ਅੰਤ ਵਿੱਚ ਉਥੇ ਆਪਣੀ ਸੱਤਾ ਕਾਇਮ ਕਰ ਲਵੇਗਾ।ਇਸ ਤੋਂ ਸਾਫ਼ ਪਤਾ ਲਗਦਾ ਹੈ ਕਿ ਅੰਗਰੇਜ਼ ਪੂਰੇ ਦੇਸ਼ ਦੀ ਰਾਜਨੀਤਿਕ ਹਾਲਤ ਦਾ ਕਿਸ ਤਰ੍ਹਾਂ ਧਿਆਨ ਰੱਖਦੇ ਸਨ, ਨਾਲ ਇਹ ਵੀ ਪਤਾ ਚਲਦਾ ਹੈ ਕਿ ਅਸਲ ਵਿੱਚ ਉਹ ਇਸ ਖੇਤਰ ਨੂੰ ਆਪਣੇ ਹੇਠ ਕਰਨਾ ਚਾਹੁੰਦੇ ਸਨ।

ਵਾਰਨ ਹੇਸਟਿੰਗਜ ਤੋਂ ਬਾਅਦ ਲਾਰਡ ਵੈਲਜਲੀ, ਈਸਟ ਇੰਡੀਆ ਕੰਪਨੀ ਦਾ ਗਵਰਨਰ ਜਨਰਲ ਹੋਇਆ।ਉਹ ਬ੍ਰਿਟਿਸ਼ ਸਰਕਾਰ ਨੂੰ ਭਾਰਤ ਵਿਖੇ ਸਰਵਉੱਤਮ ਸੱਤਾ ਬਣਾਉਣਾ ਚਾਹੁੰਦਾ ਸੀ।ਉਸਨੇ ਆਪਣੇ ਪੂਰਬ ਅਧਿਕਾਰੀ ਸਰ ਜੌਨ ਸੌਰ (1793–98 ਈ.) ਵਲੋਂ ਅਪਣਾਈ ਨਾ ਦਖਲ ਦੇਣ (Non-Intervention) ਦੀ ਨੀਤੀ ਨੂੰ ਤਿਆਗ ਦਿੱਤਾ।ਜੰਗ ਦੇ ਕਈ ਖੇਤਰਾਂ ਵਿੱਚ ਮਰਹੱਠਿਆਂ ਨੂੰ ਹਰਾ ਕੇ ਉਹ ਆਪਣੇ ਪ੍ਰਭਾਵ ਦਾ ਦਾਇਰਾ ਉੱਤਰੀ ਭਾਰਤ 'ਚ ਵਧਾਉਣਾ ਚਾਹੁੰਦਾ ਸੀ।ਉਹ ਪੰਜਾਬ ਦੇ, ਜਿਥੇ ਤੱਕ ਹੋ ਸਕਦਾ ਸੀ, ਨੇੜੇ ਆਉਣਾ ਚਾਹੁੰਦਾ ਸੀ। ਭਾਵੇਂ ਉਭਰ ਰਹੀ ਸਿੱਖ ਤਾਕਤ ਅਤੇ ਸਿੱਖਾਂ ਨੂੰ ਅੰਗਰੇਜ਼ਾਂ ਤੋਂ ਨੇੜੇ ਭਵਿੱਖ ਵਿੱਚ ਕੋਈ ਖਤਰਾ ਨਹੀਂ ਸੀ।ਪਰ ਸਿੱਖ ਅੰਗਰੇਜ਼ਾਂ ਦੀਆਂ ਦੂਰ ਦਰਸ਼ੀ ਇੱਛਾਵਾਂ ਤੋਂ ਚੰਗੀ ਤਰ੍ਹਾਂ ਜਾਣੂ ਸਨ।ਅੰਗਰੇਜ਼ਾਂ ਦੀ ਮਜ਼ਬੂਤ ਅਤੇ ਪ੍ਰਭਾਵਸ਼ਾਲੀ ਦਖ਼ਲਅੰਦਾਜ਼ੀ ਨੇ 1809 ਈ. ਵਿੱਚ ਸਤਲੁਜ ਉਗਰ ਰਿਆਸਤਾਂ ਦੇ ਮਾਮਲਿਆਂ ਵਿੱਚ ਮਹਾਰਾਜਾ ਰਣਜੀਤ ਸਿੰਘ ਨੂੰ ਆਪਣੇ ਅਧਿਕਾਰ ਛੱਡਣ ਲਈ ਕਹਿਣਾ ਅੰਗਰੇਜ਼ਾਂ ਦੀ ਆਪਣੀਆਂ ਸੀਮਾਂ ਵਧਾਉਣ ਦੀ ਚਾਲ ਦਾ ਇੱਕ ਸਬੂਤ ਸੀ।

## ਮਰਹੱਠੇ

1761 ਈ. ਦੇ ਸ਼ੁਰੂ ਵਿੱਚ ਹੀ ਪਾਨੀਪਤ ਦੇ ਇਤਿਹਾਸਿਕ ਮੈਦਾਨ ਵਿੱਚ ਅਹਿਮਦ ਸ਼ਾਹ ਅਬਦਾਲੀ ਅਤੇ ਮਰਹੱਠਿਆ ਵਿੱਚ ਟਾਕਰਾ ਹੋਇਆ।ਮਰਹੱਠਿਆਂ ਨੇ ਅਫਗਾਨਾਂ ਦੇ ਹੱਥੋਂ ਕਰਾਰੀ ਹਾਰ ਖਾਧੀ, ਪਰ ਉਹ ਹਮੇਸ਼ਾਂ ਪੰਜਾਬ ਦੇ ਮਾਮਲਿਆਂ ਉਤੇ ਕੰਟਰੋਲ ਕਰਨ ਦੇ ਮੌਕੇ ਦੀ ਭਾਲ ਵਿੱਚ ਰਹਿੰਦੇ ਸਨ।ਦਸੰਬਰ 1788 ਈ. ਵਿਚ ਮਰਹੱਠਿਆ ਨੇ ਯਮੁਨਾ ਦਰਿਆ ਪਾਰ ਕੀਤਾ ਅਤੇ ਪਟਿਆਲਾ ਉਤੇ ਹਮਲਾ ਕਰਨ ਦੀ ਧਮਕੀ ਦਿੱਤੀ।ਇਸ ਧਮਕੀ ਨੂੰ ਟਾਲਣ ਲਈ ਪਟਿਆਲੇ ਦੇ ਰਾਜਾ ਨੇ 50,000 ਰੁਪਏ ਦੇਣੇ ਪਏ।ਦੁਬਾਰਾ ਮਰਹੱਠੇ ਅਪ੍ਰੈਲ 1789 ਈ. ਵਿੱਚ ਆਏ ਅਤੇ ਉਨ੍ਹਾਂ ਦੇ ਖਿਲਾਫ਼ ਪਟਿਆਲਾ ਦੀ ਰਾਜਕੁਮਾਰੀ ਰਜਿੰਦਰ ਕੌਰ ਬਹਾਦਰੀ ਨਾਲ ਲੜੀ।ਇਹ ਗੱਲ ਯਾਦ ਰੱਖਣ ਵਾਲੀ ਹੈ ਕਿ ਜਦੋਂ ਵੀ ਮਰਹਠਿਆਂ ਨੇ ਧਮਕੀ ਦਿੱਤੀ ਤਾਂ ਪਟਿਆਲਾ ਦੇ ਦੀਵਾਨ ਜਾਂ ਰਾਣੀ ਨੇ ਸਤਲੁਜ ਪਾਰ ਦੇ ਸਿੱਖਾਂ ਨੂੰ ਸੱਦਾ ਦਿੱਤਾ ਅਤੇ ਮਰਹੱਠਿਆਂ ਦੀ ਫੌਜ ਨੂੰ ਪਿੱਛੇ ਧੱਕ ਦਿੱਤਾ।ਸਿੱਖਾਂ ਨੇ ਆਪਣੇ ਆਪ ਨੂੰ ਮੁਗਲ ਬਾਦਸ਼ਾਹ ਤੋਂ ਸੁਤੰਤਰ ਘੋਸ਼ਿਤ ਕਰ ਦਿੱਤਾ ਅਤੇ ਉਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਦਾ ਕਰ ਦੇਣ ਅਤੇ ਉਨ੍ਹਾਂ ਨੂੰ ਤਾਕਤ ਮੰਨਣ ਤੋਂ ਇਨਕਾਰ ਕਰ ਦਿੱਤਾ।ਰਣਜੀਤ ਸਿੰਘ ਰਾਹੀਂ ਪੰਜਾਬ ਦੀ ਪੁਰਾਣੀ ਰਾਜਧਾਨੀ ਲਾਹੌਰ ਉੱਤੇ ਕਬਜ਼ਾ ਹੋਣ ਨਾਲ ਮਰਹੱਠਿਆਂ ਦੀ ਪੰਜਾਬ ਉਤੇ ਅਧਿਕਾਰ ਕਰਨ ਦੀਆਂ ਸਾਰੀਆਂ ਯੋਜਨਾਵਾਂ ਤੇ ਭਾਰੀ ਸੱਟ ਵੱਜੀ।

## ਅਫ਼ਗਾਨ

1752 ਈ. ਵਿੱਚ ਅਹਿਮਦਸ਼ਾਹ ਅਬਦਾਲੀ ਨੇ ਮੀਰ ਮੰਨੂੰ ਨੂੰ ਆਪਣੇ ਹੇਠ ਕਰਕੇ ਪੰਜਾਬ ਨੂੰ ਅਫ਼ਗਾਨਿਸਤਾਨ ਦਾ ਇਕ ਸੂਬਾ ਐਲਾਨ ਕਰ ਦਿੱਤਾ।ਅਬਦਾਲੀ ਪੰਜਾਬ ਵਿਚ ਕਈ ਵਾਰ ਆਇਆ ਅਤੇ ਹਰ ਵਾਰ ਸਿੱਖਾਂ ਨੇ ਉਸ ਦਾ ਡੱਟ ਕੇ ਮੁਕਾਬਲਾ ਕੀਤਾ।ਅਹਿਮਦ ਸ਼ਾਹ ਦੀ ਮੌਤ ਤੋਂ ਬਾਅਦ ਉਸ ਦੇ ਲੜਕੇ ਤੈਮੂਰ ਸ਼ਾਹ ਨੇ ਪੰਜਾਬ ਨੂੰ ਇੱਕ ਵਾਰ ਫੇਰ ਪ੍ਰਾਪਤ ਕਰਨ ਦਾ ਯਤਨ ਕੀਤਾ ਪਰ ਉਹ ਅਸਫ਼ਲ ਰਿਹਾ।1793 ਈ. ਵਿੱਚ ਤੈਮੂਰ ਸ਼ਾਹ ਦੀ ਮੌਤ ਹੋ ਗਈ।ਹੁਣ ਉਸ ਦਾ ਪੁੱਤਰ ਸ਼ਾਹ ਜਮਾਨ ਕਾਬਲ ਦੀ ਗੱਦੀ ਉੱਤੇ ਬੈਠਿਆ।ਉਹ ਇੱਕ ਨੌਜੁਆਨ ਪਰ ਬਹੁਤ ਹੀ ਅਭਿਲਾਸ਼ੀ ਸ਼ਾਸ਼ਕ ਸੀ।ਉਹ ਜਿਉਂ ਹੀ ਅਫ਼ਗਾਨਿਸਤਾਨ ਦਾ ਸ਼ਾਸ਼ਕ ਬਣਿਆ ਉਸਨੇ ਭਾਰਤ ਵਿਖੇ ਅਫ਼ਗਾਨ ਰਾਜ ਦੀ ਮੁੜ ਸਥਾਪਨਾ ਦੀ ਆਪਣੀ ਇੱਛਾ ਦਾ ਐਲਾਨ ਕੀਤਾ।ਕਾਬਲ ਦੀ ਗੱਦੀ ਉਤੇ ਬੈਠਣ ਸਮੇਂ ਉਸਦੀ ਉਮਰ ਕੇਵਲ 23 ਵਰ੍ਹਿਆਂ ਦੀ ਸੀ।ਉਸ ਦੇ ਖਿਲਾਫ਼ ਕਈ ਬਗਾਵਤਾਂ ਹੋਈਆਂ, ਪਰ ਉਸ ਨੇ ਸਾਰੀਆਂ ਬਗਾਵਤਾਂ ਨੂੰ ਕੁਚਲ ਦਿੱਤਾ।ਭਾਰਤੀ ਸ਼ਾਸ਼ਕ ਬਣਨ ਦੀਆਂ ਉਮੀਦਾਂ ਉਸਨੇ ਹਮੇਸ਼ਾਂ ਆਪਣੇ ਮਨ ਵਿਚ ਰੱਖੀਆਂ, ਪਰ ਉਸ ਕੋਲ ਕੋਈ ਗੁਣ ਨਹੀਂ ਸੀ, ਜਿਹੜਾ ਕਿ ਉਸ ਨੂੰ ਆਪਣੀਆਂ ਇੱਛਾਵਾਂ ਪ੍ਰਾਪਤ ਕਰਨ ਵਿੱਚ ਮਦਦ ਕਰਦਾ।

ਸ਼ਾਹ ਜਮਾਨ ਨੇ ਭਾਰਤ ਉੱਤੇ ਹਮਲਾ ਕਰਨ ਬਾਰੇ ਫ਼ੈਸਲਾ ਕੀਤਾ ਅੰਤ ਉਸਨੇ ਦਸੰਬਰ 1793 ਈ. ਵਿੱਚ ਕਾਬਲ ਛੱਡਿਆ। ਸ਼ਾਹ ਜਮਾਨ ਦੀ ਫੌਜ ਨੇ ਸਭ ਤੋਂ ਪਹਿਲਾਂ ਸਿੱਖਾਂ ਨਾਲ ਝੜਪ ਲਈ ਸੀ।ਪਰ ਛੇਤੀ ਹੀ ਉਹ ਪਿਸ਼ਾਵਰ ਨੂੰ ਪਰਤ ਗਿਆ।ਸ਼ਾਹ ਜਮਾਨ 3 ਨਵੰਬਰ 1795 ਈ. ਦੇ ਦਿਨ ਦੁਬਾਰਾ ਕਾਬਲ ਤੋਂ ਰਵਾਨਾ ਹੋਇਆ।ਪਿਸ਼ਵਾਰ ਤੋਂ ਸ਼ਾਹ ਨੇ ਅਹਿਮਾਨ ਬਖਤ ਨੂੰ ਕੁਝ ਆਦਮੀਆਂ ਅਤੇ ਧਨ ਨਾਲ ਮੁਲਤਾਨ ਰਵਾਨਾ ਕੀਤਾ।ਸਿੱਖ ਅਗੇਤੀ ਫੌਜ ਨਾਲ ਲੜੇ ਅਤੇ ਅਫ਼ਗਾਨਾਂ ਨੂੰ ਦਰਿਆ ਸਿੰਧ ਦੇ ਪਿੱਛੇ ਧੱਕ ਦਿੱਤਾ।ਇਸ ਤਰ੍ਹਾਂ ਸਿੱਖਾਂ ਨੇ ਅਫ਼ਗਾਨ ਸੈਨਾ ਦੀ ਇੱਕ ਟੁਕੜੀ ਖਿਲਾਫ਼ ਸਫ਼ਲਤਾ ਪ੍ਰਾਪਤ ਕੀਤੀ।ਕੇਵਲ ਰਣਜੀਤ ਸਿੰਘ ਹੀ ਵਿਦੇਸ਼ੀ ਹਮਲੇ ਦੀ ਸਮੱਸਿਆ ਅਤੇ ਗੰਭੀਰਤਾ ਨੂੰ ਚੰਗੀ ਤਰ੍ਹਾਂ ਸਮਝਦਾ ਸੀ।ਉਹ ਸ਼ਾਹ ਜਮਾਨ ਦੇ ਪੰਜਾਬ ਵਿਚ ਆਉਣ ਨੂੰ ਸਿੱਖਾਂ ਲਈ ਇੱਕ ਬਹੁਤ ਵੱਡਾ ਖ਼ਤਰਾ ਅਤੇ ਬੇਇੱਜਤੀ ਸਮਝਦਾ ਸੀ।ਸ਼ਾਹ ਜਮਾਨ ਨੇ ਰੋਹਤਾਸ ਦੀ ਚੌਕੀ ਉੱਤੇ ਕਬਜ਼ਾ ਕਰ ਲਿਆ।ਸ਼ਾਹ ਜਮਾਨ ਇੱਕ ਹਫਤੇ ਲਈ ਹਸਨ ਅਬਦਾਲ ਰੁਕਿਆ।ਕਾਬਲ ਵਿਚ ਬਗਾਵਤ ਦੀ ਖ਼ਬਰ ਸੁਣ ਕੇ ਸ਼ਾਹ ਜਮਾਨ ਨੂੰ ਭਾਰਤ ਦੀ ਮੁਹਿੰਮ ਵਿਚਾਲੇ ਹੀ ਛੱਡਣੀ ਪਈ।ਉਹ ਛੇਤੀ ਵਾਪਸ ਪਰਤ ਗਿਆ ਤੇ ਜਨਵਰੀ 1796 ਈ. ਵਿੱਚ ਪਿਸ਼ਾਵਰ ਪੁੱਜਿਆ।

ਸ਼ਾਹ ਜਮਾਨ ਨੇ ਇੱਕ ਵਾਰ ਫਿਰ ਦਸੰਬਰ 1796 ਈ. ਵਿਚ ਸਿੰਧ ਦਰਿਆ ਪਾਰ ਕੀਤਾ।ਉਸਨੇ ਸਭ ਤੋਂ ਪਹਿਲਾਂ ਲਾਹੌਰ ਤੇ ਧਾਵਾ ਬੋਲਿਆ।ਜਿਥੇ ਲਹਿਣਾ ਸਿੰਘ ਭੰਗੀ ਦਾ ਕਬਜ਼ਾ ਸੀ।ਉਸਦਾ ਸ਼ਾਹ ਜਮਾਨ ਨਾਲ ਕੋਈ ਵੀ ਮੁਕਾਬਲਾ ਨਹੀਂ ਸੀ।ਅਫ਼ਗਾਨ ਸੈਨਾ ਤਾਂ ਦਸੰਬਰ 1796 ਈ. ਦੇ ਦਿਨ ਲਾਹੌਰ ਵਿਖੇ ਦਾਖ਼ਿਲ ਹੋਈ।ਸ਼ਾਹ ਅਗਲੇ ਦਿਨ ਸ਼ਹਿਰ ਵਿਖੇ ਪਹੁੰਚਿਆ।ਉਹ ਛੇਤੀ ਹੀ ਉਥੋਂ ਵਾਪਸ ਚਲਾ ਗਿਆ।ਸ਼ਾਹ ਦੀ ਵਾਪਸੀ ਉੱਤੇ ਸਿੱਖ ਸਰਦਾਰਾਂ ਨੂੰ ਆਪਣੇ ਇਲਾਕੇ ਦੁਬਾਰਾ ਪ੍ਰਾਪਤ ਕਰ ਲਏ ਅਤੇ ਅਫ਼ਗਾਨ ਗਵਰਨਰ ਨੂੰ ਮਾਰ ਦਿੱਤਾ ਗਿਆ।ਸ਼ਾਹ ਜਮਾਨ ਇੱਕ ਵਾਰ ਫਿਰ ਪੰਜਾਬ ਵਿਖੇ ਆਇਆ।ਉਹ 27 ਨਵੰਬਰ 1798 ਈ. ਦੇ ਦਿਨ ਲਾਹੌਰ ਵਿਖੇ ਪਹੁੰਚਿਆ।ਇਸ ਵਾਰ ਉਸਨੇ ਆਪਣੇ ਸਿਪਾਹੀਆਂ ਨੂੰ ਲਾਹੌਰ ਸ਼ਹਿਰ ਵਿਖੇ ਦਾਖਿਲ ਹੋਣ ਦੀ ਇਜ਼ਾਜਤ ਨਹੀਂ ਦਿੱਤੀ; ਉਨ੍ਹਾਂ ਨੂੰ ਲੁੱਟ ਮਾਰ ਕਰਨ ਵਿਰੁੱਧ ਸਖ਼ਤ ਹੁਕਮ ਦਿੱਤੇ।ਲੜਾਈ ਸਿੱਖਾਂ ਵਿਰੁੱਧ ਸੀ।ਸ਼ਾਹ ਜਮਾਨ ਉਨ੍ਹਾਂ ਨੂੰ ਪੰਜਾਬ ਦੇ ਮੁਸਲਮਾਨਾਂ ਅਤੇ ਹਿੰਦੂਆਂ ਤੋਂ ਅਲੱਗ ਕਰਨਾ ਚਾਹੁੰਦਾ ਸੀ।ਕਸੂਰ ਦਾ ਸ਼ਾਸ਼ਕ ਨਿਜ਼ਾਮ-ਉਦ-ਦੀਨ ਪੰਜਾਬ ਵਿਖੇ ਅਫ਼ਗਾਨ ਸੱਤਾ ਕਾਇਮ ਹੋਈ ਵੇਖਣ ਲਈ ਉਤਸੁੱਕ ਸੀ।ਮਹਾਰਾਜਾ ਰਣਜੀਤ ਸਿੰਘ ਨੇ ਅਫ਼ਗਾਨਾਂ ਨੂੰ ਅੰਮ੍ਰਿਤਸਰ ਵੱਲ ਵਧਣ ਤੋਂ ਰੋਕਿਆ।ਉਸਨੇ ਲਾਹੌਰ ਦੇ ਆਲੇ-ਦੁਆਲੇ ਘੇਰਾ ਪਾ ਦਿੱਤਾ ਅਤੇ ਰਾਤ ਦੇ ਸਮੇਂ ਸਮਨ ਬੁਰਜ਼ ਉੱਤੇ ਚੜ੍ਹ ਗਿਆ।ਅਫ਼ਗਾਨਾਂ ਨੂੰ ਮੁਕਾਬਲਾ ਕਰਨ ਲਈ ਉੱਚੀ ਆਵਾਜ਼ ਵਿੱਚ ਕਿਹਾ, "ਓ! ਅਹਿਮਦਸ਼ਾਹ ਅਬਦਾਲੀ ਦੇ ਪੋਤਰੇ, ਹੇਠ ਆਉ ਅਤੇ ਚੜ੍ਹਤ ਸਿੰਘ ਦੇ ਪੋਤਰੇ ਦੀ ਤਲਵਾਰ ਆਪਣੀ ਤਲਵਾਰ ਨਾਲ ਟਕਰਾਓ।" ਸ਼ਾਹ ਜਮਾਨ ਦਾ ਭਰਾ ਮਹਿਮੂਦ ਅਫ਼ਗਾਨਿਸਤਾਨ ਵਿੱਚ ਗੜਬੜ ਕਰ ਰਿਹਾ ਸੀ।ਸ਼ਾਹ ਨੂੰ ਪੰਜਾਬ ਫਤਿਹ ਕਰਨ ਦੀਆਂ ਯੋਜਨਾਵਾਂ ਮਜ਼ਬੂਰ ਹੋ ਕੇ ਛੱਡਣੀਆਂ ਪਈਆਂ ਅਤੇ ਉਹ ਕਾਬੁਲ ਵਾਪਸ ਚਲਾ ਗਿਆ।ਇਸ ਤੋਂ ਥੋੜ੍ਹੀ ਦੇਰ ਬਾਅਦ ਰਣਜੀਤ ਸਿੰਘ ਪੰਜਾਬ ਦੀ ਸਥਿਤੀ ਦਾ ਮਾਲਿਕ ਬਣ ਗਿਆ ਅਤੇ ਅਫ਼ਗਾਨਾਂ ਦੀ ਪੰਜਾਬ ਨੂੰ ਧਮਕੀ ਪੱਕੇ ਤੌਰ ਤੇ ਜਾਂਦੀ ਰਹੀ।

**ਸਾਰ**

ਇਸ ਤਰ੍ਹਾਂ ਵੇਖਣ ਵਿੱਚ ਆਉਂਦਾ ਹੈ ਕਿ 18ਵੀਂ ਸਦੀ ਦੇ ਆਖਰੀ ਦਹਾਕੇ ਵਿੱਚ ਪੰਜਾਬ ਛੋਟੇ-ਛੋਟੇ ਰਾਜਿਆਂ ਅਤੇ ਮਿਸਲਾਂ ਵਿੱਚ ਵੰਡਿਆਂ ਹੋਇਆ ਸੀ।ਰਾਜਨੀਤਿਕ ਪੱਖੋਂ ਕੋਈ ਵੀ ਅਜਿਹੀ ਸ਼ਕਤੀ ਨਹੀਂ ਸੀ ਜਿਹੜੀ ਪੰਜਾਬ ਵਿਖੇ ਇੱਕ ਮਜ਼ਬੂਤ ਰਾਜ ਨੂੰ ਕਾਇਮ ਕਰਦੀ ਅਤੇ ਇਨ੍ਹਾਂ ਛੋਟੇ-ਛੋਟੇ ਰਾਜਿਆਂ ਅਤੇ ਮਿਸਲਾਂ ਨੂੰ ਜਿੱਤ ਕੇ ਇੱਕ ਸੰਗਠਿਤ ਰਾਜ ਨੂੰ ਕਾਇਮ ਕਰਦੀ। ਮਹਾਰਾਜਾ ਰਣਜੀਤ ਸਿੰਘ ਦੇ ਮਿਸਲਦਾਰ ਬਣਨ ਨਾਲ ਇੱਕ ਨਵੀਂ ਆਸ ਪੈਦਾ ਹੋਈ ਕਿਉਂਕਿ ਉਸ ਵਿੱਚ ਸ਼ੁਰੂ ਤੋਂ ਹੀ ਪੰਜਾਬ 'ਚ ਇੱਕ ਸੰਗਠਿਤ ਸ਼ਕਤੀ ਸਥਾਪਿਤ ਕਰਨ ਦੀ ਇੱਛਾ ਸੀ ਅਤੇ ਇਸ ਇੱਛਾ ਨੂੰ ਪ੍ਰਾਪਤ ਕਰਨ ਲਈ ਉਸ ਵਿੱਚ ਲੋੜੀਂਦੇ ਗੁਣ ਵੀ ਸਨ।ਸੰਖੇਪ ਵਿਚ ਕਿਹਾ ਜਾ ਸਕਦਾ ਹੈ ਕਿ ਰਣਜੀਤ ਸਿੰਘ ਦੇ ਤਾਕਤ ਵਿੱਚ ਆਉਣ ਸਮੇਂ ਪੰਜਾਬ 'ਚ ਉਹ ਸਭ ਖ਼ੂਬਸੂਰਤ ਚੀਜ਼ਾਂ ਖ਼ਤਮ ਹੋ ਗਈਆਂ ਜਿਹੜੀਆਂ ਪੰਜਾਬ ਨੂੰ ਇੱਕ ਮਜ਼ਬੂਤ ਰਾਜ ਦਰਸਾ ਸਕਦੀਆਂ ਸਨ। ਪਰ ਇਹ ਵੀ ਸੱਚ ਹੈ ਕਿ ਰਣਜੀਤ ਸਿੰਘ ਦੇ ਇਹ ਚੰਗੇ ਭਾਗ ਸਨ ਕਿ ਉਸ ਸਮੇਂ ਕੋਈ ਵੀ ਅਜਿਹਾ ਯੋਗ ਵਿਅਕਤੀ ਨਹੀਂ ਸੀ ਰਿਹਾ ਜੋ ਉਸਦੀ ਤਾਕਤ ਵਧਾਉਣ ਦੇ ਰਸਤੇ ਵਿੱਚ ਰੋੜ੍ਹਾ ਬਣ ਸਕਦਾ।ਇੱਕ ਅੰਗਰੇਜ਼ ਹੀ ਸਨ ਜਿਨ੍ਹਾਂ ਤੋਂ ਰਣਜੀਤ ਸਿੰਘ ਨੂੰ ਖ਼ਤਰਾ ਹੋ ਸਕਦਾ ਸੀ ਪਰ ਉਹ ਉਸ ਸਮੇਂ ਆਪਣੇ ਘਰ ਨੂੰ ਮਜ਼ਬੂਤ ਬਣਾਉਣ ਵਿਚ ਪੂਰੀ ਤਰ੍ਹਾਂ ਰੁਝੇ ਹੋਏ ਸਨ।ਅੰਤ ਵਿਚ ਇਹ ਕਹਿਣਾ ਉਚਿਤ ਹੋਵੇਗਾ ਕਿ ਰਾਜਨੀਤਿਕ ਪੱਖੋਂ ਪੰਜਾਬ ਪੂਰੀ ਤਰ੍ਹਾਂ ਅਸੰਗਠਿਤ ਅਤੇ ਕਮਜ਼ੋਰ ਰਾਜ ਸੀ।

## ਆਪਣੇ ਗਿਆਨ ਨੂੰ ਪਰਖੋ।

1. ਖਾਲੀ ਥਾਵਾਂ ਭਰੋ :-
   1. ਅਹਿਮਦ ਸ਼ਾਹ ਅਬਦਾਲੀ ਸਿੱਖਾਂ ਦਾ ਸਭ ਤੋਂ ਵੱਡਾ................ ਬਣ ਕੇ ਆਇਆ।
   2. ਫੈਜ਼ਲ ਪੁਰੀਆਂ ਜਾਂ ਸਿੰਘ ਪੁਰੀਆਂ ਮਿਸਲ ਦੀ ਨੀਂਹ ............... ਨੇ ਰੱਖੀ।

3. ਘਨੱਈਆਂ ਮਿਸਲ ਵਿਚ ਮੁੱਖ ਇਲਾਕੇ ............. ਜਿਲ੍ਹਿਆਂ ਦੇ ਸਨ।
4. ਕਸੂਰ ਦਾ ਸ਼ਾਸ਼ਕ ............. ਸੀ।
5. ਡੇਰਾ ਗਾਜੀ ਖਾਂ ਅਤੇ ਬਹਾਵਲਪੁਰ ..............ਦੇ ਹੇਠ ਸਨ।
6. ਤੈਮੂਰ ਸ਼ਾਹ ਦੀ ਮੌਤ .............. ਵਿੱਚ ਹੋਈ।
7. ਸ਼ਾਹ ਜਮਾਨ .................. ਦੇ ਦਿਨ ਕਾਬਲ ਤੋਂ ਰਵਾਨਾ ਹੋਇਆ।
8. ਨੇਪਾਲ ਦੇ ਗੌਰਖਿਆਂ ਨੇ........... ਈਸਵੀ ਵਿਚ ਗੜ੍ਹਵਾਲ ਅਤੇ ਕਮਾਉ ਤੇ ਕਬਜ਼ਾ ਕਰ ਲਿਆ।
9. ਅਹਿਮਦ ਸ਼ਾਹ ਨੇ .............ਈ. ਵਿਚ ਪੰਜਾਬ ਨੂੰ ਅਫ਼ਗਾਨਿਸਤਾਨ ਦਾ ਇੱਕ ਸੂਬਾ ਘੋਸ਼ਿਤ ਕਰ ਦਿੱਤਾ।
10. ਕਾਂਗੜਾ ................ ਦੇ ਹੇਠ ਸੀ।

**ਉੱਤਰ :**

(1) ਦੁਸ਼ਮਣ (2) ਨਵਾਬ ਕਪੂਰ ਸਿੰਘ (3) ਅੰਮ੍ਰਿਤਸਰ ਅਤੇ ਗੁਰਦਾਸਪੁਰ, (4) ਨਿਜ਼ਾਮ-ਉਦ-ਦੀਨ (5) ਬਹਾਬਲਖਾਨ (6) 1793 ਈ. (7) 3 ਨਵੰਬਰ 1795 (8) 1794 (9) 1752 (10)ਸੰਸਾਰ ਚੰਦ ਕਟੋਚ

## ਆਪਣੀ ਪੁਜ਼ੀਸ਼ਨ ਵੇਖੋ

| | | |
|---|---|---|
| ਬਹੁਤ ਚੰਗਾ | – | 6 ਤੋਂ ਵੱਧ ਠੀਕ ਉੱਤਰ |
| ਚੰਗਾ | – | 5 ਅਤੇ 6 ਠੀਕ ਉੱਤਰ |
| ਸੰਤੋਖ ਜਨਕ | – | 4 ਠੀਕ ਉੱਤਰ |
| ਅਸੰਤੋਖ ਜਨਕ | – | 4 ਤੋਂ ਘੱਟ ਠੀਕ ਉੱਤਰ |

**ਹੇਠ ਦਿੱਤੇ ਹਰ ਪ੍ਰਸ਼ਨ ਦਾ 25 ਤੋਂ 30 ਸ਼ਬਦਾਂ ਵਿੱਚ ਉੱਤਰ ਲਿਖੋ :-**

1. ਜੱਸਾ ਸਿੰਘ ਅਹਲੂਵਾਲੀਆ ਕੌਣ ਸੀ ?
2. ਸ਼ੁੱਕਰਚੱਕੀਆਂ ਮਿਸਲ ਦੀ ਨੀਂਹ ਕਿਸ ਨੇ ਰੱਖੀ ਸੀ ?
3. ਜੱਸਾ ਸਿੰਘ ਰਾਮਗੜੀਆ ਬਾਰੇ ਤੁਸੀਂ ਕੀ ਜਾਣਦੇ ਹੋ ?
4. ਚੌਧਰੀ ਫੂਲ ਬਾਰੇ ਦੱਸੋ ?
5. ਹਮੀਰ ਸਿੰਘ ਕੌਣ ਸੀ ?
6. ਮੁਜੱਫਰ ਖਾਨ ਬਾਰੇ ਲਿਖੋ ?
7. ਜਾਰਜ ਥਾਮਸ ਕੌਣ ਸੀ ?
8. ਮੁਖ ਪਹਾੜੀ ਰਿਆਸਤਾਂ ਦਾ ਵਰਣਨ ਕਰੋ ?
9. ਅਹਿਮਦ ਸ਼ਾਹ ਅਬਦਾਲੀ ਵਾਰ-ਵਾਰ ਭਾਰਤ ਕਿਉਂ ਆਇਆ ?
10. ਸ਼ਾਹ ਜਮਾਨ ਬਾਰੇ ਤੁਸੀਂ ਕੀ ਜਾਣਦੇ ਹੋ ?

**4. ਹੇਠ ਦਿੱਤੇ ਪ੍ਰਸ਼ਨਾਂ ਵਿੱਚੋਂ ਕਿਸੇ ਇੱਕ ਪ੍ਰਸ਼ਨ ਦਾ ਉੱਤਰ 1000 ਸ਼ਬਦਾਂ ਵਿੱਚ ਲਿਖੋ ?**

1. ਮਹਾਰਾਜਾ ਰਣਜੀਤ ਸਿੰਘ ਦੀ ਤਾਕਤ ਵਿੱਚ ਆਉਣ ਸਮੇਂ ਪੰਜਾਬ ਦੀ ਰਾਜਨੀਤਿਕ ਹਾਲਤ ਕਿਹੋ ਜਿਹੀ ਸੀ।ਇਸ ਦਾ ਵਰਣਨ ਕਰੋ ?
2. ਅਫ਼ਗਾਨਾਂ ਅਤੇ ਮਰਾਠਿਆਂ ਦੀ ਰਣਜੀਤ ਸਿੰਘ ਦੇ ਉਭਾਰ ਸਮੇਂ ਪੰਜਾਬ ਵਿੱਚ ਕਿਹੋ ਜਿਹੀ ਸਥਿਤੀ ਸੀ ।

ਪਾਠ ਨੰਬਰ : 1.2

# ਰਣਜੀਤ ਸਿੰਘ ਦਾ ਮੁੱਢਲਾ ਜੀਵਨ, ਮੁੱਢਲੀਆਂ ਜਿੱਤਾਂ ਅਤੇ ਮਿਸਲਾਂ ਨਾਲ ਸੰਬੰਧ
# (Early Life and Conquests of Ranjit Singh)

**ਉਦੇਸ਼ :-**

ਇਸ ਪਾਠ ਵਿੱਚ ਅਸੀਂ ਰਣਜੀਤ ਸਿੰਘ ਦੇ ਮੁੱਢਲੇ ਜੀਵਨ ਅਤੇ ਉਸਦੀਆਂ ਮੁੱਢਲੀਆਂ ਜਿੱਤਾਂ ਬਾਰੇ ਅਧਿਐਨ ਕਰਾਂਗੇ।ਇਹ ਜਾਣਕਾਰੀ ਜ਼ਿਆਦਾਤਰ ਅੰਗਰੇਜ਼ ਇਤਿਹਾਸਕਾਰਾਂ ਰਾਹੀਂ ਦਿੱਤੇ ਵਿਚਾਰਾਂ ਉੱਤੇ ਅਧਾਰਿਤ ਹੋਵੇਗੀ।ਇਸ ਪਾਠ ਦੇ ਦੂਜੇ ਹਿੱਸੇ ਵਿੱਚ ਰਣਜੀਤ ਸਿੰਘ ਦੀਆਂ ਮੁੱਢਲੀਆਂ ਜਿੱਤਾਂ ਦਾ ਵਿਸਥਾਰ ਵਿੱਚ ਅਤੇ ਵੱਖ-ਵੱਖ ਸਿਰਲੇਖਾਂ ਹੇਠ ਵਰਣਨ ਕਰਾਂਗੇ।ਇਸ ਪਾਠ ਨੂੰ ਨਿਮਨ ਲਿਖਤ ਕ੍ਰਮ ਵਿਚ ਲਿਖਿਆ ਜਾ ਰਿਹਾ ਹੈ।


1. ਭੂਮਿਕਾ
1.1 ਰਣਜੀਤ ਸਿੰਘ ਦਾ ਮੁੱਢਲਾ ਜੀਵਨ
1.2 ਮੁੱਢਲਾ ਸ਼ਾਸਨ ਕਾਲ (1792 ਈ. ਤੋਂ 1797 ਈ.)
1.3 ਸ਼ਾਸ਼ਨ ਨੂੰ ਆਪਣੇ ਹੱਥ ਵਿਚ ਲੈਣਾ
2. ਲਾਹੌਰ ਦੀ ਜਿੱਤ (1799 ਈ.)
2.1 ਭਸੀਨ ਦੀ ਜਿੱਤ
2.2 ਭਸੀਨ ਦੀ ਲੜਾਈ ਦਾ ਮਹੱਤਵ
3. ਅਕਾਲਗੜ੍ਹ ਦੀ ਜਿੱਤ
4. ਅੰਮ੍ਰਿਤਸਰ ਦੀ ਜਿੱਤ (1805 ਈ.)
4.1 ਅੰਮ੍ਰਿਤਸਰ ਦੀ ਜਿੱਤ ਦਾ ਮਹੱਤਵ
5. ਡੱਲੇਵਾਲੀਆ ਮਿਸਲ ਦੀ ਜਿੱਤ
5.1 ਰਾਹੋ ਦੀ ਲੜਾਈ (1807 ਈ.)
6. ਕਰੋੜ ਸਿੰਘੀਆਂ ਮਿਸਲ ਦੀ ਜਿੱਤ (1810 ਈ.)
7. ਫੈਜ਼ਲਪੁਰੀਆ ਮਿਸਲ ਦੀ ਜਿੱਤ (1811 ਈ.)
8. ਰਾਮਗੜੀਆ ਮਿਸਲ ਦੇ ਇਲਾਕੇ ਜਿੱਤਣਾ (1815 ਈ.)
9. ਘਨੱਈਆਂ ਮਿਸਲ ਦੇ ਇਲਾਕੇ ਤੇ ਕਬਜ਼ਾ
10. ਰਣਜੀਤ ਸਿੰਘ ਤੇ ਫਤਿਹ ਸਿੰਘ ਆਹਲੂਵਾਲੀਆ
11. ਸਤਲੁਜ ਉਰਾਰ ਰਿਆਸਤਾਂ ਦੀ ਜਿੱਤ
11.1 ਮਾਲਵਾ ਦੀ ਪਹਿਲੀ ਮੁਹਿੰਮ (1806 ਈ.)
11.2 ਮਾਲਵਾ ਦੀ ਦੂਜੀ ਮੁਹਿੰਮ (1807 ਈ.)
11.3 ਮਾਲਵਾ ਦੇ ਸਿੰਘ ਸਰਦਾਰਾਂ ਦਾ ਇਕੱਠ
12. ਰਣਜੀਤ ਸਿੰਘ ਅਤੇ ਸਿੱਖ ਮਿਸਲਾਂ


## ਭੂਮਿਕਾ

ਰਣਜੀਤ ਸਿੰਘ ਨੇ ਆਪਣਾ ਜੀਵਨ ਇੱਕ ਸਾਧਾਰਣ ਮਿਸਲਦਾਰ ਵਾਂਗ ਸ਼ੁਰੂ ਕੀਤਾ ਸੀ, ਪਰ ਉਸਦੀਆਂ ਮੁੱਢਲੀਆਂ ਜਿੱਤਾਂ ਨੇ ਉਸਨੂੰ ਇੱਕ ਅਜਿਹੇ ਰਾਹ ਉੱਤੇ ਪਾ ਦਿੱਤਾ ਜਿਥੋਂ ਉਹ ਅੱਗੇ ਵੱਧ ਸਕਦਾ ਸੀ।ਉਸਦੇ ਮੁੱਢਲੇ ਜੀਵਨ ਨੇ ਉਸਨੂੰ ਸ਼ੁਰੂ ਤੋਂ ਹੀ ਹੋਰ ਇਲਾਕਿਆਂ ਨੂੰ ਜਿੱਤਣ, ਉਨ੍ਹਾਂ ਨੂੰ ਆਪਣੇ ਰਾਜ ਵਿੱਚ ਮਿਲਾਉਣ ਅਤੇ ਫਿਰ ਉਸਨੂੰ ਇਕ ਸੰਗਠਿਤ ਰੂਪ ਦੇਣ ਇੱਕ ਚੰਗਾ ਸ਼ਾਸ਼ਨ ਪ੍ਰਬੰਧ ਕਾਇਮ ਕਰਨ ਦੇ ਕਾਬਿਲ ਬਣਾਇਆ।ਰਣਜੀਤ ਸਿੰਘ ਦੇ ਜੀਵਨ ਦੇ ਇਸ ਭਾਗ ਵਿੱਚ ਉਸ ਦੀਆਂ ਪ੍ਰਾਪਤੀਆਂ ਨੇ ਉਸਨੂੰ ਪੌੜੀ ਦੇ ਉਪਰਲੇ ਸਿਰੇ ਤੇ ਪੁੱਜਣ ਵਿੱਚ ਸਫ਼ਲ ਬਣਾਇਆ।ਸੱਚ ਤਾਂ ਇਹ ਹੈ ਕਿ ਰਣਜੀਤ ਸਿੰਘ ਦੀਆਂ ਪ੍ਰਾਪਤੀਆਂ ਅਤੇ ਸਫ਼ਲਤਾਵਾਂ ਉਸਦੇ ਮੁੱਢਲੇ ਜੀਵਨ ਅਤੇ ਮੁੱਢਲੀਆਂ ਜਿੱਤਾਂ ਉਤੇ ਆਧਾਰਿਤ ਸਨ।

## ਮੁੱਢਲਾ ਜੀਵਨ

ਰਣਜੀਤ ਸਿੰਘ ਨਵੰਬਰ 1780 ਈ. ਵਿਚ ਗੁਜਰਾਂਵਾਲਾ ਵਿਖੇ ਪੈਦਾ ਹੋਇਆ।ਉਸਦੇ ਜਨਮ ਸਥਾਨ ਬਾਰੇ ਅੱਜ ਕਲ ਕਈ ਵਿਚਾਰ ਦਿੱਤੇ ਜਾਂਦੇ ਹਨ।ਉਸਦਾ ਪਿਤਾ ਸ਼ੁਕਰਚੱਕੀਆ ਮਿਸਲ ਦਾ ਨੇਤਾ ਸੀ ਅਤੇ ਮਹਾਂ ਸਿੰਘ ਉਸਦਾ ਨਾਮ ਸੀ। ਮਹਾਂ ਸਿੰਘ ਇੱਕ ਬਹੁਤ ਹੀ ਬਹਾਦਰ ਸਰਦਾਰ ਸੀ।ਉਸਨੇ ਗੁਜ਼ਰਾਂਵਾਲਾ ਅਤੇ ਉਸਦੇ ਆਲੇ-ਦੁਆਲੇ ਦਾ ਇਲਾਕਾ ਜਿੱਤ ਕੇ ਆਪਣੇ ਹੇਠ ਕਰ ਲਿਆ।ਇਸ ਤਰ੍ਹਾਂ ਉਸਨੇ ਆਪਣਾ ਇੱਕ ਰਾਜ ਕਾਇਮ ਕਰ ਲਿਆ ਸੀ।ਮਹਾਂ ਸਿੰਘ ਸਰਦਾਰ ਚੜ੍ਹਤ ਸਿੰਘ ਸ਼ੁੱਕਰਚੱਕੀਆਂ ਦਾ ਪੁੱਤਰ ਸੀ।.ਚੜ੍ਹਤ ਸਿੰਘ ਨੇ ਅਬਦਾਲੀ ਨੂੰ ਉਸਦੇ ਪੰਜਾਬ ਦੇ ਹਮਲੇ ਸਮੇਂ ਬਹੁਤ ਜ਼ਿਆਦਾ ਤੰਗ ਕੀਤਾ ਸੀ।ਜੀਂਦ ਦੇ ਰਾਜਾ ਭਾਗ ਸਿੰਘ ਦੀ ਭੈਣ ਰਾਜ ਕੌਰ ਰਣਜੀਤ ਸਿੰਘ ਦੀ ਮਾਤਾ ਸੀ।ਰਾਜ ਕੌਰ ਮਾਈ ਮਲਵੈਣ ਕਰਕੇ ਪ੍ਰਸਿੱਧ ਸੀ।ਰਣਜੀਤ ਸਿੰਘ ਨੂੰ ਬਚਪਨ ਵਿੱਚ ਹੀ ਚੇਚਕ ਨਿਕਲ ਆਈ ਸੀ। ਭਾਵੇਂ ਉਹ ਕੁਝ ਦੇਰ ਮਗਰੋਂ ਠੀਕ ਹੋ ਗਿਆ, ਪਰ ਉਸਦੀ ਖੱਬੀ ਅੱਖ ਹਮੇਸ਼ਾ ਲਈ ਜਾਂਦੀ ਰਹੀ।

ਰਣਜੀਤ ਸਿੰਘ ਦੀ ਸਿੱਖਿਆ ਵਲ ਕੋਈ ਖ਼ਾਸ ਧਿਆਨ ਨਹੀਂ ਦਿੱਤਾ ਗਿਆ ਸੀ।ਇੱਕ ਤਾਂ ਇਕਲੌਤਾ ਪੁੱਤਰ ਹੋਣ ਕਰਕੇ ਉਹ ਬਹੁਤ ਹੀ ਲਾਡਲਾ ਸੀ ਅਤੇ ਦੂਜਾ ਉਹ ਜਦ 12 ਵਰ੍ਹੇ ਦਾ ਸੀ।ਉਸਦੇ ਪਿਤਾ ਦਾ ਚਲਾਣਾ ਹੋ ਗਿਆ।ਉਸ ਤੋਂ ਬਾਅਦ ਉਸਦੀ ਮਾਂ ਅਤੇ ਦੀਵਾਨ ਲੱਖਪਤ ਰਾਏ ਨੇ ਉਸਦੀ ਪੜ੍ਹਾਈ ਵੱਲ ਕੋਈ ਧਿਆਨ ਨਹੀਂ ਸੀ ਦਿੱਤਾ। ਮੁਹੰਮਦ ਲਤੀਫ਼ ਅਨੁਸਾਰ ਰਣਜੀਤ ਸਿੰਘ ਆਪਣਾ ਜ਼ਿਆਦਾ ਸਮਾਂ ਸ਼ਿਕਾਰ ਜਾਂ ਕਈ ਤਰ੍ਹਾਂ ਦੇ ਐਸ਼ਾ ਵਿੱਚ ਬਿਤਾਉਂਦਾ ਸੀ।ਇਥੇ ਇਹ ਵੀ ਚੇਤੇ ਰੱਖਣ ਦੀ ਲੋੜ ਹੈ ਕਿ ਉਸ ਸਮੇਂ ਲਿਖਾਈ ਪੜ੍ਹਾਈ ਨੂੰ ਜ਼ਿਆਦਾ ਮਹੱਤਵ ਨਹੀਂ ਸੀ ਦਿੱਤਾ ਜਾਂਦਾ।ਉਸ ਸਮੇਂ ਵੱਡੇ ਲੋਕਾਂ ਦਾ ਸ਼ੌਕ ਰਣ-ਭੂਮੀ ਵਿੱਚ ਲੜਾਈਆਂ ਲੜਣ ਦਾ ਹੀ ਹੁੰਦਾ ਸੀ। ਇਹੀ ਕਾਰਨ ਸੀ ਕਿ ਰਣਜੀਤ ਸਿੰਘ ਜੰਗੀ ਸਿੱਖਿਆ ਵਿੱਚ ਬਹੁਤ ਮਾਹਿਰ ਵੀ ਸੀ ਅਤੇ ਦਸ ਵਰ੍ਹਿਆਂ ਦੀ ਉਮਰ ਤੋਂ ਹੀ ਉਹ ਆਪਣੇ ਪਿਤਾ ਨਾਲ ਮੁਹਿੰਮਾਂ ਵਿਚ ਹਿੱਸਾ ਲੈਂਦਾ ਸੀ। ਛੋਟੀ ਉਮਰ ਵਿੱਚ ਹੀ ਰਣਜੀਤ ਸਿੰਘ ਨੇ ਜੰਗੀ ਚਾਲਾਂ ਅਤੇ ਜੰਗੀ ਢੰਗ ਵਿੱਚ ਨਿਪੁੰਨਤਾ ਹਾਸਿਲ ਕਰ ਲਈ ਸੀ, ਉਸਨੇ ਖ਼ੁਦ ਇੱਕ ਵਾਰ ਕੈਪਟਨ ਵੇਡ (Wade), ਜਿਹੜਾ ਕਿ ਲੁਧਿਆਣਾ ਵਿਖੇ ਬ੍ਰਿਟਿਸ਼ ਪੁਲੀਟਿਕਲ ਏਜੰਟ, ਨੂੰ ਕਿਹਾ ਕਿ ਜੋ 20,000 ਦੇ ਕਰੀਬ ਬੰਦੂਕ ਦੀਆਂ ਗੋਲੀਆਂ ਉਸਦੇ ਪਿਤਾ ਮਹਾਂ ਸਿੰਘ ਦੀ ਮੌਤ ਤੇ ਉਸਨੂੰ ਮਿਲੀਆਂ ਸਨ, ਉਹ ਉਸ ਨੇ ਸ਼ਿਕਾਰ ਜਾਂ ਨਿਸ਼ਾਨੇਬਾਜੀ ਵਿੱਚ ਖ਼ਤਮ ਕਰ ਦਿੱਤੀਆਂ ਸਨ।

ਰਣਜੀਤ ਸਿੰਘ ਦਾ ਪਹਿਲਾਂ ਵਿਆਹ ਘਨਈਆਂ ਮਿਸਲ ਦੇ ਸਰਦਾਰ ਜੈ ਸਿੰਘ ਦੀ ਪੋਤਰੀ ਮਹਿਤਾਬ ਕੌਰ ਨਾਲ ਹੋਇਆ।ਉਹ ਸਰਦਾਰ ਗੁਰਬਖ਼ਸ਼ ਸਿੰਘ ਦੀ ਪੁੱਤਰੀ ਸੀ।ਰਣਜੀਤ ਸਿੰਘ ਦੀ ਸੱਸ ਸਦਾ ਕੌਰ ਇਕ ਬਹੁਤ ਹੀ ਸਿਆਣੀ ਔਰਤ ਸੀ।ਉਸਨੇ ਅੱਗੇ ਚਲ ਕੇ ਰਣਜੀਤ ਸਿੰਘ ਦੀ ਕਾਫ਼ੀ ਮਦਦ ਕੀਤੀ।ਜਿਸ ਦੇ ਸਿੱਟੇ ਵਜੋਂ ਉਸਨੂੰ ਆਪਣੀਆਂ ਮੁੱਢਲੀਆਂ ਸਫਲਤਾਵਾਂ ਵਿੱਚ ਸਦਾ ਕੌਰ ਦੀ ਮਦਦ ਬਹੁਤ ਜ਼ਿਆਦਾ ਲਾਹੇਵੰਦ ਸਾਬਿਤ ਹੋਈ।ਸਦਾ ਕੌਰ ਨੇ ਰਣਜੀਤ ਸਿੰਘ ਨੂੰ ਸੈਨਿਕ ਅਤੇ ਮਾਲੀ ਦੋਹਾਂ ਰੂਪਾਂ ਵਿੱਚ ਸਹਾਇਤਾ ਦਿੱਤੀ ਸੀ।ਇਸ ਤਰ੍ਹਾਂ ਸ਼ੁੱਕਰਚੱਕੀਆ ਅਤੇ ਘਨਈਆਂ ਮਿਸਲਾਂ ਇੱਕ ਹੋ ਗਈਆਂ।ਦੋਹਾਂ ਮਿਸਲਾਂ ਦੀ ਇੱਕਠੀ ਤਾਕਤ ਰਣਜੀਤ ਸਿੰਘ ਦੇ ਵਿਕਾਸ ਵਿੱਚ ਬਹੁਤ ਜ਼ਿਆਦਾ ਸਹਾਇਕ ਸਿੱਧ ਹੋਈ।

## 1792 ਈ. ਤੋਂ 1797 ਈ. ਤੱਕ ਦਾ ਸ਼ਾਸ਼ਨ ਕਾਲ :

ਜਦੋਂ 1792 ਈ. ਵਿੱਚ ਮਹਾਂ ਸਿੰਘ ਦੀ ਮੌਤ ਹੋਈ ਤਾਂ ਉਸ ਸਮੇਂ ਰਣਜੀਤ ਸਿੰਘ ਬੱਚਾ ਹੀ ਸੀ।ਇਹੀ ਕਾਰਨ ਸੀ ਕਿ ਸ਼ੁੱਕਰਚੱਕੀਆਂ ਮਿਸਲ ਦਾ ਰਾਜ ਉਸਦੀ ਮਾਤਾ ਰਾਜ ਕੌਰ ਰਾਹੀਂ ਚਲਾਇਆ ਜਾਣ ਲੱਗਾ।ਰਾਜ ਕੌਰ ਇੱਕ ਆਯੋਗ ਔਰਤ ਸੀ।ਜਿਸ ਨੇ ਆਪਣੇ ਸਾਰੇ ਅਧਿਕਾਰ ਅਤੇ ਰਾਜ ਦੇ ਕੰਮ ਆਪਣੇ ਚਹੇਤੇ ਦੀਵਾਨ ਲੱਖਪਤ ਰਾਏ ਨੂੰ ਸੌਂਪ ਦਿੱਤੇ। 1796 ਈ. ਵਿੱਚ ਰਣਜੀਤ ਸਿੰਘ ਨੇ ਮਹਿਤਾਬ ਕੌਰ ਨਾਲ ਵਿਆਹ ਕਰ ਲਿਆ ਅਤੇ ਉਸੇ ਸਮੇਂ ਤੋਂ ਹੀ ਉਸਦੀ ਸੱਸ ਸਦਾ ਕੌਰ ਨੇ ਵੀ ਰਾਜ ਦੇ ਕੰਮਾਂ ਵਿੱਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ।ਇਸ ਤਰ੍ਹਾਂ ਰਣਜੀਤ ਸਿੰਘ ਦੇ ਨਾ-ਬਾਲਗ ਰਹਿੰਦੇ ਹੋਏ ਉਸਦਾ ਰਾਜ ਦਾ ਪ੍ਰਬੰਧ ਤਿੰਨ ਆਦਮੀਆਂ ਦੇ ਹੱਥ ਵਿੱਚ ਸੀ।ਉਹ ਤਿੰਨ ਵਿਅਕਤੀ ਸਨ – ਰਾਜ ਕੌਰ, ਦੀਵਾਨ ਲੱਖਪਤ ਰਾਏ ਅਤੇ ਸਦਾ ਕੌਰ।ਇਨ੍ਹਾਂ ਤਿੰਨਾਂ ਵਿਅਕਤੀਆਂ ਦੇ ਹੱਥਾਂ ਵਿੱਚ ਰਾਜ ਦੀਆਂ ਸਾਰੀਆਂ ਤਾਕਤਾਂ ਸਨ।ਕੁਝ ਵਿਦਵਾਨਾਂ ਨੇ ਤਾਂ ਇਸ ਸਮੇਂ ਨੂੰ ਤਿੰਨ ਸ਼ਾਸ਼ਕਾਂ ਦਾ ਕਾਲ ਕਿਹਾ ਹੈ।ਅਸਲ ਵਿੱਚ ਸਦਾ ਕੌਰ ਸ਼ੁਕਰਚੱਕੀਆਂ ਮਿਸਲ ਦੇ ਇਲਾਕਿਆਂ ਨੂੰ ਆਪਣੇ ਹੇਠ ਲਿਆਉਣਾ ਚਾਹੁੰਦੀ ਸੀ।ਰਣਜੀਤ ਸਿੰਘ ਦੀ ਵਧਦੀ ਹੋਈ ਤਾਕਤ ਦੇ ਅੱਗੇ ਉਸਦੀਆਂ ਸਾਰੀਆਂ ਆਸਾਂ ਮਿੱਟੀ ਵਿਚ ਮਿਲ ਗਈਆਂ।

## ਸ਼ਾਸ਼ਨ ਨੂੰ ਆਪਣੇ ਹੱਥਾਂ ਵਿਚ ਲੈਣਾ

ਜਦੋਂ ਰਣਜੀਤ ਸਿੰਘ 17 ਵਰ੍ਹਿਆਂ ਦਾ ਹੋਇਆ ਤਾਂ ਉਸਨੇ ਆਪਣੀ ਮਾਤਾ, ਸੱਸ ਅਤੇ ਦੀਵਾਨ ਲੱਖਪਤ ਰਾਏ ਦੇ ਸ਼ਾਸ਼ਨ ਨੂੰ ਖ਼ਤਮ ਕਰਕੇ ਰਾਜ ਦੀ ਵਾਂਗ-ਡੋਰ ਆਪਣੇ ਹੱਥਾਂ ਵਿੱਚ ਲੈਣ ਦਾ ਫ਼ੈਸਲਾ ਕਰ ਲਿਆ।ਮਰੇ (Murry), ਪ੍ਰਿੰਸੇਪ (Prinsep), ਵੇਡ (Wade), ਲਤੀਫ਼ (Latif) ਆਦਿ ਕਈ ਲੇਖਕਾਂ ਨੇ ਲਿਖਿਆ ਹੈ ਕਿ ਰਣਜੀਤ ਸਿੰਘ ਆਪਣੀ ਮਾਤਾ ਅਤੇ ਦੀਵਾਨ ਦੀਆਂ ਸ਼ਾਜ਼ਿਸ਼ਾਂ ਅਤੇ ਕਾਲੀਆਂ ਕਰਤੂਤਾਂ ਤੋਂ ਤੰਗ ਆ ਚੁੱਕਾ ਸੀ, ਜਿਸਦੇ ਸਿੱਟੇ ਵਜੋਂ ਉਸਨੇ ਉਨ੍ਹਾਂ ਦੋਹਾਂ ਨੂੰ ਆਪਣੇ ਰਸਤੇ ਵਿੱਚੋਂ ਹਟਾਉਣ ਦੀ ਕੋਸ਼ਿਸ਼ ਕੀਤੀ।

ਮੇਜਰ ਸਮਿਥ ਤਾਂ ਇਥੋਂ ਤੱਕ ਲਿਖਦੇ ਹਨ ਕਿ ਰਣਜੀਤ ਸਿੰਘ ਨੇ ਆਪਣੀ ਮਾਂ ਦਾ ਖ਼ੂਨ ਆਪਣੇ ਹੀ ਹੱਥੀਂ ਕੀਤਾ ਸੀ ਅਤੇ ਅਜਿਹੀਆਂ ਤਸਵੀਰਾਂ ਜਿਨ੍ਹਾਂ ਵਿਚ ਰਣਜੀਤ ਸਿੰਘ ਆਪਣੀ ਮਾਂ ਦਾ ਖ਼ੂਨ ਕਰ ਰਿਹਾ ਸੀ, ਉਸਨੇ ਆਪਣੇ ਅੱਖੀਂ ਆਮ

ਵਿਕਦੀਆਂ ਵੇਖੀਆਂ ਸਨ।ਪਰ ਇਸ ਦੇ ਉਲਟ ਡਾ. ਸਿਨਹਾ ਨੇ ਪੂਰੀ ਤਰ੍ਹਾਂ ਨਾਲ ਇਹ ਸਿੱਧ ਕਰ ਦਿੱਤਾ ਹੈ ਕਿ ਰਣਜੀਤ ਸਿੰਘ ਨੇ ਆਪਣੀ ਮਾਂ ਨੂੰ ਨਾ ਤਾਂ ਖੁਦ ਮਾਰਿਆ ਅਤੇ ਨਾ ਹੀ ਮਰਵਾਇਆ ਸੀ।ਡਾ. ਸਿਨਹਾ ਫਿਰ ਲਿਖਦੇ ਹਨ ਕਿ ਰਣਜੀਤ ਸਿੰਘ ਦਾ ਦੀਵਾਨ ਲੱਖਪਤ ਰਾਏ ਦੀ ਮੌਤ ਵਿੱਚ ਵੀ ਹੱਥ ਨਹੀਂ ਸੀ।ਉਹ ਲਿਖਦੇ ਹਨ ਕਿ ਕਹਾਣੀ ਬਾਜ਼ਾਰੀ ਗੱਪ ਉੱਤੇ ਨਿਰਭਰ ਹੈ।ਰਣਜੀਤ ਸਿੰਘ ਨੇ ਆਪਣੇ ਪੂਰੇ ਜੀਵਨ ਵਿੱਚ ਕੋਈ ਵੀ ਜ਼ੁਲਮੀ ਕੰਮ ਨਹੀਂ ਸੀ ਕੀਤਾ ਅਤੇ ਨਾ ਹੀ ਉਹ ਖ਼ੂਨੀ ਸੀ।ਹਿਊਗਲ (Hugal) ਦਾ ਕਹਿਣਾ ਹੈ ਕਿ ਰਣਜੀਤ ਸਿੰਘ ਨੇ ਕਦੀ ਵੀ ਬਿਨਾਂ ਕਿਸੇ ਕਾਰਨ ਕਿਸੇ ਦੇ ਖ਼ੂਨ ਨਾਲ ਆਪਣੇ ਹੱਥ ਨਹੀਂ ਰੰਗੇ ਸਨ।ਕੈਪਟਨ ਬਰਨਜ਼ ਨੇ ਵੀ ਲਿਖਿਆ ਹੈ ਕਿ ਰਣਜੀਤ ਸਿੰਘ ਜਦੋਂ ਗੱਦੀ ਉੱਤੇ ਬੈਠਾ, ਉਸਨੇ ਕਿਸੇ ਮੁਜ਼ਰਿਮ ਨੂੰ ਮੌਤ ਦੀ ਸਜ਼ਾ ਨਹੀ ਸੀ ਦਿੱਤੀ।ਇਸ ਲਈ ਅਜਿਹੇ ਆਦਮੀ ਬਾਰੇ ਇਹ ਸੋਚਣਾ ਕਿ ਉਸਨੇ ਆਪਣੀ ਮਾਂ ਨੂੰ ਮਰਵਾਇਆ ਹੋਵੇਗਾ, ਸਰਾਸਰ ਗਲਤ ਹੈ।ਜਿਥੋਂ ਤੱਕ ਦੀਵਾਨ ਲੱਖਪਤ ਰਾਏ ਦੀ ਮੌਤ ਦਾ ਸੁਆਲ ਹੈ, ਡਾ. ਐਨ. ਕੇ. ਸਿਨਹਾ ਨੇ ਠੀਕ ਹੀ ਲਿਖਿਆ ਹੈ ਕਿ ਲੱਖਪਤ ਰਾਏ ਦੀ ਮੌਤ ਬਿਲਕੁਲ ਉਸ ਅਚਨਚੇਤ ਢੰਗ ਨਾਲ ਹੋਈ, ਜਿਸ ਤਰ੍ਹਾਂ ਅਕਬਰ ਦੇ ਸਮੇਂ ਬੈਰਮ ਖਾਂ ਦੀ ਮੌਤ ਹੋਈ ਸੀ।ਜਿਸ ਤਰ੍ਹਾਂ ਬੈਰਮ ਖਾਂ ਦੀ ਮੌਤ ਦੇ ਸਬੰਧ ਵਿੱਚ ਅਕਬਰ ਉੱਤੇ ਸ਼ੱਕ ਕੀਤਾ ਗਿਆ, ਠੀਕ ਉਸੇ ਤਰ੍ਹਾਂ ਹੀ ਦੀਵਾਨ ਲੱਖਪਤ ਰਾਏ ਦੀ ਮੌਤ ਤੇ ਰਣਜੀਤ ਸਿੰਘ ਉੱਤੇ ਸ਼ੱਕ ਕੀਤਾ ਗਿਆ, ਪਰ ਸੱਚ ਤਾਂ ਇਹ ਹੈ ਕਿ ਇੰਨਾਂ ਦੋਹਾਂ ਘਟਨਾਵਾਂ ਵਿੱਚ ਨਾ ਤਾਂ ਅਕਬਰ ਦਾ ਹੱਥ ਸੀ ਅਤੇ ਨਾ ਹੀ ਰਣਜੀਤ ਸਿੰਘ ਦਾ।ਇਸ ਸੰਬੰਧ ਵਿਚ ਕੋਈ ਵਿਸ਼ਵਾਸਯੋਗ ਇਤਿਹਾਸਿਕ ਪ੍ਰਮਾਣ ਨਹੀਂ ਮਿਲਦੇ।

## ਰਣਜੀਤ ਸਿੰਘ ਦੀਆਂ ਮੁੱਢਲੀਆ ਜਿੱਤਾਂ

ਉਸਦੀਆਂ ਮੁੱਢਲੀਆਂ ਜਿੱਤਾਂ ਵਿੱਚ ਲਾਹੌਰ ਦੀ ਜਿੱਤ, ਅੰਮ੍ਰਿਤਸਰ ਦੀ ਜਿੱਤ ਅਤੇ ਸਤਲੁਜ ਪਾਰ ਦੀਆਂ ਮਿਸਲਾਂ ਤੇ ਕਬਜ਼ਾ ਅਤੇ ਸਤਲੁਜ ਉਰਾਰ ਦੀਆਂ ਰਿਆਸਤਾਂ ਦੇ ਖਿਲਾਫ਼ ਮੁਹਿੰਮਾਂ ਦਾ ਵਰਣਨ ਅਸੀਂ ਇਥੇ ਵੱਖ-ਵੱਖ ਸਿਰਲੇਖਾਂ ਹੇਠ ਕਰ ਰਹੇ ਹਾਂ, ਨਾਲ ਹੀ ਰਣਜੀਤ ਸਿੰਘ ਅਤੇ ਸਿੱਖ ਮਿਸਲਾਂ ਦੇ ਆਪਸੀ ਸੰਬੰਧਾਂ ਦਾ ਆਲੋਚਨਾਤਮਕ ਅਧਿਐਨ ਵੀ ਕਰ ਰਹੇ ਹਾਂ।ਰਣਜੀਤ ਸਿੰਘ ਦੀਆਂ ਇਨ੍ਹਾਂ ਜਿੱਤਾਂ ਦੇ ਮਹੱਤਵ ਬਾਰੇ ਵਿਸ਼ੇਸ਼ ਤੌਰ ਤੇ ਅਧਿਐਨ ਕਰਾਂਗੇ ਕਿਉਂਕਿ ਇਨ੍ਹਾਂ ਜਿੱਤਾਂ ਨੂੰ ਰਣਜੀਤ ਸਿੰਘ ਨੇ ਪੌੜੀ ਬਣਾ ਕੇ ਅੱਗੇ ਚਲ ਕੇ ਕੁਝ ਮੁੱਖ ਜਿੱਤਾਂ ਹਾਸਿਲ ਕੀਤੀਆਂ ਸਨ, ਜਿਵੇਂ ਮੁਲਤਾਨ, ਕਸ਼ਮੀਰ ਅਤੇ ਪੇਸ਼ਾਵਰ ਦੀਆਂ ਜਿੱਤਾਂ।ਇਨ੍ਹਾਂ ਬਾਰੇ ਅਸੀਂ ਅਗਲੇ ਪਾਠ ਵਿੱਚ ਵਿਸਥਾਰ ਵਿਚ ਪੜ੍ਹਾਂਗੇ।

## ਲਾਹੌਰ ਦੀ ਜਿੱਤ, 1799 ਈ.

ਰਣਜੀਤ ਸਿੰਘ ਦੀਆਂ ਮੁੱਢਲੀਆਂ ਜਿੱਤਾਂ ਦੀ ਪਹਿਲੀ ਪੌੜੀ ਲਾਹੌਰ ਉਤੇ ਕਬਜ਼ਾ ਅਤੇ ਸਤਲੁਜ ਪਾਰ ਦੀਆਂ ਮਿਸਲਾਂ ਦੇ ਇਲਾਕਿਆਂ ਦੀ ਜਿੱਤ ਤੋਂ ਸ਼ੁਰੂ ਹੁੰਦੀ ਹੈ।ਉਸ ਸਮੇਂ ਲਾਹੌਰ ਸ਼ਹਿਰ ਦੀ ਹਕੂਮਤ ਭੰਗੀ ਮਿਸਲ ਦੇ ਤਿੰਨ ਸਰਦਾਰ : ਚੇਤ ਸਿੰਘ, ਮੋਹਰ ਸਿੰਘ ਅਤੇ ਸਾਹਿਬ ਸਿੰਘ ਕੋਲ ਸੀ।ਉਨ੍ਹਾਂ ਦੀ ਹਕੂਮਤ ਤੋਂ ਲਾਹੌਰ ਵਾਸੀ ਬਹੁਤ ਹੀ ਦੁੱਖੀ ਸਨ। ਉਹ ਕਿਸੇ ਨਾ ਕਿਸੇ ਤਰੀਕੇ ਭੰਗੀ ਸਰਦਾਰਾਂ ਦੀ ਹਕੂਮਤ ਤੋਂ ਛੁਟਕਾਰਾ ਪਾਉਣਾ ਚਾਹੁੰਦੇ ਸਨ।ਉਨ੍ਹਾਂ ਦੀ ਨਜ਼ਰ ਵਿੱਚ ਇਸ ਕੰਮ ਲਈ ਉਸ ਸਮੇਂ ਰਣਜੀਤ ਸਿੰਘ ਤੋਂ ਇਲਾਵਾ ਹੋਰ ਕੋਈ ਅਜਿਹਾ ਆਦਮੀ ਵਿਖਾਈ ਨਹੀਂ ਸੀ ਦਿੰਦਾ।ਇਹੀ ਕਾਰਨ ਸੀ ਕਿ ਲਾਹੌਰ ਦੇ ਮੁਸਲਮਾਨਾਂ ਅਤੇ ਹਿੰਦੂਆਂ ਦੇ ਮੋਢੀਆਂ ਨੇ ਮਿਲ ਕੇ ਰਣਜੀਤ ਸਿੰਘ ਨੂੰ ਹਮਲੇ ਲਈ ਸਾਂਝਾ ਸੱਦਾ ਦਿੱਤਾ।ਰਣਜੀਤ ਸਿੰਘ ਤਾਂ ਪਹਿਲਾਂ ਹੀ ਲਾਹੌਰ ਉੱਤੇ ਕਬਜ਼ਾ ਕਰਨ ਦੀ ਤਿਆਰੀ ਕਰ ਰਿਹਾ ਸੀ।ਉਸਨੇ ਇਸ ਮੌਕੇ ਨੂੰ ਠੀਕ ਸਮਝਿਆ ਅਤੇ ਆਪਣੀ ਸੈਨਾ ਨੂੰ ਭੇਜ ਦਿੱਤਾ ਅਤੇ ਉਸ ਨੇ ਆਪਣੀ ਸੱਸ ਸਦਾ ਕੌਰ ਨੂੰ ਵੀ ਸੈਨਿਕ ਮਦਦ ਲਈ ਕਿਹਾ।ਇਸ ਤਰ੍ਹਾਂ ਦੋਹਾਂ ਮਿਸਲਾਂ ਦੀਆਂ ਫੌਜਾਂ ਨੇ ਲਾਹੌਰ ਉੱਤੇ ਹਮਲਾ ਕਰ ਦਿੱਤਾ।ਥੋੜ੍ਹਾ ਸਮੇਂ ਵਿਰੋਧਤਾ ਤੋਂ ਬਾਅਦ 7 ਜੁਲਾਈ, 1799 ਈ. ਨੂੰ ਰਣਜੀਤ ਸਿੰਘ ਨੇ ਲਾਹੌਰ ਉੱਤੇ ਕਬਜ਼ਾ ਕਰ ਲਿਆ।ਪਰ ਕੁਝ ਇਤਿਹਾਸਕਾਰਾਂ ਦਾ ਵਿਚਾਰ ਹੈ ਕਿ ਉਸਨੇ ਸ਼ਾਹ ਜਮਾਨ ਦੀਆਂ 15 ਤੋਪਾਂ, ਜਿਹੜੀਆਂ ਉਸਦੇ ਆਖੀਰੀ ਹਮਲੇ ਦੀ ਵਾਪਸੀ ਵੇਲੇ ਜੇਹਲਮ ਨਦੀ ਵਿੱਚ ਰਹਿ ਗਈਆਂ ਸਨ, ਕਢਵਾ ਲਈਆਂ ਸਨ ਅਤੇ ਬਾਅਦ ਵਿੱਚ ਸ਼ਾਹ ਜਮਾਨ ਦੇ ਮੰਗਣ ਉੱਤੇ ਉਹ ਤੋਪਾਂ ਉਸਨੂੰ ਭੇਜ ਦਿੱਤੀਆਂ ਗਈਆਂ ਸਨ।ਸ਼ਾਹ ਜਮਾਨ ਨੇ ਖੁਸ਼ ਹੋ ਕੇ ਇਸ ਦੇ ਬਦਲੇ ਰਣਜੀਤ ਸਿੰਘ ਨੂੰ ਲਾਹੌਰ ਦਾ ਗਵਰਨਰ ਥਾਪਿਆ।ਕੁਝ ਇਤਿਹਾਸਕਾਰਾਂ ਦਾ ਕਹਿਣਾ ਹੈ ਕਿ ਜਦੋਂ ਰਣਜੀਤ ਸਿੰਘ ਨੇ ਲਾਹੌਰ ਉਤੇ ਕਬਜ਼ਾ ਕਰ ਲਿਆ ਤਾਂ ਸ਼ਾਹ ਜਮਾਨ ਨੇ ਉਸਨੂੰ ਆਪਣੀ ਤਰਫੋਂ ਉਥੇ ਦਾ ਗਵਰਨਰ ਥਾਪਿਆ।

ਇਸ ਤੋਂ ਇਲਾਵਾ ਇਹ ਵੀ ਹੋ ਸਕਦਾ ਸੀ ਕਿ ਜਦੋਂ ਰਣਜੀਤ ਸਿੰਘ ਨੇ ਸ਼ਾਹ ਜਮਾਨ ਦੀਆਂ ਤੋਪਾਂ ਮੋੜਨ ਸ਼ਾਹ ਜਮਾਨ ਤੇ ਸ਼ਰਤ ਲਾ ਦਿੱਤੀ ਹੋਵੇ ਕਿ ਸ਼ਾਹ ਜਮਾਨ ਉਸਨੂੰ ਲਾਹੌਰ ਅਤੇ ਪੰਜਾਬ ਦਾ ਹਾਕਮ ਮੰਨੇ। ਉਪਰੋਕਤ ਆਲੋਚਨਾ ਵਿਚੋਂ ਹੋਰ ਕਿਸੇ ਵਿਚਾਰ ਦੀ ਪੁਸ਼ਟੀ ਠੋਸ ਤੱਤਾਂ ਨਾਲ ਨਹੀਂ ਹੁੰਦੀ।ਇਸ ਲਈ ਅਸੀਂ ਇਸ ਸਿੱਟੇ ਉੱਤੇ ਪੁੱਜਦੇ ਹਾਂ ਕਿ ਰਣਜੀਤ ਸਿੰਘ ਨੇ ਲਾਹੌਰ ਉਤੇ ਕਬਜ਼ਾ ਆਪਣੀ ਤਾਕਤ ਅਤੇ ਉਥੇ ਦੇ ਲੋਕਾਂ ਦੀ ਮਦਦ ਨਾਲ ਕੀਤਾ, ਨਾ ਕੇ ਸ਼ਾਹ ਜਮਾਨ ਦੀ ਖਿਲਤ ਦੇ ਅਧਾਰ ਉੱਤੇ ਜਿਹੜੀ ਰਣਜੀਤ ਸਿੰਘ ਨੂੰ 1800 ਈ. ਵਿੱਚ ਪ੍ਰਾਪਤ ਹੋਈ ਸੀ।

## ਭਸੀਨ ਦੀ ਲੜਾਈ

ਗੁਲਾਬ ਸਿੰਘ ਭੰਗੀ ਦੀ ਸਰਦਾਰੀ ਹੇਠ ਰਣਜੀਤ ਸਿੰਘ ਦੇ ਖ਼ਿਲਾਫ ਇੱਕ ਸਾਂਝਾ ਮੋਰਚਾ ਤਿਆਰ ਕੀਤਾ ਗਿਆ।ਇਸ ਮੋਰਚੇ ਵਿੱਚ ਗੁਜਰਾਤ ਦਾ ਭੰਗੀ ਸਰਦਾਰ ਸਾਹਿਬ ਸਿੰਘ, ਵਜੀਰਾਬਾਦ ਦਾ ਯੋਧ ਸਿੰਘ, ਰਾਮਗੜੀਆਂ ਜੱਸਾ ਸਿੰਘ ਅਤੇ ਕਸੂਰ ਦਾ ਨਵਾਬ ਨਿਜਾਮ-ਉਦ-ਦੀਨ ਸ਼ਾਮਿਲ ਸਨ। ਇਸ ਤਰ੍ਹਾਂ ਰਣਜੀਤ ਸਿੰਘ ਲਈ ਲੜਾਈ ਤੋਂ ਬਚਣ ਲਈ ਕੋਈ ਹੋਰ ਰਾਹ

ਨਹੀਂ ਸੀ ਰਿਹਾ।ਹੁਣ ਰਣਜੀਤ ਸਿੰਘ ਨੇ ਲੜਾਈ ਲਈ ਪੂਰੀ ਤਿਆਰੀ ਕੀਤੀ।ਉਸਨੇ ਆਪਣੀ ਸੱਸ ਸਦਾ ਕੌਰ ਦੀ ਮਦਦ ਲਈ ਅੰਤ ਲਾਹੌਰ ਤੋਂ 12 ਮੀਲ ਦੂਰ ਭਸੀਨ ਵਿੱਚ ਦੋਵੇਂ ਫੌਜਾਂ ਇੱਕਠੀਆਂ ਹੋਈਆਂ, ਪਰ ਲੜਾਈ ਨਹੀਂ ਲੜੀ ਗਈ ਕਿਉਂਕਿ ਦੋਵੇਂ ਧਿਰਾਂ ਨੇ ਇੱਕ ਦੂਜੇ ਦੀ ਤਾਕਤ ਦਾ ਅਨੁਮਾਨ ਹੱਦ ਤੋਂ ਵੱਧ ਲਾਇਆ ਸੀ।ਰਣਜੀਤ ਸਿੰਘ ਦੇ ਵਿਰੋਧੀਆਂ ਦਾ ਆਪਸ ਵਿਚ ਵੀ ਮੇਲ ਨਹੀਂ ਸੀ।ਦੋ ਮਹੀਨਿਆਂ ਤੱਕ ਇਹ ਦੋਹੇ ਫੌਜਾਂ ਇੱਕ ਦੂਜੇ ਦੇ ਆਹਮਣੇ-ਸਾਹਮਣੇ ਖੜ੍ਹੀਆਂ ਰਹੀਆਂ।ਅੰਤ ਇਕ ਰਾਤ ਭੰਗੀ ਸਰਦਾਰ ਗੁਲਾਬ ਸਿੰਘ ਬਹੁਤ ਜ਼ਿਆਦਾ ਸ਼ਰਾਬ ਪੀਣ ਕਰਕੇ ਮਰ ਗਿਆ।ਵੈਰੀਆਂ ਦੇ ਹੌਂਸਲੇ ਢਹਿ ਗਏ ਅਤੇ ਉਹ ਬਿਨਾਂ ਲੜਾਈ ਕੀਤੇ ਹੀ ਵਾਪਸ ਚਲੇ ਗਏ ਇਹ ਸੀ ਭਸੀਨ ਦੀ ਲੜਾਈ।

### ਭਸੀਨ ਦੀ ਲੜਾਈ ਦਾ ਮਹੱਤਵ

ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਰਣਜੀਤ ਸਿੰਘ ਦੀਆਂ ਜਿੱਤਾਂ ਵਿਚੋਂ ਭਸੀਨ ਦੀ ਲੜਾਈ ਇਤਿਹਾਸਿਕ ਪੱਖੋਂ ਬਹੁਤ ਜ਼ਿਆਦਾ ਮਹੱਤਵ ਹੈ।ਰਣਜੀਤ ਸਿੰਘ ਦੇ ਵੱਡੇ ਵੈਰੀਆ ਦਾ ਇਸ ਲੜਾਈ ਵਿਚ ਖ਼ਾਤਮਾ ਹੋ ਗਿਆ। ਹੋ ਸਕਦਾ ਸੀ ਜੇ ਉਨ੍ਹਾਂ ਦੀ ਆਪਸੀ ਈਰਖਾ ਨਾ ਹੁੰਦੀ ਤਾਂ ਉਹ ਉਸਦੀ ਰਾਹ ਵਿੱਚ ਰੋੜਾ ਅਟਕਾਉਂਦੇ।ਡਾ. ਸਿਨਹਾ ਦਾ ਕਹਿਣਾ ਹੈ ਕਿ ਰਣਜੀਤ ਸਿੰਘ ਨੇ ਇਕ ਵੱਡੇ ਖਤਰੇ ਤੋਂ ਛੁਟਕਾਰਾ ਹਾਸਿਲ ਕੀਤਾ ਇਸ ਤੋਂ ਬਾਅਦ ਵਿਰੋਧੀ ਸਿੱਖ ਮਿਸਲਦਾਰ ਕਦੇ ਵੀ ਰਣਜੀਤ ਸਿੰਘ ਦੇ ਖਿਲਾਫ਼ ਇਕੱਠੇ ਹੋ ਕੇ ਨਹੀਂ ਸਨ ਲੜ ਸਕੇ ਅਤੇ ਨਾ ਹੀ ਉਹ ਉਸ ਨੂੰ ਹਰਾ ਸਕੇ।

### ਅਕਾਲਗੜ੍ਹ ਦੀ ਜਿੱਤ

ਰਣਜੀਤ ਸਿੰਘ ਨੇ ਵੱਡੇ ਵੱਡੇ ਸਰਦਾਰਾਂ ਨੂੰ ਅਜੇ ਛੱਡ ਰੱਖਿਆ ਸੀ।ਉਹ ਪਹਿਲਾਂ ਛੋਟੇ-ਛੋਟੇ ਮਿਸਲ ਸਰਦਾਰਾਂ ਨੂੰ ਕਾਬੂ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ।ਉਨ੍ਹਾਂ ਦਾ ਇਲਾਕਾ ਜਿੱਤਣ ਵਿੱਚ ਉਸਨੇ ਬਹੁਤ ਹੀ ਸਬਰ ਤੋਂ ਕੰਮ ਲਿਆ।ਭਸੀਨ ਦੀ ਜਿੱਤ ਮਗਰੋਂ ਜਿਹੜੇ ਮਿਸਲਦਾਰ ਉਸਦੇ ਜ਼ਬਰਦਸਤ ਸ਼ਿਕਾਰ ਬਣੇ, ਉਨ੍ਹਾਂ ਵਿਚੋਂ ਪਹਿਲਾਂ ਸੀ ਅਕਾਲਗੜ੍ਹ ਦਾ ਦਲ ਸਿੰਘ ਸੀ। ਰਣਜੀਤ ਸਿੰਘ ਨੇ ਦਲ ਸਿੰਘ ਨੂੰ ਹਰਾਇਆ ਅਤੇ ਕੈਦੀ ਬਣਾ ਲਿਆ, ਬਾਅਦ ਵਿੱਚ ਉਸਨੂੰ ਛੱਡ ਦਿੱਤਾ ਗਿਆ।ਦਲ ਸਿੰਘ ਦੀ ਮੌਤ ਤੋਂ ਬਾਅਦ ਰਣਜੀਤ ਸਿੰਘ ਨੇ ਅਕਾਲਗੜ੍ਹ ਉਤੇ ਆਪਣਾ ਕਬਜ਼ਾ ਕਰ ਲਿਆ ਅਤੇ ਦਲ ਸਿੰਘ ਦੀ ਵਿਧਵਾ ਨੂੰ ਗੁਜ਼ਾਰਾ ਕਰਨ ਲਈ ਜਾਗੀਰ ਦੇ ਦਿੱਤੀ ਗਈ।

### ਅੰਮ੍ਰਿਤਸਰ ਦੀ ਜਿੱਤ, 1805 ਈ:

ਰਣਜੀਤ ਸਿੰਘ ਦੀ ਦੂਜੀ ਮਹੱਤਵਪੂਰਨ ਅਤੇ ਪ੍ਰਸਿੱਧ ਜਿੱਤ ਅੰਮ੍ਰਿਤਸਰ ਦੀ ਜਿੱਤ ਸੀ।ਅੰਮ੍ਰਿਤਸਰ ਦੀ ਜਿੱਤ ਦੇ ਸੰਬੰਧ ਵਿੱਚ ਲੇਖਕਾਂ ਨੇ ਅਲੱਗ-ਅਲੱਗ ਮਿਤੀਆ ਦੱਸੀਆਂ ਹਨ ਜਿਵੇਂ ਲਤੀਫ਼ 1802 ਈ. ਇਸ ਜਿੱਤ ਦਾ ਸਾਲ ਦੱਸਦੇ ਹਨ, ਪਰ ਸੋਹਣ ਲਾਲ ਸੂਰੀ ਜਿਹੜਾ ਰਣਜੀਤ ਸਿੰਘ ਦਾ ਡਾਇਰੀ ਨਵੀਸ ਸੀ, ਅੰਮ੍ਰਿਤਸਰ ਦੀ ਜਿੱਤ 1805 ਈ. ਵਿੱਚ ਹੋਈ ਦੱਸਦਾ ਹੈ।ਗੁਲਾਬ ਸਿੰਘ ਤੋਂ ਬਾਅਦ ਉਸਦਾ ਨਬਾਲਗ ਪੁੱਤਰ ਗੁਰਦਿੱਤ ਸਿੰਘ ਹਾਕਮ ਬਣਿਆ ਅਤੇ ਉਸਦੀ ਮਾਂ ਮਾਈ ਸੋਖਾਂ ਉਸਦੀ ਸਰਪ੍ਰਸਤ ਬਣੀ।ਲਾਹੌਰ ਦੇ ਮਾਲਿਕ ਹੋਣ ਕਾਰਨ ਜਿਹੜਾ ਕਿ ਅੰਮ੍ਰਿਤਸਰ ਦੇ ਬਹੁਤ ਨੇੜੇ ਸੀ, ਰਣਜੀਤ ਸਿੰਘ ਦੇ ਦਿਲ ਵਿੱਚ ਅੰਮ੍ਰਿਤਸਰ ਉੱਤੇ ਕਬਜ਼ਾ ਕਰਨ ਦਾ ਵਿਚਾਰ ਪੈਦਾ ਹੋਣਾ ਕੁਦਰਤੀ ਸੀ, ਉਸਨੂੰ ਤਾਂ ਕੇਵਲ ਕਿਸੇ ਬਹਾਨੇ ਦੀ ਲੋੜ ਸੀ।ਰਣਜੀਤ ਸਿੰਘ ਨੇ ਉਸ ਤੋਂ ਪ੍ਰਸਿੱਧ ਤੋਪ ਜਮਜਮਾ ਦੀ ਮੰਗ ਕੀਤੀ, ਕਿਉਂਕਿ ਰਣਜੀਤ ਸਿੰਘ ਦਾ ਕਹਿਣਾ ਸੀ ਕਿ 1764 ਈ. ਵਿੱਚ ਅਹਿਮਦਸ਼ਾਹ ਅਬਦਾਲੀ ਨੂੰ ਹਰਾ ਕੇ ਇਹ ਤੋਪ ਉਸ ਤੋਂ ਖੋਹਣ ਵਿੱਚ ਸ਼ੁੱਕਰਚੱਕੀਆਂ ਮਿਸਲ ਦਾ ਹੱਥ ਸੀ। ਮਾਈ ਸੁੱਖਾਂ ਨੇ ਤੋਪ ਦੇਣ ਤੋਂ ਨਾਂਹ ਕਰ ਦਿੱਤੀ।ਰਣਜੀਤ ਸਿੰਘ ਨੇ ਅੰਮ੍ਰਿਤਸਰ ਉੱਤੇ ਹਮਲਾ ਕਰ ਦਿੱਤਾ।ਫਤਿਹ ਸਿੰਘ ਅਹਲੂਵਾਲੀਆ ਨਾਲ ਪੱਗ ਵਟਾ ਕੇ ਰਣਜੀਤ ਸਿੰਘ ਨੇ ਉਸ ਨਾਲ ਦੋਸਤੀ ਗੰਢ ਲਈ ਅਤੇ ਉਹ ਰਣਜੀਤ ਸਿੰਘ ਵਲੋਂ ਲੜਿਆ। ਅੰਤ ਮਾਈ ਸੁਖਾਂ ਅਤੇ ਗੁਰਦਿੱਤ ਸਿੰਘ ਨੇ ਭੱਜ ਕੇ ਜੋਧ ਸਿੰਘ ਰਾਮਗੜ੍ਹੀਆਂ ਦੀ ਹਵੇਲੀ ਵਿਚ ਪਨਾਹ ਲਈ।ਰਣਜੀਤ ਸਿੰਘ ਨੇ ਅੰਮ੍ਰਿਤਸਰ ਅਤੇ ਉਸ ਦੇ ਆਲੇ ਦੁਆਲੇ ਦਾ ਇਲਾਕਾ ਆਪਣੇ ਰਾਜ ਵਿਚ ਮਿਲਾ ਲਿਆ।ਮਾਈ ਸੁੱਖਾਂ ਅਤੇ ਉਸਦੇ ਪੁੱਤਰ ਨੂੰ ਗੁਜ਼ਾਰੇ ਲਈ ਜਾਗੀਰ ਦੇ ਦਿੱਤੀ।

### ਅੰਮ੍ਰਿਤਸਰ ਦੀ ਜਿੱਤ ਦਾ ਮਹੱਤਵ

ਰਣਜੀਤ ਸਿੰਘ ਦੀ ਇਹ ਜਿੱਤ ਵੀ ਲਾਹੌਰ ਦੀ ਜਿੱਤ ਵਾਂਗ ਖਾਸ ਮਹੱਤਵ ਰੱਖਦੀ ਹੈ।ਲਾਹੌਰ ਦੀ ਜਿੱਤ ਨੇ ਉਸਨੂੰ ਰਾਜਨੀਤਿਕ ਰਾਜਧਾਨੀ ਦਿੱਤੀ ਸੀ ਜਦਕਿ ਅੰਮ੍ਰਿਤਸਰ ਦੀ ਜਿੱਤ ਨੇ ਰਣਜੀਤ ਸਿੰਘ ਦੇ ਹੱਥ ਵਿਚ ਧਾਰਮਿਕ ਜਾਂ ਅਧਿਆਤਮਕ ਰਾਜਧਾਨੀ ਦੇ ਦਿੱਤੀ।ਲਾਹੌਰ ਅਤੇ ਅੰਮ੍ਰਿਤਸਰ ਉਤੇ ਕਬਜ਼ੇ ਦੇ ਨਾਲ ਰਣਜੀਤ ਸਿੰਘ ਦਾ ਦਰਜਾ ਹੋਰ ਸਿੱਖ ਸਰਦਾਰਾਂ ਦੇ ਬਰਾਬਰ ਨਾ ਰਿਹਾ, ਸਗੋਂ ਉਨ੍ਹਾਂ ਤੋਂ ਉੱਚਾ ਹੋ ਗਿਆ ਅਤੇ ਹੋਰ ਮਿਸਲਦਾਰ ਵੀ ਉਸਦੇ ਦਰਜੇ ਨੂੰ ਮਹਿਸੂਸ ਕਰਨ ਅਤੇ ਮੰਨਣ ਲੱਗ ਪਏ।

### ਡਲੇਵਾਲੀਆ ਮਿਸਲ ਦੀ ਜਿੱਤ

ਇਸ ਮਿਸਲ ਦਾ ਸਭ ਤੋਂ ਵੱਡਾ ਸਰਦਾਰ ਤਾਰਾ ਸਿੰਘ ਘੇਬਾ ਸੀ। ਉਹ ਬਹੁਤ ਹੀ ਸ਼ਕਤੀਸ਼ਾਲੀ ਸੀ।ਰਣਜੀਤ ਸਿੰਘ ਉਸਦੇ ਜੀਵਨ ਕਾਲ ਵਿੱਚ ਉਸਦੇ ਇਲਾਕਿਆਂ ਵੱਲ ਅੱਖ ਪੁੱਟ ਕੇ ਵੀ ਨਾ ਵੇਖ ਸਕਿਆ, ਪਰ 1807 ਈ. ਵਿੱਚ ਤਾਰਾ ਸਿੰਘ ਘੇਬਾ ਦੀ ਮੌਤ ਹੋ ਗਈ।ਇਸ ਸਮੇਂ ਰਣਜੀਤ ਸਿੰਘ ਮਾਲਵਾ ਦੀ ਮੁਹਿੰਮ ਵਿੱਚ ਰੁਝਿਆ ਹੋਇਆ ਸੀ।ਰਣਜੀਤ ਸਿੰਘ ਨੇ ਇਹ

ਖ਼ਬਰ ਸੁਣਦੇ ਹੀ ਡਲੇਵਾਲੀਆਂ ਮਿਸਲ ਦੇ ਇਲਾਕਿਆਂ ਉਤੇ ਹਮਲਾ ਕਰ ਦਿੱਤਾ।ਉਸਦੀ ਵਿਧਵਾ ਨੇ ਰਾਹੋਂ ਦੀ ਥਾਂ ਤੇ ਥੋੜ੍ਹਾ ਜਿਹਾ ਮੁਕਾਬਲਾ ਕੀਤਾ ਪਰ ਸਫ਼ਲ ਨਾ ਹੋਈ।ਰਣਜੀਤ ਸਿੰਘ ਨੇ ਇਸ ਮਿਸਲ ਦੇ ਇਲਾਕੇ ਨੂੰ ਆਪਣੇ ਰਾਜ ਵਿੱਚ ਸ਼ਾਮਿਲ ਕਰ ਲਿਆ।ਇਸ ਮਿਸਲ ਦੀ ਆਮਦਨ ਚਾਰ ਲੱਖ ਰੁਪਏ ਸਾਲਾਨਾ ਸੀ।ਜਿਹੜੀ ਰਣਜੀਤ ਸਿੰਘ ਨੂੰ ਪ੍ਰਾਪਤ ਹੋਣ ਲੱਗੀ।

### ਕਰੋੜ ਸਿੰਘੀਆਂ ਮਿਸਲ ਦੀ ਜਿੱਤ 1810 ਈ.

ਸਤਲੁਜ ਨਦੀ ਦੇ ਦੱਖਣ ਵਿਚ ਇਹ ਮਿਸਲ ਸਥਿਤ ਸੀ।. ਬਘੇਲ ਸਿੰਘ ਇਥੋਂ ਦਾ ਮਿਸਲਦਾਰ ਸੀ।ਉਸਨੇ ਕਈ ਕਾਰਨਾਮੇ ਕੀਤੇ ਸਨ।ਭਗਤ ਸਿੰਘ ਉਸਦਾ ਪੁੱਤਰ ਸੀ।ਰਣਜੀਤ ਸਿੰਘ ਨੇ ਬਿਨਾਂ ਕਾਰਨ ਹੀ ਉਸਦੇ ਇਲਾਕਿਆਂ ਉੱਤੇ ਉਸਦੀ ਮੌਤ ਤੋਂ ਬਾਅਦ ਹਮਲਾ ਕਰ ਦਿੱਤਾ।ਵਿਧਵਾ ਔਰਤਾਂ ਨੂੰ ਕੁਝ ਜਾਗੀਰਾਂ ਦੇ ਕੇ ਇਸ ਮਿਸਲ ਦੇ ਸਾਰੇ ਇਲਾਕੇ ਆਪਣੇ ਕਬਜ਼ੇ ਵਿੱਚ ਕਰ ਲਏ।

### ਫੈਜ਼ਲਪੁਰੀਆਂ ਮਿਸਲ ਦੀ ਜਿੱਤ, 1811 ਈ.

ਇਸ ਮਿਸਲ ਦੇ ਇਲਾਕੇ ਸਤਲੁਜ ਦਰਿਆ ਦੇ ਦੋਹੀਂ ਪਾਸੇ ਸਨ।ਇਸ ਮਿਸਲ ਦਾ ਵੱਡਾ ਨੇਤਾ ਬੁੱਧ ਸਿੰਘ ਸੀ।ਉਸਨੇ ਰਣਜੀਤ ਸਿੰਘ ਦੀ ਅਧੀਨਤਾ ਮੰਨਣ ਤੋਂ ਨਾਂਹ ਕਰ ਦਿੱਤੀ।ਰਣਜੀਤ ਸਿੰਘ ਨੇ ਇੱਕ ਬਹੁਤ ਹੀ ਤੱਕੜੀ ਫੌਜ ਦੀਵਾਨ ਮੋਹਕਮਚੰਦ ਦੀ ਅਗਵਾਈ ਹੇਠ ਇਸ ਮਿਸਲ ਦੇ ਖ਼ਿਲਾਫ ਭੇਜੀ।ਫਤਿਹ ਸਿੰਘ ਆਹਲੂਵਾਲੀਆ ਅਤੇ ਜੋਧ ਸਿੰਘ ਰਾਮਗੜ੍ਹੀਆ ਨੇ ਵੀ ਰਣਜੀਤ ਸਿੰਘ ਦੀ ਸਹਾਇਤਾ ਕੀਤੀ।ਜਲੰਧਰ ਅਤੇ ਫਲੌਰ ਦੇ ਇਲਾਕੇ ਨੂੰ ਆਸਾਨੀ ਨਾਲ ਕਬਜ਼ੇ ਵਿੱਚ ਕਰ ਲਿਆ ਗਿਆ।ਬੁੱਧ ਸਿੰਘ ਛੇਤੀ ਹੀ ਸਤਲੁਜ ਪਾਰ ਚਲਾ ਗਿਆ।ਰਣਜੀਤ ਸਿੰਘ ਨੇ ਉਸਦੇ ਛੱਡੇ ਹੋਏ ਸਾਰੇ ਇਲਾਕੇ ਨੂੰ ਆਪਣੇ ਰਾਜ ਵਿਚ ਸ਼ਾਮਿਲ ਕਰ ਲਿਆ।

### ਰਾਮਗੜ੍ਹੀਆ ਮਿਸਲ ਦੀ ਜਿੱਤ, 1815 ਈ.

ਭਸੀਨ ਦੀ ਜਿੱਤ ਤੋਂ ਬਾਅਦ ਰਣਜੀਤ ਸਿੰਘ ਨੇ ਆਪਣਾ ਧਿਆਨ ਆਪਣੇ ਵੈਰੀਆਂ ਵੱਲ ਦਿੱਤਾ।ਉਸਨੇ ਕਮਜ਼ੋਰ ਵੈਰੀਆਂ ਦੇ ਇਲਾਕਿਆਂ ਨੂੰ ਤਾਕਤ ਰਾਹੀਂ ਆਪਣੇ ਰਾਜ ਵਿੱਚ ਮਿਲਾ ਲਿਆ।ਪਰ ਜੋ ਜ਼ੋਰ ਵਾਲੇ ਅਤੇ ਤਾਕਤਵਰ ਸਨ ਉਨ੍ਹਾਂ ਨੂੰ ਨਹੀਂ ਛੇੜਿਆ ਸਗੋਂ ਰਾਜਨੀਤੀ ਰਾਹੀਂ ਉਨ੍ਹਾਂ ਨਾਲ ਦੋਸਤੀ ਗੰਢ ਲਈ।ਜੱਸਾ ਸਿੰਘ ਰਾਮਗੜ੍ਹੀਆ ਦੀ ਉਮਰ ਉਸ ਵੇਲੇ 75 ਵਰ੍ਹੇ ਦੀ ਸੀ ਜਦੋਂ 1803 ਈ. ਵਿੱਚ ਉਸ ਦੀ ਮੌਤ ਹੋਈ ਤਾਂ ਜੋਧ ਸਿੰਘ ਰਾਮਗੜ੍ਹੀਆ ਉਸ ਮਿਸਲ ਦਾ ਸਰਦਾਰ ਬਣਿਆ।ਰਣਜੀਤ ਸਿੰਘ ਨੇ ਉਸ ਨਾਲ ਦੋਸਤੀ ਕਰ ਲਈ ਅਤੇ ਮਾਣ ਦੇਣ ਲਈ ਉਸਨੂੰ ਬਾਬਾ ਜੀ ਕਹਿਣ ਲੱਗ ਪਏ। ਜੋਧ ਸਿੰਘ ਦੇ ਜੀਵਨ ਕਾਲ ਵਿੱਚ ਰਣਜੀਤ ਸਿੰਘ ਨੇ ਉਸਦੇ ਇਲਾਕੇ ਵਲ ਅੱਖ ਚੁੱਕ ਕੇ ਵੀ ਨਾ ਵੇਖਿਆ, ਪਰ ਜਦੋਂ 1815 ਈ. ਵਿੱਚ ਜੋਧ ਸਿੰਘ ਦੀ ਮੌਤ ਹੋ ਗਈ ਤਾਂ ਰਣਜੀਤ ਸਿੰਘ ਨੇ ਉਸਦੇ ਇਲਾਕੇ ਉੱਤੇ ਕਬਜ਼ਾ ਕਰ ਲਿਆ। ਰਾਮਗੜ੍ਹੀਆ ਮਿਸਲ ਦੀ ਸਾਲਾਨਾ ਆਮਦਨ ਸਾਢੇ ਛੇ ਲੱਖ ਰੁਪਏ ਦੇ ਕਰੀਬ ਸੀ।

### ਘਨੱਈਆਂ ਮਿਸਲ ਉੱਤੇ ਕਬਜ਼ਾ

ਰਣਜੀਤ ਸਿੰਘ ਨੇ 1821 ਈ. ਵਿੱਚ ਆਪਣੀ ਸੱਸ ਸਦਾ ਕੌਰ ਨੂੰ ਕੈਦ ਕਰਕੇ ਉਸਦੇ ਇਲਾਕੇ ਨੂੰ ਵੀ ਆਪਣੇ ਰਾਜ ਵਿਚ ਮਿਲਾ ਲਿਆ, ਇਸ ਤਰ੍ਹਾਂ ਇਸ ਮਿਸਲ ਦੀ ਆਪਣੀ ਹੋਂਦ ਜਾਂਦੀ ਰਹੀ।

### ਰਣਜੀਤ ਸਿੰਘ ਅਤੇ ਫਤਿਹ ਸਿੰਘ ਆਹਲੂਵਾਲੀਆ

ਭਸੀਨ ਦੀ ਲੜਾਈ ਤੋਂ ਬਾਅਦ ਜਦੋਂ ਰਣਜੀਤ ਸਿੰਘ ਨੇ ਸਾਰੇ ਸਰਦਾਰਾਂ ਨੂੰ ਇੱਕ-ਇੱਕ ਕਰਕੇ ਆਪਣੇ ਹੇਠ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਸਨੇ ਵੇਖਿਆ ਕਿ ਦੋ ਸਰਦਾਰ, ਹੋਰ ਮਿਸਲਦਾਰਾਂ ਨਾਲੋਂ ਬਹੁਤ ਜ਼ਿਆਦਾ ਸ਼ਕਤੀਸ਼ਾਲੀ ਸਨ।ਇਹ ਸਨ- ਫਤਿਹ ਸਿੰਘ ਆਹਲੂਵਾਲੀਆ ਅਤੇ ਜੋਧ ਸਿੰਘ ਰਾਮਗੜ੍ਹੀਆ।ਰਣਜੀਤ ਸਿੰਘ ਨੇ ਇਨ੍ਹਾਂ ਦੋਹਾਂ ਖ਼ਿਲਾਫ ਤਾਕਤ ਦੀ ਵਰਤੋਂ ਨਹੀਂ ਕੀਤੀ ਸਗੋਂ ਕੂਟਨੀਤੀ ਤੋਂ ਕੰਮ ਲਿਆ।1801 ਈ. ਵਿਚ ਰਣਜੀਤ ਸਿੰਘ ਅਤੇ ਫਤਿਹ ਸਿੰਘ ਨੇ ਤਰਨਤਾਰਨ ਦੀ ਥਾਂ ਤੇ ਪੱਗਾਂ ਵਟਾ ਲਈਆਂ ਅਤੇ ਇੱਕ ਦੂਜੇ ਦੀ ਦੋਸਤੀ ਦੀ ਕਸਮ ਖਾਧੀ।ਜਦੋਂ 1802 ਈ. ਵਿੱਚ ਚੌਧਰੀ ਕੋੜਾਮਲ ਦਾ ਇਲਾਕਾ ਜਿੱਤ ਕੇ ਫਤਿਹ ਸਿੰਘ ਅਹਲੂਵਾਲੀਆਂ ਨੂੰ ਦਿੱਤਾ ਤਾਂ ਉਨ੍ਹਾਂ ਦੀ ਦੋਸਤੀ ਹੋਰ ਵੀ ਜ਼ਿਆਦਾ ਹੋ ਗਈ।ਇਹੀ ਕਾਰਨ ਸੀ ਕਿ ਫਤਿਹ ਸਿੰਘ ਹਮੇਸ਼ਾ ਹੀ ਰਣਜੀਤ ਸਿੰਘ ਦਾ ਸਾਥ ਮੁਸ਼ਕਿਲ ਮੁਹਿੰਮਾਂ ਵਿੱਚ ਦਿੰਦਾ ਰਿਹਾ।ਪਰ ਰਣਜੀਤ ਸਿੰਘ ਨੇ ਫਤਿਹ ਸਿੰਘ ਆਹਲੂਵਾਲੀਆ ਦੇ ਅੰਦਰੂਨੀ ਮਾਮਲਿਆਂ ਵਿੱਚ ਦਖ਼ਲ ਦੇਣਾ ਸ਼ੁਰੂ ਕਰ ਦਿੱਤਾ।ਜਦੋਂ ਫਤਿਹ ਸਿੰਘ ਰੱਬ ਨੂੰ ਪਿਆਰਾ ਹੋ ਗਿਆ ਤਾਂ ਉਸਦੇ ਲੜਕੇ ਤੋਂ ਰਣਜੀਤ ਸਿੰਘ ਨੇ ਬਹੁਤ ਭਾਰੀ ਰਕਮ ਨਜ਼ਰਾਨੇ ਵਜੋਂ ਵਸੂਲ ਕੀਤੀ।

## ਸਤਲੁਜ ਉ੍ਰਾਰ ਰਿਆਸਤਾਂ ਦੀਆਂ ਮੁਹਿੰਮਾ

(Expeditions of Cis-Satluj States)

ਰਣਜੀਤ ਸਿੰਘ ਦੇ ਮਾਝੇ ਅਤੇ ਮਾਲਵੇ ਦੇ ਇਲਾਕੇ ਨੂੰ ਇਕੱਠਾ ਕਰਕੇ ਇੱਕ ਸਿੱਖ ਰਾਜ ਬਣਾਉਣ ਦੀ ਦਿੱਲੀ ਇੱਛਾ ਸੀ ਇਸ ਲਈ ਉਸਨੇ ਸਤਲੁਜ ਉਰਾਰ ਦੇ ਇਲਾਕੇ ਨੂੰ ਮਾਮੂਲੀ ਜਿਹੇ ਬਹਾਨੇ ਤੋਂ ਜਿੱਤਣਾ ਚਾਹਿਆ।ਮਾਲਵਾ ਦੇ ਇਲਾਕੇ ਵਿੱਚ ਫੂਲਕੀਆਂ ਮਿਸਲ ਦੇ ਰਾਜੇ ਰਾਜ ਕਰਦੇ ਸਨ। ਪਟਿਆਲਾ ਦਾ ਰਾਜਾ ਸਾਹਿਬ ਸਿੰਘ ਉਨ੍ਹਾਂ ਵਿਚੋਂ ਸਭ ਤੋਂ ਜ਼ਿਆਦਾ ਸ਼ਕਤੀਸ਼ਾਲੀ

ਰਾਜਾ ਸੀ ਪਰ ਉਹ ਉਨ੍ਹਾਂ ਦੂਰ ਅੰਦੇਸ਼ੀ ਨਹੀਂ ਸੀ।ਜੀਂਦ ਦਾ ਰਾਜਾ ਭਾਗ ਸਿੰਘ ਅਤੇ ਨਾਭਾ ਦਾ ਰਾਜਾ ਜਸਵੰਤ ਸਿੰਘ, ਦੋ ਹੋਰ ਮਹੱਤਵਪੂਰਨ ਰਾਜ ਸਨ।ਜੀਂਦ ਦਾ ਰਾਜਾ ਭਾਗ ਸਿੰਘ ਰਿਸ਼ਤੇ ਵਿਚ ਰਣਜੀਤ ਸਿੰਘ ਦਾ ਮਾਮਾ ਲੱਗਦਾ ਸੀ।ਇਥੇ ਅਸੀਂ ਮਾਲਵਾ ਦੀ ਮੁਹਿੰਮਾਂ ਬਾਰੇ ਦੋ ਵੱਖ ਉਪ-ਸਿਰਲੇਖਾਂ ਹੇਠ ਲਿਖ ਰਹੇ ਹਾਂ।

## ਮਾਲਵਾ ਦੀ ਪਹਿਲੀ ਮੁਹਿੰਮ, 1806 ਈ.

ਉਸ ਵੇਲੇ ਪਟਿਆਲਾ ਅਤੇ ਨਾਭਾ ਦੇ ਰਾਜਿਆਂ ਵਿਚਕਾਰ ਦੁਲੱਦੀ ਪਿੰਡ ਦੇ ਸਬੰਧ ਵਿੱਚ ਝਗੜਾ ਚਲ ਰਿਹਾ ਸੀ।ਇਹ ਝਗੜਾ ਇਨ੍ਹਾਂ ਜ਼ਿਆਦਾ ਵੱਧ ਗਿਆ ਕਿ ਲੜਾਈ ਹੋਣ ਦਾ ਪੂਰੀ ਤਰ੍ਹਾਂ ਭੈ ਪੈਦਾ ਹੋ ਗਿਆ।ਨਾਭਾ ਦੇ ਰਾਜਾ ਜਸਵੰਤ ਸਿੰਘ ਨੇ ਜੀਂਦ ਦੇ ਰਾਜਾ ਭਾਗ ਸਿੰਘ ਰਾਹੀਂ ਰਣਜੀਤ ਸਿੰਘ ਨੂੰ ਮਦਦ ਲਈ ਬੇਨਤੀ ਕੀਤੀ।ਰਣਜੀਤ ਸਿੰਘ ਪਹਿਲਾਂ ਹੀ ਅਜਿਹੇ ਮੌਕੇ ਦੀ ਉਡੀਕ ਵਿੱਚ ਬੈਠਾ ਸੀ।ਉਸਨੇ ਇੱਕ ਦਮ ਮਾਲਵਾ ਦੇ ਇਲਾਕੇ ਉਤੇ ਚੜ੍ਹਾਈ ਕਰ ਦਿੱਤੀ ਅਤੇ ਦੁਲੱਦੀ ਪਿੰਡ ਪਹੁੰਚ ਗਿਆ।ਪਟਿਆਲਾ ਦੇ ਰਾਜਾਂ ਨੂੰ ਖਰਾਜ਼ ਦੇਣ ਲਈ ਮਜ਼ਬੂਰ ਕਰ ਦਿੱਤਾ।ਵਾਪਸੀ ਮੁੜਦਿਆ ਹੋਇਆ ਰਣਜੀਤ ਸਿੰਘ ਨੇ ਰਾਹ ਵਿੱਚ ਲੁਧਿਆਣਾ, ਦਾਖਾ, ਰਾਏਕੋਟ, ਜਗਰਾਉਂ ਅਤੇ ਘੁੰਗਰਾਣਾ ਦੇ ਇਲਾਕੇ ਜਿੱਤ ਕੇ ਆਪਣੇ ਮਿੱਤਰਾਂ ਵਿਚ ਵੰਡ ਦਿੱਤੇ।

## ਮਾਲਵਾ ਦੀ ਦੂਜੀ ਮੁਹਿੰਮ, 1807 ਈ.

ਪਟਿਆਲਾ ਦੇ ਰਾਜਾ ਅਤੇ ਉਸਦੀ ਰਾਣੀ ਆਸ ਕੌਰ ਵਿਚਕਾਰ ਘਰੇਲੂ ਝਗੜਾ ਚਲ ਰਿਹਾ ਸੀ।ਰਾਣੀ ਆਸ ਕੌਰ ਨੇ ਰਣਜੀਤ ਸਿੰਘ ਦੀ ਸਹਾਇਤਾ ਲਈ ਉਸਨੂੰ ਸੱਦਾ ਦਿੱਤਾ ਅਤੇ ਨਾਲ ਹੀ ਵਾਅਦਾ ਕੀਤਾ ਕਿ ਉਹ ਰਣਜੀਤ ਸਿੰਘ ਨੂੰ ਕੀਮਤੀ ਹੀਰਾ ਅਤੇ ਇੱਕ ਪਿੱਤਲ ਦੀ ਤੋਪ ਦੇਵੇਗੀ।ਰਣਜੀਤ ਸਿੰਘ ਨੇ ਦੂਜੀ ਵਾਰੀ ਮਾਲਵਾ ਉੱਤੇ ਚੜ੍ਹਾਈ ਕਰ ਦਿੱਤੀ।ਪਟਿਆਲਾ ਪਹੁੰਚਣ ਤੋਂ ਪਹਿਲਾ ਰਾਜਾ ਅਤੇ ਰਾਣੀ ਨੇ ਸੁਲ੍ਹਾ ਕਰ ਲਈ।ਪਰ ਫਿਰ ਵੀ ਰਣਜੀਤ ਸਿੰਘ ਨੇ ਰਾਣੀ ਆਸ ਕੌਰ ਤੋਂ ਕੀਮਤੀ ਹਾਰ ਅਤੇ ਤੋਪ ਵਾਅਦੇ ਅਨੁਸਾਰ ਲਏ।ਥੋੜ੍ਹੀ ਦੇਰ ਪਟਿਆਲਾ ਵਿਖੇ ਠਹਿਰਨ ਤੋਂ ਬਾਅਦ ਰਣਜੀਤ ਸਿੰਘ ਅੰਬਾਲਾ ਵਲ ਰਵਾਨਾ ਹੋਇਆ।ਇਸ ਦੇ ਸਰਦਾਰਾਂ ਕੋਲੋਂ ਨਜ਼ਰਾਨਾ ਲੈ ਕੇ ਵਾਪਸੀ ਰਾਹ ਵਿੱਚ ਮਨੀਮਾਜਰਾ, ਰੋਪੜ, ਵਧਨੀ, ਜ਼ੀਰਾ ਅਤੇ ਕੋਟਕਪੂਰਾ ਦੇ ਇਲਾਕਿਆਂ ਨੂੰ ਜਿੱਤਦਾ ਹੋਇਆ ਲਾਹੌਰ ਪੁੱਜ ਗਿਆ।

## ਮਾਲਵਾ ਦੇ ਸਿੱਖ ਸਰਦਾਰਾਂ ਦਾ ਇੱਕਠ

ਰਣਜੀਤ ਸਿੰਘ ਦੀਆਂ ਮੁਹਿੰਮਾਂ ਤੋਂ ਮਾਲਵਾ ਦੇ ਸਾਰੇ ਹੀ ਸਰਦਾਰ ਡਰ ਗਏ ਸਨ।ਉਹ ਮਹਿਸੂਸ ਕਰਨ ਲਗ ਪਏ ਕਿ ਹੁਣ ਉਨ੍ਹਾਂ ਦੇ ਇਲਾਕਿਆਂ ਨੂੰ ਰਣਜੀਤ ਸਿੰਘ ਹੜ੍ਹਪ ਕੇ ਆਪਣੇ ਰਾਜ ਵਿੱਚ ਮਿਲਾ ਲਵੇਗਾ।ਸਾਰੇ ਸਰਦਾਰ ਇਕੱਠੇ ਹੋ ਕੇ ਅੰਗਰੇਜ਼ੀ ਰੈਜੀਡੈਂਟ ਸੀਟਨ ਨੂੰ ਦਿੱਲੀ ਮਿਲੇ ਅਤੇ ਰਣਜੀਤ ਸਿੰਘ ਤੋਂ ਰੱਖਿਆ ਲਈ ਬੇਨਤੀ ਕੀਤੀ।ਅੰਗਰੇਜ਼ਾਂ ਦੇ ਦਬਾਓ ਦੇ ਸਿੱਟੇ ਵਜੋਂ ਰਣਜੀਤ ਸਿੰਘ ਨੂੰ 1809 ਈ. ਵਿੱਚ ਅੰਗਰੇਜ਼ਾਂ ਨਾਲ ਇੱਕ ਸੰਧੀ ਕਰਨੀ ਪਈ, ਜਿਹੜੀ ਅੰਮ੍ਰਿਤਸਰ ਦੀ ਸੰਧੀ ਦੇ ਨਾਮ ਨਾਲ ਜਾਣੀ ਜਾਂਦੀ ਹੈ।ਇਸ ਤਰ੍ਹਾਂ ਸਤਲੁਜ ਨੂੰ ਅੰਗਰੇਜ਼ਾਂ ਅਤੇ ਰਣਜੀਤ ਸਿੰਘ ਵਿਚਕਾਰ ਹੱਦ ਮੰਨ ਲਿਆ ਗਿਆ।

## ਸਿੱਖ ਮਿਸਲਾਂ ਅਤੇ ਰਣਜੀਤ ਸਿੰਘ

ਸਿੱਖ ਮਿਸਲਾਂ ਆਪਣਾ ਫਰਜ਼ ਪੂਰਾ ਕਰ ਚੁੱਕੀਆਂ ਸਨ।ਉਹ ਬਹੁਤੇ ਲਾਹੇਬੰਦ ਸਾਬਿਤ ਨਹੀਂ ਹੋ ਰਹੀਆਂ ਸਨ।ਦੂਜੀ ਤਰਫ਼ ਰਣਜੀਤ ਸਿੰਘ ਦੀ ਯੋਜਨਾ ਵਿੱਚ ਕਿਸੇ ਆਜ਼ਾਦ ਮਿਸਲਦਾਰ ਨੂੰ ਕੋਈ ਥਾਂ ਪ੍ਰਾਪਤ ਨਹੀਂ ਸੀ।ਰਣਜੀਤ ਸਿੰਘ ਨੇ ਹੌਲੀ-ਹੌਲੀ ਸਾਰੀਆਂ ਮਿਸਲਾਂ ਨੂੰ ਇੱਕ-ਇੱਕ ਕਰਕੇ ਆਪਣੇ ਕਬਜ਼ੇ ਵਿੱਚ ਕਰ ਲਿਆ ਅਤੇ ਉਨ੍ਹਾਂ ਨੂੰ ਆਪਣੇ ਰਾਜ ਵਿੱਚ ਸਥਾਈ ਰੂਪ ਵਿੱਚ ਸ਼ਾਮਿਲ ਕਰਕੇ ਇੱਕ ਸ਼ਕਤੀਸ਼ਾਲੀ ਸਿੱਖ ਰਾਜ ਦੀ ਸਥਾਪਨਾ ਕੀਤੀ। ਰਣਜੀਤ ਸਿੰਘ ਦਾ ਵਿਆਹ ਘਣਈਆਂ ਮਿਸਲ ਦੀ ਲੜਕੀ ਮਹਿਤਾਬ ਕੌਰ ਨਾਲ ਹੋਇਆ।ਇਸ ਤਰ੍ਹਾਂ ਸ਼ੁਕਰਚੱਕੀਆਂ ਮਿਸਲ ਅਤੇ ਘਣਈਆ ਮਿਸਲ ਦੇ ਆਪਸ ਵਿਚ ਸੰਬੰਧ ਜੋੜਨ ਨਾਲ ਰਣਜੀਤ ਸਿੰਘ ਨੂੰ ਰਾਜਸੀ ਜਿੱਤਾਂ ਵਿੱਚ ਮਦਦ ਮਿਲੀ।

ਦੂਜੀ ਤਰਫ਼ ਉਸ ਸਮੇਂ ਲਾਹੌਰ ਦੀ ਜਨਤਾ ਭੰਗੀ ਸਰਦਾਰਾਂ ਕੋਲੋਂ ਖੁਸ਼ ਨਹੀਂ ਸੀ।ਉਨ੍ਹਾਂ ਨੇ ਗੁਪਤ ਰੂਪ ਵਿਚ ਰਣਜੀਤ ਸਿੰਘ ਨੂੰ ਲਾਹੌਰ ਸ਼ਹਿਰ ਤੇ ਕਬਜ਼ਾ ਕਰਨ ਲਈ ਸੱਦਾ ਭੇਜਿਆ।ਰਣਜੀਤ ਸਿੰਘ ਨੇ ਇਸ ਮੌਕੇ ਦਾ ਪੂਰਾ ਲਾਭ ਉਠਾਇਆ ਅਤੇ ਉਸਨੇ ਲਾਹੌਰ ਦੇ ਕਿਲੇ ਨੂੰ ਸਰਦਾਰ ਚੇਤ ਸਿੰਘ ਭੰਗੀ ਤੋਂ ਖੋਹ ਲਿਆ। 7 ਜੁਲਾਈ, 1799 ਈ. ਦੇ ਦਿਨ ਲਾਹੌਰ ਰਣਜੀਤ ਸਿੰਘ ਦੇ ਕਬਜ਼ੇ ਵਿੱਚ ਆ ਗਿਆ।ਚੇਤ ਸਿੰਘ ਵਲੋਂ ਵਿਰੋਧ ਅਸਫ਼ਲ ਰਿਹਾ।ਹੁਣ ਚੇਤ ਸਿੰਘ ਨੂੰ ਜਾਗੀਰ ਬਦਲੇ ਲਾਹੌਰ ਛੱਡਣਾ ਪਿਆ।ਇਸ ਤਰ੍ਹਾਂ ਰਣਜੀਤ ਸਿੰਘ ਵਲੋਂ ਪੰਜਾਬ ਦੇ ਰਾਜਸੀ ਖੇਤਰ ਲਾਹੌਰ ਉੱਤੇ ਅਧਿਕਾਰ ਕਰਨ ਨਾਲ ਲਗਭਗ ਪੂਰੇ ਪੰਜਾਬ ਉੱਤੇ ਆਪਣਾ ਕਬਜ਼ਾ ਸਥਾਪਿਤ ਕਰਨ ਲਈ ਰਸਤਾ ਸਾਫ਼ ਹੋ ਗਿਆ।ਦੂਜੇ ਹੀ ਵਰ੍ਹੇ ਅਰਥਾਤ 1800 ਈ. ਵਿੱਚ ਰਣਜੀਤ ਸਿੰਘ ਨੇ ਭਸ਼ੀਨ ਦੀ ਲੜਾਈ ਲੜੀ।ਅਸਲ ਵਿਚ ਰਣਜੀਤ ਸਿੰਘ ਦਾ ਲਾਹੌਰ ਉੱਤੇ ਕਬਜ਼ਾ ਹੋ ਜਾਣਾ ਬਾਕੀ ਦੇ ਸਿੱਖਾਂ ਅਤੇ ਮੁਸਲਮਾਨਾਂ ਲਈ ਇੱਕ ਚੇਤਾਵਨੀ ਸੀ।ਸਭ ਨੇ ਇਹ ਖ਼ਤਰਾ ਮਹਿਸੂਸ ਕਰਦਿਆਂ ਹੋਇਆਂ ਰਣਜੀਤ ਸਿੰਘ ਦੇ ਖ਼ਿਲਾਫ ਇਕ ਸੰਗਠਨ ਖੜ੍ਹਾ ਕਰ ਲਿਆ ਜਿਸ ਵਿੱਚ ਗੁਜਰਾਤ ਦਾ ਸਾਹਿਬ ਸਿੰਘ ਭੰਗੀ, ਜੱਸਾ ਸਿੰਘ ਰਾਮਗੜ੍ਹੀਆ, ਵਜੀਰਾਬਾਦ ਜੋਧ ਸਿੰਘ ਅਤੇ ਕਸੂਰ ਦਾ ਰਾਜਾ ਨਿਜ਼ਾਮ-ਉਦ-ਦੀਨ ਸ਼ਾਮਿਲ ਸਨ।ਭਸ਼ੀਨ ਦੀ ਥਾਂ ਉਤੇ ਉਨ੍ਹਾਂ ਸਭ ਨੇ ਮਿਲ ਕੇ ਰਣਜੀਤ ਸਿੰਘ ਦਾ ਸਾਹਮਣਾ ਕੀਤਾ।ਲੜਾਈ ਫੈਸਲਾਕੁਨ ਸਾਬਿਤ ਨਹੀਂ ਹੋਈ ਪਰ ਰਣਜੀਤ ਸਿੰਘ ਚਲਾਕੀ ਨਾਲ ਇਸ

ਸੰਗਠਨ ਨੂੰ ਤੋੜਨ ਵਿੱਚ ਸਫ਼ਲ ਹੋ ਗਿਆ।ਭਸ਼ੀਨ ਦੀ ਜਿੱਤ ਤੋਂ ਬਾਅਦ ਰਣਜੀਤ ਸਿੰਘ ਨੂੰ ਪੰਜਾਬ ਦਾ ਨੇੜੇ ਭਵਿੱਖ ਵਿੱਚ ਹੋਣ ਵਾਲਾ ਨੇਤਾ ਮੰਨ ਲਿਆ ਗਿਆ।ਅੰਤ 1801 ਈ. ਵਿੱਚ ਰਣਜੀਤ ਸਿੰਘ ਦਾ ਰਾਜ ਤਿਲਕ ਹੋਇਆ ਇਸ ਤੋਂ ਬਾਅਦ ਉਸਨੇ ਬਾਕੀ ਦੇ ਬਚੇ ਛੋਟੇ -ਛੋਟੇ ਰਾਜਾਂ ਨੂੰ ਆਪਣੇ ਅਧੀਨ ਕਰਨ ਦੀ ਕਾਰਵਾਈ ਸ਼ੁਰੂ ਕੀਤੀ।1801 ਈ. ਵਿੱਚ ਆਹਲੂਵਾਲੀਆ ਸਰਦਾਰ ਫਤਿਹ ਸਿੰਘ ਨੂੰ ਰਣਜੀਤ ਸਿੰਘ ਨੇ ਬੜੀ ਚਤੁਰਾਈ ਨਾਲ ਆਪਣਾ ਦੋਸਤ ਬਣਾ ਲਿਆ।ਇਸ ਦੋਸਤੀ ਦਾ ਅੱਗੇ ਚਲ ਕੇ ਰਣਜੀਤ ਸਿੰਘ ਨੂੰ ਬਹੁਤ ਜ਼ਿਆਦਾ ਲਾਭ ਹੋਇਆ।

ਇਸ ਤਰ੍ਹਾਂ ਸ਼ੁਕਰਚੱਕੀਆਂ, ਘਨਈਆ ਅਤੇ ਆਹਲੂਵਾਲੀਆ ਮਿਸਲਾਂ ਦਾ ਏਕਾ ਕਾਇਮ ਹੋ ਗਿਆ ਤੇ 1805 ਈ. ਵਿੱਚ ਅੰਮ੍ਰਿਤਸਰ ਨੂੰ ਵੀ ਰਣਜੀਤ ਸਿੰਘ ਨੇ ਆਪਣੇ ਰਾਜ ਵਿੱਚ ਮਿਲਾ ਲਿਆ।ਅੰਮ੍ਰਿਤਸਰ ਦਾ ਕੁਝ ਆਪਣਾ ਹੀ ਮਹੱਤਵ ਸੀ।ਇਸ ਧਾਰਮਿਕ ਅਤੇ ਵਪਾਰਿਕ ਕੇਂਦਰ ਉਤੇ ਬਹੁਤ ਸਾਰੀਆਂ ਮਿਸਲਾਂ ਦਾ ਸਾਂਝਾ ਅਧਿਕਾਰ ਸਮਝਿਆ ਜਾਂਦਾ ਸੀ।ਰਣਜੀਤ ਸਿੰਘ ਨੇ ਅੰਮ੍ਰਿਤਸਰ ਨੂੰ ਲੈਣ ਲਈ ਬੜੀ ਹੁਸ਼ਿਆਰੀ ਤੋਂ ਕੰਮ ਲਿਆ।ਉਸ ਸਮੇਂ ਅੰਮ੍ਰਿਤਸਰ ਉਤੇ ਖਾਸ ਕਰਕੇ ਭੰਗੀ ਮਿਸਲ ਦਾ ਕਬਜ਼ਾ ਸੀ।ਗੁਲਾਬ ਸਿੰਘ ਭੰਗੀ ਤੋਂ ਬਾਅਦ ਅੰਮ੍ਰਿਤਸਰ ਸ਼ਹਿਰ ਉਸਦੇ ਛੋਟੇ ਪੁੱਤਰ ਗੁਰਦਿੱਤ ਸਿੰਘ ਹੇਠ ਸਮਝਿਆ ਜਾਂਦਾ ਸੀ ਪਰ ਇਸ ਦਾ ਪ੍ਰਬੰਧ ਗੁਲਾਬ ਸਿੰਘ ਦੀ ਵਿਧਵਾ ਚਲਾਉਂਦੀ ਸੀ।ਰਣਜੀਤ ਸਿੰਘ ਨੇ ਕੁਝ ਕਰਮਚਾਰੀਆਂ ਵਿਚਾਲੇ ਫੁੱਟ ਪੁਆ ਕੇ ਆਪਣੇ ਲਈ ਸੱਦਾ ਪ੍ਰਾਪਤ ਕਰ ਲਿਆ।ਰਣਜੀਤ ਸਿੰਘ ਅੰਮ੍ਰਿਤਸਰ ਵਿਖੇ ਲੋਹਗੜ੍ਹ ਦੀ ਤਰਫੋਂ, ਜਿਹੜਾ ਉਸ ਸਮੇਂ ਸਰਦਾਰ ਆਹਲੂਵਾਲੀਆ ਦੇ ਅਧੀਨ ਸੀ, ਦਾਖਿਲ ਹੋਇਆ।ਦੂਜੀ ਤਰਫ਼ੋ ਫਤਿਹ ਸਿੰਘ ਆਹਲੂਵਾਲੀਆ ਨੇ ਕਿਲੇ ਨੂੰ ਘੇਰ ਲਿਆ ਅਤੇ ਭੰਗੀਆਂ ਨੂੰ ਕਿਲਾ ਛੱਡਣਾ ਪਿਆ। ਮਾਈ ਸੁਖਾਂ ਨੂੰ ਇੱਕ ਜਾਗੀਰ ਦਿੱਤੀ ਅੰਮ੍ਰਿਤਸਰ ਛੱਡਣ ਲਈ ਪ੍ਰੇਰਿਆ ਗਿਆ।ਕੁਝ ਹੀ ਦੇਰ ਤੋਂ ਬਾਅਦ ਰਣਜੀਤ ਸਿੰਘ ਦਾ ਅੰਮ੍ਰਿਤਸਰ ਸ਼ਹਿਰ ਅਤੇ ਕਿਲੇ ਦੋਹਾਂ ਉਤੇ ਅਧਿਕਾਰ ਹੋ ਗਿਆ।ਪ੍ਰਸਿੱਧ ਤੋਪ ਵੀ, ਜਿਹੜਾ ਭੰਗੀ ਤੋਪ ਦੇ ਨਾਂ ਨਾਲ ਜਾਣੀ ਜਾਂਦੀ ਸੀ, ਰਣਜੀਤ ਸਿੰਘ ਦੇ ਹੱਥ ਆ ਗਈ।

## ਆਪਣਾ ਗਿਆਨ ਪਰਖੋ

1. **ਖਾਲੀ ਥਾਵਾਂ ਨੂੰ ਪੂਰਾ ਕਰੋ :-**
   1. ਰਣਜੀਤ ਸਿੰਘ ਨੇ ਡੱਲੇਵਾਲੀਆਂ ਮਿਸਲ ਦੇ ਇਲਾਕਿਆਂ ਨੂੰ ............ ਈਸਵੀ ਵਿੱਚ ਆਪਣੇ ਰਾਜ ਵਿੱਚ ਮਿਲਾਇਆ।
   2. ਸੋਹਣ ਲਾਲ ਜੋ ਕਿ ਮਹਾਰਾਜਾ ਰਣਜੀਤ ਸਿੰਘ ਦਾ ਡਾਇਰੀ ਨਵੀਸ ਸੀ, ਅੰਮ੍ਰਿਤਸਰ ਦੀ ਜਿੱਤ...............ਈ. ਵਿੱਚ ਹੋਈ ਦਸਦਾ ਹੈ।
   3. ਲਾਹੌਰ ਦੀ ਜਿੱਤ ਨੇ ਰਣਜੀਤ ਸਿੰਘ ਨੂੰ ............ਰਾਜਧਾਨੀ ਦਾ ਮਾਲਿਕ ਬਣਾ ਦਿੱਤਾ।
   4. ਰਾਮਗੜ੍ਹੀਆ ਮਿਸਲ ਦੀ ਸਾਲਾਨਾ ਆਮਦਨ ਲਗਭਗ .......... ਲੱਖ ਰੁਪਏ ਸੀ।
   5. ਰਣਜੀਤ ਸਿੰਘ ਨੇ ਅੰਗਰੇਜ਼ਾਂ ਨਾਲ 1809 ਈ. ਵਿੱਚ ਸੰਧੀ ਕਰਕੇ ਦਰਿਆ.........ਨੂੰ ਹੱਦ ਮੰਨ ਲਿਆ।
   6. 1806 ਈ. ਵਿੱਚ ਰਣਜੀਤ ਸਿੰਘ ਨੇ ਮਾਲਵੇ ਵਿਰੁੱਧ... ਮੁਹਿੰਮ ਭੇਜੀ।
   7. ਮਹਾਰਾਜਾ ਰਣਜੀਤ ਸਿੰਘ ਦੀ ਮਾਤਾ ਦਾ ਨਾਂ ...................ਸੀ।
   8. ਹੇਠ ਲਿਖਿਆਂ ਬਿਆਨਾਂ ਤੋਂ ਇੱਕ ਸਹੀ ਲਗਾਉ :-

      (ੳ) ਮਾਲਵਾ ਦੀ ਦੂਜੀ ਮੁਹਿੰਮ ਰਣਜੀਤ ਸਿੰਘ ਕਦੋਂ ਲੈ ਕੇ ਗਿਆ।

      (1) 1806 ਈ. (2) 1807 ਈ.

      (ਅ) ਅੰਮ੍ਰਿਤਸਰ ਦੀ ਸੰਧੀ ਕਦੋਂ ਹੋਈ

      (1) 1809 ਈ. (2) 1838 ਈ.

## ਆਪਣੇ ਉੱਤਰ ਮਿਲਾਓ :

(1) 1807 (2) 1805 (3) ਰਾਜਸੀ (4) 6½ (5) ਸਤਲੁਜ (6) ਪਹਿਲੀ (7) ਰਾਜ ਕੌਰ

(8) (ੳ) 1807 ਈ. (ਅ) 1809 ਈ.

## ਆਪਣੀ ਪੁਜ਼ੀਸਨ ਦੇਖੋ :-

| | | | | | |
|---|---|---|---|---|---|
| ਬਹੁਤ ਚੰਗਾ | – | 6 ਤੋਂ ਜ਼ਿਆਦਾ ਠੀਕ ਉੱਤਰ | ਚੰਗਾ | – | 5-6 ਠੀਕ ਉੱਤਰ |
| ਸੰਤੋਖ ਜਨਕ | – | ਠੀਕ ਉੱਤਰ | ਅਸੰਤੋਖ ਜਨਕ | – | 4 ਤੋਂ ਘੱਟ ਠੀਕ ਉੱਤਰ |

2. **ਹੇਠ ਲਿਖੇ ਪ੍ਰਸ਼ਨਾਂ ਵਿੱਚ ਕਿਸੀ ਇੱਕ ਪ੍ਰਸ਼ਨ ਦਾ ਉੱਤਰ 1000 ਸ਼ਬਦਾਂ ਵਿੱਚ ਲਿਖੋ :-**

   (ੳ) ਮਹਾਰਾਜਾ ਰਣਜੀਤ ਸਿੰਘ ਦੀਆਂ ਮਾਲਵਾ ਮੁਹਿੰਮਾਂ ਬਾਰੇ ਲਿਖਦਿਆਂ ਹੋਇਆਂ ਇਨ੍ਹਾਂ ਮੁਹਿੰਮਾਂ ਦਾ ਮਹੱਤਵ ਵੀ ਦੱਸੋ ?

   (ਅ) ਮਹਾਰਾਜਾ ਰਣਜੀਤ ਸਿੰਘ ਦੀਆਂ ਮੁੱਢਲੀਆਂ ਜਿੱਤਾਂ ਬਾਰੇ ਤੁਸੀਂ ਕੀ ਜਾਣਦੇ ਹੋ ?

ਪਾਠ ਨੰਬਰ : 1.3

# ਰਣਜੀਤ ਸਿੰਘ ਦੀਆਂ ਵੱਡੀਆਂ ਜਿੱਤਾਂ
# (Major Conquests of Ranjit Singh)

## ਉਦੇਸ਼

ਇਹ ਪਾਠ ਬਹੁਤ ਹੀ ਮਹੱਤਵਪੂਰਨ ਹੈ ਕਿਉਂਕਿ ਇਸ ਵਿੱਚ ਅਸੀਂ ਮਹਾਰਾਜਾ ਰਣਜੀਤ ਸਿੰਘ ਦੀਆਂ ਮੁੱਖ ਜਿੱਤਾਂ ਬਾਰੇ ਅਧਿਐਨ ਕਰ ਰਹੇ ਹਾਂ।ਖ਼ਾਸ ਤੌਰ ਤੇ ਇਸ ਪਾਠ ਵਿੱਚ ਉਸਦੀਆਂ ਮੁਲਤਾਨ, ਕਸ਼ਮੀਰ ਅਤੇ ਪਿਸ਼ਾਵਰ ਦੀਆਂ ਜਿੱਤਾਂ ਦਾ ਵਿਸਥਾਰ ਵਿੱਚ ਵਰਣਨ ਕਰਨਾ ਹੈ।ਇਸ ਦੇ ਨਾਲ ਹੀ ਮਹਾਰਾਜਾ ਰਾਹੀਂ ਜਿੱਤੇ ਗਏ ਡੇਰਾ ਗਾਜ਼ੀ ਖਾਨ, ਮਾਨਕੇਰਾ, ਡੇਰਾ ਇਸਮਾਇਲ ਖਾਨ, ਟੌਂਕ, ਬੰਨੂ, ਆਦਿ ਜਿੱਤਾਂ ਦਾ ਵੀ ਸੰਖੇਪ ਵਿੱਚ ਹਵਾਲਾ ਦਿਆਂਗੇ। ਇਸ ਪਾਠ ਨੂੰ ਲਿਖਣ ਦਾ ਇਹ ਵੀ ਉਦੇਸ਼ ਹੈ ਕਿ ਉਸਦੀਆਂ ਇਨ੍ਹਾਂ ਜਿੱਤਾਂ ਦਾ ਕੀ ਮਹੱਤਵ ਸੀ ਅਤੇ ਇਹ ਵੀ ਪਤਾ ਚਲੇਗਾ ਕਿ ਮਹਾਰਾਜਾ ਨੇ ਆਪਣੇ ਰਾਜ ਦਾ ਵਿਸਥਾਰ ਕਿਸ ਤਰ੍ਹਾਂ ਕੀਤਾ ਅਤੇ ਉਸਦੇ ਅਫਗਾਨਾਂ ਨਾਲ ਸੰਬੰਧ ਕਿਹੋ ਜਿਹੇ ਰਹੇ।ਅਸੀਂ ਇਸ ਪਾਠ ਨੂੰ ਹੇਠ ਲਿਖੇ ਕ੍ਰਮ ਅਨੁਸਾਰ ਲਿਖ ਰਹੇ ਹਾਂ।

1. ਮੁਲਤਾਨ ਦੀ ਜਿੱਤ : ਭੂਮਿਕਾ
1.1 ਮੁਲਤਾਨ ਦਾ ਮਹੱਤਵ
1.2 ਪਹਿਲੀ ਮੁਹਿੰਮ
1.3 ਦੂਜੀ ਮੁਹਿੰਮ
1.4 ਤੀਜੀ ਮੁਹਿੰਮ
1.5 ਚੌਥੀ ਮੁਹਿੰਮ
1.6 ਪੰਜਵੀਂ ਮੁਹਿੰਮ
1.7 ਛੇਵੀਂ ਮੁਹਿੰਮ
2. ਅਟਕ, ਕਸ਼ਮੀਰ ਅਤੇ ਡੇਰਾ ਜਾਤ ਦੀਆਂ ਜਿੱਤਾਂ
3. ਕਸ਼ਮੀਰ ਦੀ ਪਹਿਲੀ ਮੁਹਿੰਮ (1813 ਈ.)
3.1 ਅਟਕ ਉੱਤੇ ਕਬਜ਼ਾ ਅਤੇ ਹਜ਼ਰੋ ਦੀ ਲੜਾਈ
3.2 ਕਸ਼ਮੀਰ ਦੀ ਦੂਜੀ ਮੁਹਿੰਮ
3.3 ਕਸ਼ਮੀਰ ਦੀ ਤੀਜੀ ਮੁਹਿੰਮ
3.4 ਡੇਰਾ ਗਾਜ਼ੀ ਖਾਂ ਦੀ ਜਿੱਤ
4. ਮਾਨਕੇਰਾ, ਡੇਰਾ ਇਸਮਾਇਲ ਖਾਂ, ਟੌਂਕ, ਬੰਨੂ ਆਦਿ ਦੀਆਂ ਜਿੱਤਾਂ (1821 ਈ.)
5. ਪਿਸ਼ਾਵਰ ਦੀ ਜਿੱਤ
5.1 ਨੌਸ਼ਹਿਰਾ ਦੀ ਲੜਾਈ
5.2 ਜਮਰੌਦ ਦੇ ਕਿਲੇ ਦਾ ਨਿਰਮਾਣ
5.3 ਦੋਸਤ ਮੁਹੰਮਦ ਦੀ ਪਿਸ਼ਾਵਰ ਵਾਪਸ ਲੈਣ ਦੀ ਅੰਤਿਮ ਕੋਸ਼ਿਸ਼ : ਜਮਰੌਦ ਦੀ ਲੜਾਈ
5.4 ਮਹਾਰਾਜੇ ਦਾ ਰਾਜ ਵਿਸਥਾਰ

## ਮੁਲਤਾਨ ਦੀ ਜਿੱਤ

### ਭੂਮਿਕਾ

ਜਦੋਂ ਰਣਜੀਤ ਸਿੰਘ ਸ਼ੁਕਰਚੱਕੀਆਂ ਮਿਸਲ ਦਾ ਮਿਸਲਦਾਰ ਬਣਿਆ ਤਾਂ ਉਸਨੇ ਇੱਕ ਸੰਗਠਿਤ ਸਿੱਖ ਰਾਜ ਕਾਇਮ ਕਰਨ ਦੇ ਉਦੇਸ਼ ਨਾਲ ਕਈ ਇਲਾਕੇ ਜਿੱਤੇ ਅਤੇ ਆਪਣੇ ਲਈ ਇੱਕ ਚੰਗਾ ਰਾਜ ਕਾਇਮ ਕਰ ਲਿਆ ਫਿਰ ਉਸਦਾ ਟਾਕਰਾ ਅੰਗਰੇਜ਼ਾਂ ਨਾਲ ਹੋਇਆ।ਅੰਮ੍ਰਿਤਸਰ ਦੀ ਸੰਧੀ ਨਾਲ ਸਤਲੁਜ ਦਰਿਆ ਉਸਦੇ ਰਾਜ ਦੀ ਪੂਰਬ ਵਲ ਸੀਮਾਂ ਨਿਸ਼ਚਿਤ ਹੋ ਗਈ।ਅੰਗਰੇਜ਼ਾਂ ਤੋਂ ਫਾਰਿਗ ਹੋਣ ਤੋਂ ਬਾਅਦ ਰਣਜੀਤ ਸਿੰਘ ਨੇ ਆਪਣੇ ਰਾਜ ਦੇ ਪੱਛਮ ਦੇ ਇਲਾਕਿਆਂ ਨੂੰ ਜਿੱਤਣ ਦੀ ਯੋਜਨਾ ਤਿਆਰ ਕੀਤੀ ਅਤੇ ਉਸ ਵਿੱਚ ਉਸਨੂੰ ਪੂਰੀ ਤਰ੍ਹਾਂ ਸਫ਼ਲਤਾ ਵੀ ਪ੍ਰਾਪਤ ਹੋਈ।ਉਸਨੇ ਸਭ ਤੋਂ ਪਹਿਲਾਂ ਮੁਲਤਾਨ ਨੂੰ

ਜਿੱਤਣ ਦੀ ਯੋਜਨਾ ਬਣਾਈ ਅਤੇ ਇਸ ਪਾਸੇ ਕੰਮ ਸ਼ੁਰੂ ਕਰ ਦਿੱਤਾ।

ਉਸ ਸਮੇਂ ਮੁਲਤਾਨ ਦਾ ਸੂਬਾ ਅਫ਼ਗਾਨਿਸਤਾਨ ਦੇ ਰਾਜ ਦਾ ਇੱਕ ਹਿੱਸਾ ਸੀ।ਮੁਜ਼ੱਫਰ ਖਾਨ ਸਦੋਜ਼ਾਈ, ਮੁਲਤਾਨ ਦਾ ਗਵਰਨਰ ਸੀ।ਅਹਿਮਦਸ਼ਾਹ ਅਬਦਾਲੀ ਦੇ ਪੁੱਤਰ ਤੈਮੂਰ ਸ਼ਾਹ ਨੇ ਉਸਨੂੰ ਨਿਯੁਕਤ ਕੀਤਾ ਸੀ। 18ਵੀਂ ਸਦੀ ਦੇ ਅੰਤ ਵਿੱਚ ਅਫ਼ਗਾਨਿਸਤਾਨ ਦੀ ਅੰਦਰੂਨੀ ਹਾਲਤ ਕਾਫ਼ੀ ਪਤਲੀ ਹੋ ਗਈ, ਕਿਉਂਕਿ ਸ਼ਾਹੀ ਘਰਾਣੇ ਵਿੱਚ ਉੱਤਰ-ਅਧਿਕਾਰੀ ਲਈ ਲੜਾਈ ਸ਼ੁਰੂ ਹੋ ਗਈ।ਇਸ ਰਾਜਨੀਤਿਕ ਅਰਾਜਕਤਾ ਜਾਂ ਗੜਬੜੀ ਦੇ ਸਿੱਟੇ ਵਜੋਂ ਮੁਲਤਾਨ ਉਤੇ ਅਫ਼ਗਾਨਿਸਤਾਨ ਦਾ ਨਿਯੰਤਰਣ ਢਿੱਲਾ ਪੈ ਗਿਆ।ਇਹ ਅਮਲੀ ਰੂਪ ਵਿਚ ਇੱਕ ਖੁਦ ਮੁਖਤਿਆਰ ਰਿਆਸਤ ਬਣ ਚੁੱਕੀ ਸੀ।

## ਮੁਲਤਾਨ ਦਾ ਮਹੱਤਵ

ਮਹਾਰਾਜਾ ਰਣਜੀਤ ਸਿੰਘ ਮੁਲਤਾਨ ਰਾਜ ਦੀ ਜਿੱਤ ਦਾ ਬੜਾ ਚਾਹਵਾਨ ਸੀ।ਇਸ ਦਾ ਮੁੱਖ ਕਾਰਣ, ਮੁਲਤਾਨ ਇੱਕ ਵਪਾਰਕ ਕੇਂਦਰ ਸੀ।ਮੱਧ ਏਸ਼ੀਆ ਅਤੇ ਹਿੰਦੁਸਤਾਨ ਦੇ ਸ਼ਹਿਰਾਂ ਵਿਚਾਲੇ ਮੁਲਤਾਨ ਤੋਂ ਵਪਾਰ ਹੁੰਦਾ ਸੀ।ਮੁਲਤਾਨ ਦੀ ਸਾਲਾਨਾ ਆਮਦਨ ਲਗਭਗ 7 ਲੱਖ ਸੀ।ਮੁਲਤਾਨ ਉਤੇ ਕਬਜ਼ਾ ਕਰਨ ਨਾਲ ਮਹਾਰਾਜਾ ਨੂੰ ਲਾਹੌਰ ਦੀ ਆਮਦਨ ਵਿੱਚ ਵਾਧਾ ਹੋਣ ਦੀ ਪੂਰੀ ਆਸ ਸੀ। ਦੂਜਾ ਇਸ ਇਲਾਕੇ ਉੱਤੇ ਕਬਜ਼ਾ ਕਰਨਾ ਇਸ ਲਈ ਵੀ ਜ਼ਰੂਰੀ ਸੀ, ਕਿਉਂਕਿ ਇਸ ਉਤੇ ਕਬਜ਼ਾ ਹੋਣ ਨਾਲ ਰਿਆਸਤ ਬਹਾਵਲਪੁਰ ਅਤੇ ਦਰਿਆ ਸਿੰਧ ਦੇ ਹੇਠਲੇ ਖੇਤਰ ਦੀਆਂ ਮੁਸਲਿਮ ਰਿਆਸਤਾਂ, ਡੇਰਾ ਗਾਜੀ ਖਾਨ ਆਦਿ ਦੇ ਵਿਚਕਾਰ ਮੁਲਤਾਨ ਲੋਹੇ ਦੀ ਕੰਧ ਦਾ ਕੰਮ ਦੇ ਸਕਦਾ ਸੀ।ਰਣਜੀਤ ਸਿੰਘ ਜਾਣਦਾ ਸੀ ਕਿ ਇਨ੍ਹਾਂ ਦੇ ਇੱਕਠੀਆਂ ਹੋਣ ਅਤੇ ਉਸਦੇ ਖਿਲਾਫ਼ ਖੜ੍ਹੇ ਹੋਣ ਦਾ ਖਤਰਾ ਮੁਲਤਾਨ ਜਿੱਤਣ ਨਾਲ ਖ਼ਤਮ ਹੋ ਜਾਣਾ ਸੀ।ਮੁਲਤਾਨ ਦੀ ਭੂਗੋਲਿਕ ਸਥਿਤੀ ਵੀ ਇਸ ਦੇ ਮਹੱਤਵ ਵਿੱਚ ਵਾਧਾ ਕਰਦੀ ਸੀ।ਇਹ ਸ਼ਹਿਰ ਉਸ ਰਾਹ ਉਤੇ ਵਸਿਆ ਸੀ ਜੋ ਮੱਧ ਏਸ਼ੀਆਂ ਤੋਂ ਚਲ ਕੇ ਕੰਧਾਰ, ਕੋਇਟਾ ਅਤੇ ਡੇਰਾ ਗਾਜੀਖਾਨ ਹੁੰਦਾ ਹੋਇਆ ਮੁਲਤਾਨ ਆਉਂਦਾ ਸੀ, ਮੱਧ ਏਸ਼ੀਆ ਦੇ ਜ਼ਿਆਦਾਤਰ ਹਮਲਾਵਰ ਇਸੇ ਰਾਹ ਤੋਂ ਆਏ ਸਨ।ਰਣਜੀਤ ਸਿੰਘ ਆਪਣੇ ਰਾਜ ਨੂੰ ਇਸ ਤਰਫ਼ ਤੋਂ ਸੁਰੱਖਿਅਤ ਕਰਨਾ ਚਾਹੁੰਦਾ ਸੀ।ਇਨ੍ਹਾਂ ਲਾਭਾਂ ਨੂੰ ਵੇਖਦਿਆਂ ਹੋਇਆਂ ਰਣਜੀਤ ਸਿੰਘ ਹਰ ਹਾਲਤ ਵਿੱਚ ਮੁਲਤਾਨ ਉਤੇ ਕਬਜ਼ਾ ਕਰਨਾ ਚਾਹੁੰਦਾ ਸੀ।ਰਣਜੀਤ ਸਿੰਘ ਨੇ ਮੁਲਤਾਨ ਦੀ ਜਿੱਤ ਲਈ ਛੇ ਮੁਹਿੰਮਾਂ ਭੇਜੀਆਂ ਸਨ ਅਤੇ ਛੇਵੀਂ ਮੁਹਿੰਮ ਦੇ ਸਿੱਟੇ ਵੱਜੋਂ ਉਸਨੇ ਸੂਬਾ ਮੁਲਤਾਨ ਨੂੰ ਜਿੱਤ ਲਿਆ।ਹੁਣ ਅਸੀਂ ਉਸਦੀਆਂ ਇਨ੍ਹਾਂ ਮੁਹਿੰਮਾਂ ਦਾ ਵੱਖ-ਵੱਖ ਪਰ ਸੰਖੇਪ ਵਿਚ ਵਰਣਨ ਕਰਨ ਲੱਗੇ ਹਾਂ।

## ਪਹਿਲੀ ਮੁਹਿੰਮ, 1802 ਈ.

ਰਣਜੀਤ ਸਿੰਘ ਨੇ ਮੁਲਤਾਨ ਨੂੰ ਜਿੱਤਣ ਲਈ ਆਪਣੀ ਪਹਿਲੀ ਮੁਹਿੰਮ 1802 ਈ. ਵਿੱਚ ਭੇਜੀ ਸੀ।ਉਸਦੇ ਕਈ ਫੌਜੀ ਸਰਦਾਰ ਇਸ ਮੁਹਿੰਮ ਸਮੇਂ ਰਣਜੀਤ ਸਿੰਘ ਦੇ ਇਸ ਕੰਮ ਵਿਰੁੱਧ ਸਨ, ਪਰ ਮਹਾਰਾਜਾ ਨੇ ਫੌਜੀ ਅਫ਼ਸਰਾਂ ਅਤੇ ਫੌਜੀਆਂ ਨੂੰ ਇੱਕਠਾ ਕਰਕੇ ਅਜਿਹਾ ਜ਼ੋਸ ਭਰਿਆ ਭਾਸ਼ਣ ਦਿੱਤਾ, ਜਿਸ ਨੂੰ ਸੁਣ ਕੇ ਸਾਰੇ ਸਿਪਾਹੀ ਮੁਲਤਾਨ ਵਿਰੁੱਧ ਲੜਨ ਲਈ ਤਿਆਰ ਹੋ ਗਏ ਅਤੇ ਫੌਰੀ ਨਵਾਬ ਦੇ ਇਲਾਕੇ ਵਲ ਕੂਚ ਕੀਤਾ ਭਾਵੇਂ ਨਵਾਬ ਮੁਜ਼ਫਰ ਖਾਨ ਲੜਾਈ ਲਈ ਤਿਆਰ ਸੀ ਫਿਰ ਵੀ ਉਸਨੇ ਇਸ ਬਿਪਤਾ ਨੂੰ ਸ਼ਾਂਤੀ ਨਾਲ ਟਾਲਣ ਵਿੱਚ ਆਪਣਾ ਭਲਾ ਸਮਝਿਆ।ਇਹੀ ਕਾਰਨ ਸੀ ਕਿ ਮੁਜ਼ੱਫਰ ਖਾਨ ਨੇ ਆਪਣੇ ਦੀਵਾਨ ਅਤੇ ਕੁਝ ਹੋਰ ਅਧਿਕਾਰੀਆਂ ਨੂੰ ਰਣਜੀਤ ਸਿੰਘ ਕੋਲ ਸਲਹਾ ਲਈ ਭੇਜਿਆ।ਸਿਟੇ ਵਜੋਂ ਨਵਾਬ ਨੇ ਨਜ਼ਰਾਨਾ ਕਰ ਦੇਣਾ ਮਨਜ਼ੂਰ ਕੀਤਾ ਅਤੇ ਰਣਜੀਤ ਸਿੰਘ ਵਾਪਸ ਲਾਹੌਰ ਪਰਤ ਆਇਆ।

## ਦੂਜੀ ਮਹਿੰਮ, 1805 ਈ.

ਮਹਾਰਾਜਾ ਰਣਜੀਤ ਸਿੰਘ ਨੇ ਮੁਲਤਾਨ ਦੇ ਖ਼ਿਲਾਫ ਆਪਣੀ ਦੂਜੀ ਮੁਹਿੰਮ 1805 ਈ. ਵਿੱਚ ਰਵਾਨਾ ਕੀਤੀ।ਇਸ ਵਾਰ ਮੁਲਤਾਨ ਤੇ ਹਮਲਾ ਕਰਨ ਦਾ ਫੋਰੀ ਕਾਰਨ ਇਹ ਸੀ ਕਿ ਮੁਲਤਾਨ ਦੇ ਨਵਾਬ ਮੁਜੱਫਰ ਖਾਨ ਸਾਲਾਨਾ ਕਰ ਜਿਸਦਾ ਵਾਇਦਾ ਉਸਨੇ 1802 ਈ. ਵਿੱਚ ਪਹਿਲੀ ਮੁਹਿੰਮ ਸਮੇਂ ਕੀਤਾ ਸੀ, ਦੇਣਾ ਬੰਦ ਕਰ ਦਿੱਤਾ।ਇਸ ਮੁਹਿੰਮ ਦੌਰਾਨ ਜਦੋਂ ਰਣਜੀਤ ਸਿੰਘ ਅਤੇ ਉਸਦੀਆਂ ਫੌਜਾਂ ਮੁਲਤਾਨ ਤੋਂ ਕੇਵਲ 20 ਮੀਲ ਦੀ ਦੂਰੀ ਤੇ ਮਹਾਤਮ ਪਿੰਡ ਵਿਖੇ ਪਹੁੰਚੀਆਂ ਤਾਂ ਉਸਨੇ ਖਬਰ ਮਿਲੀ ਕਿ ਜਨਰਲ ਲੇਕ ਦੀ ਕਮਾਨ ਹੇਠ ਬ੍ਰਿਟਿਸ਼ ਫੌਜਾਂ ਨੇ ਸਤਲੁਜ ਦੇ ਕੰਢੇ ਉਤੇ ਡੇਰਾ ਲਾ ਲਿਆ ਹੈ।ਮਰਹੱਠਾ ਸਰਦਾਰ ਹੋਲਕਰ, ਜਿਸਦਾ ਬ੍ਰਿਟਿਸ਼ ਫ਼ੌਜਾਂ ਪਿੱਛਾ ਕਰ ਰਹੀਆਂ ਸਨ, ਸਤਲੁਜ ਦਰਿਆ ਪਾਰ ਕਰਕੇ ਉਸਦੇ ਇਲਾਕੇ ਵਿੱਚ ਦਾਖਿਲ ਹੋ ਚੁੱਕਾ ਸੀ।ਉਸ ਸਮੇਂ ਮਰਹੱਠਾ ਸਰਦਾਰ ਦੇ ਪੰਜਾਬ ਵਿੱਚ ਆਉਣ ਨਾਲ ਕਈ ਰਾਜਨੀਤਿਕ ਸਮੱਸਿਆਵਾਂ ਪੈਦਾ ਹੋਣ ਦਾ ਡਰ ਅਤੇ ਸ਼ੱਕ ਸੀ।ਸਿੱਟੇ ਵਜੋਂ ਰਣਜੀਤ ਸਿੰਘ ਨੇ ਛੇਤੀ ਹੀ ਮੁਜੱਫਰ ਖਾਂ ਨਾਲ ਸ਼ਰਤਾਂ ਤਹਿ ਕੀਤੀਆਂ ਅਤੇ ਖੁਦ ਵਾਪਸ ਮੁੜ ਆਇਆ।

## ਤੀਜੀ ਮੁਹਿੰਮ, 1807 ਈ.

ਤੀਜੀ ਵਾਰ ਰਣਜੀਤ ਸਿੰਘ 15 ਮਾਰਚ 1807 ਈ. ਦੇ ਦਿਨ ਮੁਲਤਾਨ ਦੇ ਖਿਲਾਫ਼ ਫੌਜਾਂ ਲੈ ਕੇ ਰਵਾਨਾ ਹੋਇਆ। ਤੀਜੀ ਮੁਹਿੰਮ ਦਾ ਮੁੱਖ ਕਾਰਨ ਇਹ ਸੀ ਕਿ ਮੁਲਤਾਨ ਦਾ ਨਵਾਬ ਮੁੱਜਫਰ ਖਾਨ ਕਸੂਰ ਦੇ ਨਵਾਬ ਕੁਤਬ ਖਾਨ ਨੂੰ ਗੁੱਝੀ ਮਦਦ ਦੇ ਰਿਹਾ ਸੀ।ਦੂਜਾ ਮੁਜੱਫਰ ਖਾਨ ਨੂੰ ਝੰਗ ਦੇ ਅਹਿਮਦ ਖਾਨ ਸਿਆਲ ਜਿਸਨੂੰ ਕੁਝ ਦੇਰ ਪਹਿਲਾਂ ਹੀ ਰਣਜੀਤ ਸਿੰਘ ਨੇ ਹਰਾਇਆ, ਨੇ ਪਨਾਹ ਦਿੱਤੀ

ਸੀ।ਰਣਜੀਤ ਸਿੰਘ ਤੇ ਮੁਲਤਾਨ ਦਾ ਬਹੁਤ ਸਾਰਾ ਹਿੱਸਾ ਕਬਜ਼ੇ ਵਿੱਚ ਕਰ ਲਿਆ।ਹੁਣ ਨਵਾਬ ਨੇ ਖੁਦ ਨੂੰ ਮਹਾਰਾਜਾ ਦਾ ਟਾਕਰਾ ਕਰਨ ਦੇ ਅਸਮਰਥ ਸਮਝਿਆ ਅਤੇ ਬਹਾਵਲ ਪੁਰ ਦੇ ਨਵਾਬ ਬਹਾਵਲ ਖਾਂ ਕੋਲੋਂ ਮਦਦ ਮੰਗੀ। ਬਹਾਵਲ ਪੁਰ ਦੇ ਨਵਾਬ ਨੇ ਆਪਣੇ ਵਕੀਲ ਪਨਪਤ ਰਾਏ ਨੂੰ ਮਹਾਰਾਜਾ ਰਣਜੀਤ ਸਿੰਘ ਕੋਲ ਰਵਾਨਾ ਕੀਤਾ।ਇਸ ਦਾ ਸਿੱਟਾ ਇਹ ਹੋਇਆ ਕਿ ਦੋਹਾਂ ਧਿਰਾਂ ਵਿੱਚ ਸਮਝੌਤਾ ਹੋ ਗਿਆ ਅਤੇ ਨਵਾਬ ਮੁਜੱਫਰ ਖਾਂ ਨੇ 70 ਹਜ਼ਾਰ ਰੁਪਏ ਨਕਦ ਮਹਾਰਾਜਾ ਨੂੰ ਨਜ਼ਰਾਨੇ ਵਜੋਂ ਦਿੱਤੇ ਅਤੇ ਮਹਾਰਾਜਾ ਲਾਹੌਰ ਪਰਤ ਆਇਆ।

### ਚੌਥੀ ਮੁਹਿੰਮ, 1810 ਈ.

ਰਣਜੀਤ ਸਿੰਘ ਨੇ ਚੌਥੀ ਵਾਰ 24 ਫਰਵਰੀ, 1810 ਈ. ਨੂੰ ਮੁਲਤਾਨ ਉੱਤੇ ਹਮਲਾ ਕੀਤਾ ਦਾ ਆਦੇਸ਼ ਦਿੱਤਾ।ਇਸ ਵਾਰ ਫੌਜ ਦੀ ਅਗਵਾਈ ਦੀਵਾਨ ਮੋਹੰਕਮ ਚੰਦ ਕੋਲ ਸੀ। 24 ਫਰਵਰੀ 1810 ਈ. ਦੇ ਦਿਨ ਸਿੱਖ ਫੌਜਾਂ ਕਿਲੇ ਦੀਆਂ ਕੰਧਾਂ ਕੋਲ ਪੁੱਜੀਆਂ ਅਤੇ ਅਗਲੇ ਹੀ ਦਿਨ 25 ਫਰਵਰੀ 1810 ਈ. ਦੇ ਦਿਨ ਮੁਲਤਾਨ ਸ਼ਹਿਰ ਉਤੇ ਕਬਜ਼ਾ ਕਰ ਲਿਆ।ਹੁਣ ਕਿਲੇ ਨੂੰ ਘੇਰਾ ਪਾਇਆ ਗਿਆ।ਦੋਹਾਂ ਧਿਰਾਂ ਵੱਲੋਂ ਗੋਲੇ ਚਲਣੇ ਸ਼ੁਰੂ ਹੋਏ ਅਤੇ ਕੁਝ ਹੀ ਦਿਨਾਂ ਪਿਛੋਂ ਸਰਦਾਰ ਨਿਹਾਲ ਸਿੰਘ ਨੇ ਕਿਲੇ ਦੇ ਲਹਿੰਦੇ ਪਾਸੇ ਦੀ ਕੰਧ ਦੇ ਥੱਲੇ ਸੁਰੰਗਾਂ ਪੁਟਵਾ ਦਿੱਤੀਆਂ ਅਤੇ ਇਨ੍ਹਾਂ ਸੁਰੰਗਾਂ ਵਿੱਚ ਬਾਰੂਦ ਭਰ ਕੇ ਅੱਗ ਲਗਵਾ ਦਿੱਤੀ।ਇਸ ਤਰ੍ਹਾਂ ਅਚਨਚੇਤ ਹੀ ਕੰਧ ਬਾਰੂਦ ਦੇ ਧਮਾਕੇ ਨਾਲ ਡਿੱਗ ਪਈ।ਕੁਝ ਪੱਥਰ ਨਿਹਾਲ ਸਿੰਘ ਅਤੇ ਉਸਦੇ 12 ਸਾਥੀਆਂ ਨੂੰ ਲੱਗੇ।ਉਨ੍ਹਾਂ ਨੂੰ ਏਨੀ ਜ਼ਿਆਦਾ ਸੱਟ ਵੱਜੀ ਕਿ ਉਹ ਉਥੇ ਹੀ ਮਰ ਗਏ। 2 ਮਾਰਚ 1810 ਈ. ਦੇ ਦਿਨ ਰਣਜੀਤ ਸਿੰਘ ਦੀ ਫੌਜ ਨੇ ਬੜੇ ਹੀ ਜ਼ੋਸ ਨਾਲ ਢਹੀ ਹੋਈ ਕੰਧ ਰਾਹੀਂ ਧਾਵਾ ਬੋਲ ਦਿੱਤਾ, ਪਰ ਫਿਰ ਵੀ ਕੋਈ ਖਾਸ ਸਫ਼ਲਤਾ ਪ੍ਰਾਪਤ ਨਾ ਹੋਈ। 5 ਮਾਰਚ 1810 ਈ. ਦੇ ਦਿਨ ਇਕ ਵਾਰ ਫਿਰ ਹੱਲਾ ਕੀਤਾ ਗਿਆ, ਪਰ ਇਨ੍ਹਾਂ ਸਭ ਕੋਸ਼ਿਸ਼ਾਂ ਦਾ ਨਵਾਬ ਦੀ ਫੌਜ ਉਤੇ ਕੋਈ ਅਸਰ ਹੋਇਆ। ਦੋ ਮਹੀਨਿਆਂ ਦੀ ਲਗਾਤਾਰ ਲੜਾਈ ਤੋਂ ਬਾਅਦ ਰਣਜੀਤ ਸਿੰਘ ਨੂੰ ਮੁਜ਼ੱਫਰ ਖਾਨ ਦੀਆਂ ਉਹ ਸਭ ਸ਼ਰਤਾਂ ਮੰਨਣੀਆਂ ਪਈਆਂ ਜਿਨ੍ਹਾਂ ਨੂੰ ਉਹ ਪਹਿਲਾਂ ਕਈ ਵਾਰ ਰੱਦ ਕਰ ਚੁੱਕਿਆ ਸੀ।ਰਣਜੀਤ ਸਿੰਘ ਨੇ ਕਰ ਵਜੋਂ 2½ ਲੱਖ ਰੁਪਇਆ ਲੈਣਾ ਮਨਜ਼ੂਰ ਕਰ ਲਿਆ।ਇਸ ਤੋਂ ਬਾਅਦ ਇਹ ਵੀ ਤਹਿ ਹੋਇਆ ਕਿ ਜੰਗ ਵੇਲੇ ਮੁਜੱਫਰ ਖਾਨ ਕੁਝ ਫੌਜੀ ਦਸਤੇ ਮਹਾਰਾਜਾ ਨੂੰ ਲੋੜ ਪੈਣ ਤੇ ਭੇਜਿਆ ਕਰੇਗਾ।ਰਣਜੀਤ ਸਿੰਘ ਨੇ 36, 000 ਰੁਪਏ ਨਕਦ ਵਸੂਲ ਕੀਤੇ।

### ਪੰਜਵੀਂ ਮੁਹਿੰਮ, 1816 ਈ.

ਮਹਾਰਾਜਾ ਰਣਜੀਤ ਸਿੰਘ ਦੀਆਂ ਫੌਜਾਂ ਨੇ ਇੱਕ ਵਾਰ ਫਿਰ 1816 ਈ. ਵਿੱਚ ਮੁਲਤਾਨ ਉੱਤੇ ਹੱਲਾ ਬੋਲ ਦਿੱਤਾ, ਪਰ ਇਸ ਵਾਰ ਖਾਸ ਲੜਾਈ ਨਾ ਹੋਈ।ਇਸ ਮੁਹਿੰਮ ਵਿੱਚ ਅਕਾਲੀ ਫੂਲਾ ਸਿੰਘ ਅਤੇ ਉਸਦੇ ਸਾਥੀਆਂ ਨੇ ਬੜੀ ਹੀ ਬਹਾਦਰੀ ਵਿਖਾਈ।ਇਸ ਜਥੇ ਨੇ ਮੁਜ਼ੱਫਰ ਖਾਨ ਦੀ ਸ਼ਹਿਰੋਂ ਬਾਹਰ ਖਲੋਤੀ ਸੈਨਾ ਨੂੰ ਚੀਰ ਕੇ ਮੁਲਤਾਨ ਸ਼ਹਿਰ ਉਤੇ ਜਾ ਧਾਵਾ ਬੋਲਿਆ।ਇਹ ਹਮਲਾ ਇਨ੍ਹਾਂ ਜੋਸ਼ੀਲਾ ਸੀ ਕਿ ਇਸ ਨੂੰ ਵੇਖਦਿਆਂ ਹੀ ਨਵਾਬ ਨੇ ਲੜਾਈ ਦਾ ਖਿਆਲ ਛੱਡ ਕੇ ਗੱਲਬਾਤ ਰਾਹੀਂ ਮਹਾਰਾਜਾ ਨਾਲ ਸਲਹਾ ਕਰ ਲਈ। 80,000 ਰੁਪਏ ਨਜ਼ਰਾਨਾ ਲੈ ਕੇ ਰਣਜੀਤ ਸਿੰਘ ਦੀਆਂ ਫੌਜਾਂ ਅਤੇ ਉਸਦੇ ਜਰਨੈਲ ਵਾਪਸ ਲਾਹੌਰ ਪਰਤ ਆਏ।

### ਛੇਵੀਂ ਮੁਹਿੰਮ, 1818 ਈ.

ਰਣਜੀਤ ਸਿੰਘ ਨੂੰ ਮੁਲਤਾਨ ਨੂੰ ਜਿੱਤਣ ਲਈ ਆਖਰੀ ਵਾਰ 1818 ਈ. ਵਿੱਚ ਆਪਣੀਆਂ ਫੌਜਾਂ ਭੇਜੀਆਂ ਅਤੇ ਇਸ ਵਾਰ ਸਭ ਤੋਂ ਵੱਡੀ ਲੜਾਈ ਲੜੀ ਗਈ।ਇਸੇ ਸਮੇਂ ਹੀ ਕਾਬਲ ਰਾਜ ਦਾ ਵਜੀਰ ਫਤਿਹ ਮੁਹੰਮਦ ਖਾਨ ਬਰਕਜਾਈ ਕੰਧਾਰ ਵਿੱਚ ਕਤਲ ਹੋ ਚੁੱਕਾ ਸੀ।ਉਸਦੀ ਮੌਤ ਨਾਲ ਪੂਰੇ ਅਫਗਾਨਿਸਤਾਨ ਵਿਚ ਰਾਜਸੀ ਅਰਾਜਕਤਾ ਫੈਲ ਗਈ।ਰਣਜੀਤ ਸਿੰਘ ਨੇ ਇਸ ਮੌਕੇ ਦਾ ਪੂਰਾ ਲਾਭ ਉਠਾ ਕੇ ਮੁਲਤਾਨ ਦੀ ਆਜ਼ਾਦ ਹੈਸੀਅਤ ਨੂੰ ਉਕਾ ਖਤਮ ਕਰ ਦੇਣ ਦਾ ਨਿਰਣਾ ਲਿਆ।ਜਨਵਰੀ 1818 ਈ. ਵਿੱਚ ਮਹਾਰਾਜਾ ਨੇ ਸ਼ਹਿਜਾਦਾ ਖੜਕ ਸਿੰਘ ਦੀ ਨਾ-ਮਾਤਰ ਅਗਵਾਈ ਹੇਠ, ਪਰ ਅਸਲ ਵਿੱਚ ਮਿਸਰ ਦੀਵਾਨਚੰਦ ਦੀ ਕਮਾਨ ਹੇਠ 25,000 ਦਾ ਇਕ ਬਹੁਤ ਵੱਡਾ ਲਸ਼ਕਰ ਮੁਲਤਾਨ ਉਤੇ ਕਬਜ਼ਾ ਕਰਨ ਲਈ ਰਵਾਨਾ ਕੀਤਾ।ਖਾਨਗੜ੍ਹ ਅਤੇ ਮੁਜੱਫਰ ਗੜ੍ਹ ਦੇ ਕਿਲ੍ਹਿਆਂ ਉੱਤੇ ਕਬਜ਼ਾ ਕਰਨ ਪਿੱਛੋਂ ਸਿੱਖ ਫੌਜਾਂ ਮੁਲਤਾਨ ਸ਼ਹਿਰ ਵਿਚ ਜਾ ਪੁਜੀਆਂ ਅਤੇ ਫਰਵਰੀ 1818 ਈ. ਵਿਚ ਮੁਲਤਾਨ ਸ਼ਹਿਰ ਉਤੇ ਕਬਜ਼ਾ ਕਰ ਲਿਆ।ਇਸ ਤੋਂ ਬਾਅਦ ਕਿਲੇ ਨੂੰ ਜਿੱਤਣ ਦਾ ਕੰਮ ਸ਼ੁਰੂ ਹੋਇਆ । ਇਹ ਕਿਲਾ ਆਪਣੀ ਮਜ਼ਬੂਤੀ ਲਈ ਬਹੁਤ ਜ਼ਿਆਦਾ ਪ੍ਰਸਿੱਧ ਸੀ ਅਤੇ ਇਹ ਅਜਿਹਾ ਸਮਝਿਆ ਜਾਂਦਾ ਸੀ ਕਿ ਇਹ ਉੱਚੀ ਥਾਂ ਉੱਤੇ ਬਣਿਆ ਅਤੇ ਇਸ ਬਾਹਰ ਇੱਕ ਵੱਡੀ ਖਾਈ ਸੀ।ਇਹ ਖਾਈ ਹਮੇਸ਼ਾਂ ਪਾਣੀ ਨਾਲ ਭਰੀ ਰਹਿੰਦੀ ਸੀ।ਸਿੱਖ ਫੌਜਾਂ ਨੇ ਇਸ ਨੂੰ ਜਿੱਤਣ ਲਈ ਬੜੀ ਮਜ਼ਬੂਤੀ ਵਿਖਾਈ।ਸ਼ਹਿਰਾਂ ਉੱਤੇ ਕਬਜ਼ੇ ਤੋਂ ਫੌਰਨ ਬਾਅਦ ਸਿੱਖ ਸੂਰਵੀਰਾਂ ਨੇ ਕਿਲ੍ਹੇ ਨੂੰ ਘੇਰਾ ਪਾ ਲਿਆ ਅਤੇ ਕਈ ਮਹੀਨਿਆਂ ਦੀ ਸਖ਼ਤ ਲੜਾਈ ਪਿਛੋਂ ਇਹ ਕਿਲ੍ਹਾ ਜਿੱਤ ਲਿਆ ਗਿਆ।ਨਵਾਬ ਮੁਜੱਫਰ ਖਾਂ ਅਤੇ ਉਸਦੇ ਪੰਜ ਲੜਕੇ ਲੜਦਿਆਂ ਹੋਇਆ ਮਾਰੇ ਗਏ।ਛੇਵੇਂ ਨੂੰ ਸਖ਼ਤ ਚੋਟ ਲੱਗੀ ਅਤੇ ਬਾਕੀ ਦੇ ਫੜ ਲਏ ਗਏ।ਜਿਨ੍ਹਾਂ ਨੂੰ ਬਾਅਦ ਵਿੱਚ ਰਣਜੀਤ ਸਿੰਘ ਨੇ ਸ਼ਕਰਪੁਰ ਦੀ ਜਾਗੀਰ ਦਿੱਤੀ।ਮਹਾਰਾਜਾ ਰਣਜੀਤ ਸਿੰਘ ਨੇ ਮੁਲਤਾਨ ਦੀ ਜਿੱਤ ਦੀ ਬਹੁਤ ਖੁਸ਼ੀ ਮਨਾਈ ਅਤੇ ਇਸ ਜਿੱਤ ਦੇ ਜੇਤੂ ਮਿਸਰ ਦੀਵਾਨ ਚੰਦ ਨੂੰ ਜ਼ਫ਼ਰ ਜੰਗ ਦਾ ਖ਼ਿਤਾਬ ਦਿੱਤਾ।

### ਮੁਲਤਾਨ ਦੀ ਜਿੱਤ ਦਾ ਮਹੱਤਵ

ਰਣਜੀਤ ਸਿੰਘ ਦੀਆਂ ਪ੍ਰਾਪਤੀਆਂ ਵਿੱਚੋਂ ਮੁਲਤਾਨ ਦੀ ਜਿੱਤ ਬਹੁਤ ਜ਼ਿਆਦਾ ਮਹੱਤਵ ਰੱਖਦੀ ਹੈ ਕਿਉਂਕਿ ਇਸ ਜਿੱਤ ਨਾਲ ਰਣਜੀਤ ਸਿੰਘ ਨੂੰ ਆਰਥਿਕ ਪੱਖੋਂ ਬਹੁਤ ਜ਼ਿਆਦਾ ਲਾਭ ਹੋਇਆ।ਦੂਜਾ ਉਸਦੇ ਰਾਜ ਦਾ ਵਿਸਥਾਰ ਹੋਇਆ ਅਤੇ ਤੀਜਾ ਅਫ਼ਗਾਨ ਤੇ ਮੁਸਲਮਾਨਾਂ ਦੀ ਤਾਕਤ ਨੂੰ ਬਹੁਤ ਭਾਰੀ ਸੱਟ ਵੱਜੀ।ਇਸ ਜਿੱਤ ਤੋਂ ਬਾਅਦ ਹੋਰ ਜਿੱਤਾਂ ਲਈ ਰਸਤਾ ਸਾਫ਼ ਹੋ ਗਿਆ।ਮੁਲਤਾਨ ਦੀ ਜਿੱਤ ਨੇ ਰਣਜੀਤ ਸਿੰਘ ਦੀ ਸੈਨਿਕ ਸ਼ਕਤੀ ਨੂੰ ਵੀ ਬਹੁਤ ਜ਼ਿਆਦਾ ਸਥਾਪਿਤ ਕਰ ਦਿੱਤਾ।ਜਿੱਥੇ ਉਸਦਾ ਰਾਜਸੀ ਸੈਨਿਕ ਸਨਮਾਨ ਵਧਿਆ ਉਥੇ ਉਸਨੂੰ ਇੱਕ ਵਪਾਰਿਕ ਕੇਂਦਰ ਵੀ ਪ੍ਰਾਪਤ ਹੋ ਗਿਆ।

## ਅਟਕ, ਕਸ਼ਮੀਰ ਅਤੇ ਡੇਰਾਜਾਤ ਦੀਆਂ ਜਿੱਤਾਂ

ਜਿਵੇਂ ਮੁਲਤਾਨ, ਅਫ਼ਗਾਨ ਸਾਮਰਾਜ ਦਾ ਭਾਗ ਸੀ, ਉਸੇ ਤਰ੍ਹਾਂ ਹੀ ਇਹ ਤਿੰਨੋਂ ਇਲਾਕੇ ਵੀ ਅਫ਼ਗਾਨਾਂ ਦੇ ਹੇਠ ਸਨ।ਸੱਚ ਤਾਂ ਇਹ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੇ ਉਭਾਰ ਤੋਂ ਪਹਿਲਾਂ ਪੰਜਾਬ ਜਿੰਨੀਆਂ ਛੋਟੀਆਂ-ਛੋਟੀਆਂ ਮੁਸਲਿਮ ਰਿਆਸਤਾਂ ਸਨ, ਉਹ ਸਭ ਕਾਬਲ ਦੇ ਪਠਾਨ ਸ਼ਾਸਕ ਦੇ ਪ੍ਰਭਾਵ ਹੇਠ ਸਨ।ਇਹ ਰਣਜੀਤ ਸਿੰਘ ਦੀ ਹਿੰਮਤ, ਬਹਾਦਰੀ ਅਤੇ ਤਾਕਤ ਦਾ ਸਿੱਟਾ ਸੀ ਕਿ ਇਨ੍ਹਾਂ ਵਿੱਚੋਂ ਬਹੁਤਿਆਂ ਨੇ ਹੁਣ ਤੱਕ ਲਾਹੌਰ ਦਰਬਾਰ ਦੀ ਸਰਦਾਰੀ ਨੂੰ ਕਬੂਲ ਕਰ ਲਿਆ ਸੀ।ਜਿਹੜੀਆਂ ਰਿਆਸਤਾਂ ਬਾਕੀ ਬਚ ਗਈਆਂ ਸਨ, ਉਹ ਵੀ ਛੇਤੀ ਹੀ ਇਸ ਝੰਡੇ ਹੇਠ ਆਉਣ ਵਾਲੀਆਂ ਸਨ।

## ਕਸ਼ਮੀਰ ਦੀ ਪਹਿਲੀ ਮੁਹਿੰਮ, 1813 ਈ.

19ਵੀਂ ਸਦੀ ਦੇ ਸ਼ੁਰੂ ਵਿੱਚ ਜਦੋਂ ਰਣਜੀਤ ਸਿੰਘ ਨੇ ਕਸ਼ਮੀਰ ਵਾਦੀ ਨੂੰ ਜਿੱਤਣ ਦੀ ਯੋਜਨਾ ਬਣਾਈ ਤਾਂ ਉਸ ਸਮੇਂ ਇਹ ਰਾਜ ਅਤਾ ਮੁਹੰਮਦ ਦੇ ਅਧੀਨ ਸੀ।1811 ਈ. ਵਿੱਚ ਰਣਜੀਤ ਸਿੰਘ ਨੇ ਭਿੰਬਰ ਅਤੇ ਰਾਜੋਰੀ ਦੀਆਂ ਰਿਆਸਤਾਂ ਨੂੰ ਜਿੱਤ ਕੇ ਕਸ਼ਮੀਰ ਉੱਤੇ ਕਬਜ਼ਾ ਕਰਨ ਵੱਲ ਪਹਿਲਾਂ ਕਦਮ ਚੁੱਕਿਆ ਸੀ।

1812 ਈ. ਵਿੱਚ ਅਫ਼ਗਾਨਿਸਤਾਨ ਦੇ ਪ੍ਰਧਾਨ ਮੰਤਰੀ ਫਤਿਹ ਖਾਂ ਬਰਕਜਾਈ ਨੇ ਕਸ਼ਮੀਰ ਨੂੰ ਜਿੱਤਣ ਦੀ ਯੋਜਨਾ ਬਣਾਈ, ਕਿਉਂਕਿ ਅਤਾ ਮੁਹੰਮਦ ਖਾਂ ਨੇ ਸ਼ਾਹ ਮਹਿਮੂਦ ਅਤੇ ਸ਼ਾਹ ਮੁਜਾਹ ਦੇ ਵਿਚਕਾਰ ਤਖਤ ਨਸ਼ੀਨੀ ਦੀ ਜੰਗ ਸਮੇਂ ਸ਼ਾਹ ਮੁਜਾਹ ਦਾ ਸਾਥ ਦਿੱਤਾ ਸੀ।ਪਰ ਜਦੋਂ ਫਤਿਹ ਖਾਂ ਕਸ਼ਮੀਰ ਉਤੇ ਹਮਲਾ ਕਰਨ ਆ ਰਿਹਾ ਸੀ ਤਾਂ ਉਸ ਵੇਲੇ ਰਣਜੀਤ ਸਿੰਘ ਦੀਵਾਨ ਮੋਹੰਕਮ ਚੰਦ ਦੀ ਕਮਾਂਡ ਹੇਠ ਭਾਰੀ ਫੌਜ ਕਸ਼ਮੀਰ ਉੱਤੇ ਹਮਲਾ ਕਰਨ ਲਈ ਭੇਜੀ । 1812 ਈ. ਦੇ ਨਵੰਬਰ ਮਹੀਨੇ ਵਿੱਚ ਕਾਬਲ ਦੇ ਵਜੀਬ ਫਤਿਹ ਖਾਂ ਬਰਕਜਾਈ ਨੇ ਮਹਾਰਾਜਾ ਰਣਜੀਤ ਸਿੰਘ ਨਾਲ ਰੋਹਤਾਸ ਵਿਖੇ ਮੁਲਾਕਾਤ ਕੀਤੀ ਅਤੇ ਉਸਨੇ 12,000 ਸਿੱਖ ਸੈਨਾ ਦੀ ਮਦਦ ਲਈ ਬੇਨਤੀ ਕੀਤੀ ਅਤੇ ਵਾਅਦਾ ਕੀਤਾ ਕਿ ਇਸ ਦੇ ਬਦਲੇ ਵਿੱਚ ਉਹ ਕਸ਼ਮੀਰ ਦਾ ਅੱਧਾ ਹਿੱਸਾ ਅਤੇ ਬਾਅਦ ਵਿੱਚ ਉਥੋਂ, ਮਾਲੀਏ ਵਿਚੋਂ ਹਰ ਸਾਲ 9 ਲੱਖ ਰੁਪਏ ਰਣਜੀਤ ਸਿੰਘ ਨੂੰ ਦੇਵੇਗਾ। ਮਹਾਰਾਜਾ ਨੇ ਇਹ ਗੱਲ ਫੌਰਨ ਮੰਨ ਲਈ ਇਸ ਦਾ ਕਾਰਨ ਇਹ ਨਹੀਂ ਸੀ ਕਿ ਇਸ ਵਿੱਚੋਂ ਬਹੁਤ ਸਾਰਾ ਰੁਪਇਆ ਪ੍ਰਾਪਤ ਹੋਣ ਦੀ ਆਸ ਸੀ, ਸਗੋਂ ਇਸ ਲਈ ਕਿ ਆਉਣ ਵਾਲੇ ਸਮੇਂ ਵਿੱਚ ਉਸਦੇ ਆਪਣੇ ਲਈ ਕਸ਼ਮੀਰ ਜਿੱਤਣ ਦਾ ਰਾਹ ਖੁੱਲ੍ਹ ਜਾਵੇਗਾ।ਇੱਕ ਹੋਰ ਵਿਚਾਰ ਜੋ ਉਸਦੇ ਮਨ ਵਿੱਚ ਸੀ ਕਿ ਉਹ ਕਾਬਲ ਦੇ ਸ਼ਾਸ਼ਕ ਸ਼ਾਹ ਸ਼ੁਜਾਰ ਨੂੰ ਕਸ਼ਮੀਰ ਦੇ ਨਵਾਬ ਦੀ ਕੈਦ ਤੋਂ ਛੁਡਾ ਕੇ ਲਾਹੌਰ ਲਿਆਉਣਾ ਚਾਹੁੰਦਾ ਸੀ, ਕਿਉਂਕਿ ਸ਼ਾਹ ਮੁਜਾਹ ਦੀਆਂ ਬੇਗਮਾਂ ਕੁਝ ਦੇਰ ਪਹਿਲਾਂ ਲਾਹੌਰ ਤੋਂ ਆ ਕੇ ਠਹਿਰੀਆਂ ਹੋਈਆਂ ਸਨ।ਇਸ ਪਿੱਛੇ ਖਾਸ ਖਿੱਚ ਇੱਕ ਕੋਹੇਨੂਰ ਹੀਰੇ ਦੀ ਸੀ।ਸ਼ਾਹ ਸੁਜਾਹ ਦੀ ਵੱਡੀ ਬੇਗਮ ਨੇ ਆਪਣੇ ਪਤੀ ਨੂੰ ਛੁਡਾਉਣ ਲਈ ਲਾਹੌਰ ਲਿਜਾਏ ਜਾਣ ਬਦਲੇ ਕੋਹੇਨੂਰ ਦੇਣ ਦਾ ਵਾਇਦਾ ਕੀਤਾ ਸੀ।

ਸਿੱਖ ਸੈਨਾ ਜਿਸ ਦੀ ਅਗਵਾਈ ਦੀਵਾਨ ਮੋਹੰਕਮ ਚੰਦ ਕਰ ਰਿਹਾ ਸੀ, ਪਠਾਨ ਸੈਨਾ ਦੇ ਨਾਲ ਮਿਲਕੇ ਕਸ਼ਮੀਰ ਵੱਲ ਨੂੰ ਵਧੀ, ਪਰ ਡਾ. ਜੀ. ਐਲ. ਚੋਪੜਾ ਦੇ ਵਿਚਾਰ ਅਨੁਸਾਰ ਵਜ਼ੀਰ ਫਤਿਹ ਖਾਨ ਅਸਲ ਵਿਚ ਅਜਿਹਾ ਨਹੀਂ ਚਾਹੁੰਦਾ ਸੀ ਕਿ ਸਿੱਖ ਸੈਨਾ ਇਸ ਮੁਹਿੰਮ ਵਿਚ ਹਿੱਸਾ ਲਵੇ।ਜਲਦੀ ਹੀ ਦੋਨੋਂ ਫੌਜਾਂ ਪੀਰ ਪੰਜਾਲ ਦੇ ਪਹਾੜ ਨੂੰ ਪਾਰ ਕਰਕੇ ਕਸ਼ਮੀਰ ਵਾਦੀ ਵਿੱਚ ਪੁੱਜ ਗਈਆਂ।ਉਨ੍ਹਾਂ ਨੇ ਸ਼ੇਰ ਗੜ੍ਹ ਉਤੇ ਧਾਵਾ ਬੋਲ ਦਿੱਤਾ। ਮੁਹੰਮਦ ਖਾਨ ਕਸ਼ਮੀਰ ਦੇ ਹਾਕਮ ਨੇ ਇਨ੍ਹਾਂ ਦੋਹਾਂ ਫੌਜਾਂ ਨੂੰ ਅੱਗੇ ਜਾਣ ਤੋਂ ਰੋਕਣ ਦਾ ਪ੍ਰਬੰਧ ਕੀਤਾ ਹੋਇਆ ਸੀ।ਤੰਗ ਦਰੇ ਦੇ ਔਖੇ ਰਸਤਿਆਂ ਨੂੰ ਦਰੱਖਤਾਂ ਅਤੇ ਪੱਥਰਾਂ ਨਾਲ ਬੰਦ ਕਰਕੇ ਲੰਘਣਾ ਹੋਰ ਵੀ ਮੁਸ਼ਕਿਲ ਕਰ ਦਿੱਤਾ ਗਿਆ।ਭਾਵੇਂ ਸਿੱਖ ਫੌਜ ਇੰਨੀ ਸਰਦੀ ਵਿਚ ਲੜਨ ਦੀ ਆਦਿ ਨਹੀਂ ਸੀ ਪਰ ਫਿਰ ਵੀ ਅਫ਼ਗਾਨ ਫੌਜ ਦੇ ਮੋਢੇ ਨਾਲ ਮੋਢਾ ਜੋੜ ਕੇ ਲੜੀ।ਕੁਝ ਹੀ ਸਮੇਂ ਦੀ ਲੜਾਈ ਤੋਂ ਬਾਅਦ ਅਤਾ ਮੁਹੰਮਦ ਹਾਰ ਗਿਆ।

ਇਸ ਲੜਾਈ ਦੇ ਸਬੰਧ ਵਿੱਚ ਗ੍ਰਿਫ਼ਨ ਲਿਖਦੇ ਹਨ ਕਿ ਕਸ਼ਮੀਰ ਦੀ ਜਿੱਤ ਤੋਂ ਬਾਅਦ ਫਤਿਹ ਖਾਂ ਨੇ ਘੋਸ਼ਣਾ ਕੀਤਾ ਸੀ ਕਿ ਸਿੱਖਾਂ ਨੂੰ ਲੁਟ ਮਾਰ ਦੇ ਮਾਲ ਅਤੇ ਫਤਿਹ ਕੀਤੇ ਹੋਏ ਇਲਾਕੇ ਉਤੇ ਕੋਈ ਅਧਿਕਾਰ ਨਹੀਂ ।ਉਸਨੇ ਕੇਵਲ ਕਾਬਲ ਦੇ ਪਿਛਲੇ ਸ਼ਾਸਕ ਸ਼ਾਹ ਸੁਜਾਹ ਜੋ ਕਸ਼ਮੀਰ ਦੇ ਗਵਰਨਰ ਅੱਤਾ ਮੁਹੰਮਦ ਦੀ ਕੈਦ ਵਿੱਚ ਸੀ, ਨੂੰ ਦੀਵਾਨ ਮੁਹੰਕਮ ਚੰਦ ਦੇ ਹਵਾਲੇ ਕਰ ਦਿੱਤਾ।ਰਣਜੀਤ ਸਿੰਘ ਨੇ ਸ਼ਾਹ ਸੁਜਾਹ ਕੋਲੋਂ ਪ੍ਰਸਿੱਧ ਕੋਹੇਨੂਰ ਹੀਰਾ ਖੋਹ ਕੇ ਆਪਣਾ ਘਾਟਾ ਪੂਰਾ ਕਰਨ ਦੀ ਕੋਸ਼ਿਸ਼ ਕੀਤੀ,

ਪਰ ਫਿਰ ਵੀ ਉਹ ਮਹਿਸੂਸ ਕਰਦਾ ਸੀ ਕਿ ਕਸ਼ਮੀਰ ਵਾਦੀ ਦੇ ਸਾਰੇ ਮਾਮਲੇ ਵਿੱਚ ਉਸਦੇ ਨਾਲ ਧੋਖਾ ਹੋਇਆ ਸੀ।ਇਸ ਲਈ ਰਣਜੀਤ ਸਿੰਘ ਨੇ ਚਲਾਕ ਫਤਿਹ ਖਾਂ ਨੂੰ ਸਬਕ ਸਿਖਾਉਣ ਲਈ ਆਪਣਾ ਜ਼ਾਲ ਵਿਛਾਉਣ ਲਈ ਅਟਕ ਉਤੇ ਕਬਜ਼ਾ ਕਰਨ ਦਾ ਵਿਚਾਰ ਬਣਾ ਲਿਆ।

## ਅਟਕ ਉਤੇ ਕਬਜ਼ਾ, ਹਜ਼ਰੋ ਦੀ ਲੜਾਈ

ਇਹ ਕਿਲ੍ਹਾ ਬਹੁਤ ਹੀ ਮਜ਼ਬੂਤ ਸੀ ਅਤੇ ਸਿੰਧ ਦਰਿਆ ਦੇ ਸੱਜੇ ਕੰਢੇ ਉਤੇ ਸੀ।ਇਹ ਕਿਲਾ ਅਤੇ ਅਟਕ ਉਤਰ-ਪੱਛਮ ਦੱਰੇ ਦੇ ਰਾਹ ਆਉਣ ਜਾਣ ਵਾਲਿਆਂ ਲਈ ਪੰਜਾਬ ਦਾ ਬੂਹਾ ਸਮਝਿਆ ਜਾਂਦਾ ਸੀ।ਉਸ ਵੇਲੇ ਅਟਕ ਦਾ ਕਿਲਾ ਮੁਹੰਮਦ ਖਾਂ ਖੈਲ ਦੇ ਭਰਾ ਜਹਾਂਦਾਦ ਖਾਨ ਕੋਲ ਸੀ।ਉਹ ਇੱਕ ਅਫਗਾਨ ਸਰਦਾਰ ਸੀ।ਕਸ਼ਮੀਰ ਦੀ ਹਾਰ ਦਾ ਹਾਲ ਸੁਣ ਕੇ ਉਸਦੇ ਲਈ ਵੀ ਖਤਰਾ ਪੈਦਾ ਹੋ ਗਿਆ।ਉਹ ਚੰਗੀ ਤਰ੍ਹਾਂ ਜਾਣਦਾ ਸੀ ਕਿ ਉਹ ਇੱਕਲਾ ਕਾਬਲ ਦੇ ਵਜੀਰ ਫਤਿਹ ਖਾਨ ਦਾ ਟਾਕਰਾ ਨਹੀਂ ਕਰ ਸਕੇਗਾ।ਰਣਜੀਤ ਸਿੰਘ ਨੇ ਇਸ ਤੋਖਲੇ ਤੋਂ ਲਾਭ ਉਠਾਦਿਆਂ ਹੋਇਆਂ ਫ਼ਕੀਰ ਅਜ਼ੀਜ਼-ਉਦ-ਦੀਨ ਨੂੰ ਉਸ ਕੋਲ ਭੇਜਿਆ ਕਿ ਉਹ ਉਸਨੂੰ ਕਹੇ ਕਿ ਉਹ ਭਾਰੀ ਜਾਗੀਰ ਬਦਲੇ ਕਿਲਾ ਰਣਜੀਤ ਸਿੰਘ ਦੇ ਹਵਾਲੇ ਕਰ ਦੇਵੇ।ਜਹਾਂਦਾਦ ਖਾਂ ਨੇ ਇਹ ਗੱਲ ਮੰਨ ਲਈ ਅਤੇ ਇੱਕ ਛੋਟੀ ਜਿਹੀ ਰਕਮ ਬਦਲੇ ਬਿਨਾਂ ਲੜਾਈ ਕੀਤੇ ਅਟਕ ਦੇ ਕਿਲੇ ਨੂੰ ਰਣਜੀਤ ਸਿੰਘ ਕੋਲ ਵੇਚ ਦਿੱਤਾ ਜਦੋਂ ਇਹ ਖਬਰ ਫਤਿਹ ਖਾਂ ਕੋਲ ਪਹੁੰਚੀ ਤਾਂ ਉਹ ਬਹੁਤ ਹੀ ਨਰਾਜ਼ ਅਤੇ ਗੁੱਸੇ ਹੋਇਆ।ਉਸਨੇ ਫੌਰੀ ਆਪਣੇ ਵਕੀਲ ਨੂੰ ਮਹਾਰਾਜਾ ਰਣਜੀਤ ਸਿੰਘ ਕੋਲ ਭੇਜਿਆ ਅਤੇ ਮੰਗ ਕੀਤੀ ਕਿ ਅਟਕ ਦਾ ਕਿਲਾ ਉਸਦੇ ਹਵਾਲੇ ਕਰ ਦੇਵੇ ਨਹੀਂ ਤਾਂ ਉਹ ਲੜਾਈ ਰਾਹੀਂ ਲੈ ਲਵੇਗਾ।

ਰਣਜੀਤ ਸਿੰਘ ਨੇ ਦੀਵਾਨ ਮੋਹੰਕਮ ਚੰਦ ਦੀ ਕਮਾਨ ਹੇਠ ਵਿੱਚ ਬਹੁਤ ਵੱਡੀ ਸੈਨਾ ਅਟਕ ਭੇਜੀ । ਕਈ ਮਹੀਨਿਆਂ ਤੱਕ ਦੋਹਾਂ ਪਾਸਿਆਂ ਦੇ ਛੋਟੇ-ਛੋਟੇ ਫੌਜੀ ਦਸਤਿਆਂ ਵਿਚਕਾਰ ਝਪਟਾਂ ਹੋਈਆ, ਜਿਨ੍ਹਾਂ ਵਿੱਚ ਆਮ ਤੌਰ ਤੇ ਸਿੱਖਾਂ ਦਾ ਹੱਥ ਉਪਰ ਹੀ ਰਿਹਾ ਅਤੇ 22 ਜੂਨ 1813 ਈ. ਦੇ ਦਿਨ ਹਜ਼ਰੋ ਦੀ ਥਾਂ ਤੇ ਘਮਸਾਨ ਦੀ ਲੜਾਈ ਹੋਈ।ਇਸ ਲੜਾਈ ਵਿੱਚ ਦੋਹਾਂ ਧਿਰਾਂ ਦੇ ਕਾਫ਼ੀ ਨੁਕਸਾਨ ਹੋਇਆ ਅਤੇ ਰਣਜੀਤ ਸਿੰਘ ਦੀ ਫੌਜਾਂ ਦੀ ਜਿੱਤ ਹੋਈ। ਹਜ਼ਰੋ ਦੀ ਜਿੱਤ ਇਕ ਮਹੱਤਵਪੂਰਨ ਜਿੱਤ ਸੀ।ਸਿੱਖ ਸੈਨਿਕਾਂ ਦਾ ਹੌਸਲਾ ਬਹੁਤ ਜ਼ਿਆਦਾ ਵਧ ਗਿਆ ਅਤੇ ਇਸ ਤੋਂ ਬਾਅਦ ਉਹ ਹਿੰਮਤ ਨਾਲ ਅਫਗਾਨ ਇਲਾਕੇ ਉਤੇ ਹਮਲਾ ਕਰਨ ਵਿੱਚ ਪਹਿਲ ਕਰਨ ਲੱਗ ਪਏ ਇਸ ਸੰਬੰਧ ਵਿਚ ਡਾ. ਫੌਜਾ ਸਿੰਘ ਲਿਖਦੇ ਹਨ ਕਿ ਸ਼ਾਇਦ ਇਸ ਜਿੱਤ ਦਾ ਸਭ ਤੋਂ ਵੱਡਾ ਫਾਇਦਾ ਲਾਹੌਰ ਦਰਬਾਰ ਲਈ ਇਹ ਸੀ ਕਿ ਪਠਾਨ ਸਿੱਖਾਂ ਤੋਂ ਭੈ ਖਾਣ ਲੱਗ ਪਏ।ਕਈ ਵਰ੍ਹਿਆਂ ਤੱਕ ਉਨ੍ਹਾਂ ਨੂੰ ਸਿੱਖ ਸੈਨਾ ਦੇ ਮੁਕਾਬਲੇ ਆਉਣ ਦੀ ਹਿੰਮਤ ਹੀ ਨਹੀਂ ਹੋਈ।

## ਕਸ਼ਮੀਰ ਦੀ ਦੂਜੀ ਮੁਹਿੰਮ

1814 ਈ. ਵਿਚ ਰਣਜੀਤ ਸਿੰਘ ਨੇ ਕਸ਼ਮੀਰ ਉਤੇ ਦੂਜੀ ਵਾਰ ਹਮਲਾ ਕਰਨ ਦੀ ਤਿਆਰੀ ਕੀਤੀ।ਜਦੋਂ ਉਸਦੀ ਸੈਨਾ ਵਜ਼ੀਰਾਬਾਦ, ਗੁਜਰਾਤ ਹੁੰਦੀ ਹੋਈ ਰਜ਼ੌਰੀ ਪੁੱਜੀ ਤਾਂ ਇਸ ਨੂੰ ਦੋ ਭਾਗਾਂ ਵਿਚ ਵੰਡ ਦਿੱਤਾ ਗਿਆ।ਇਕ ਹਿੱਸਾ, ਜਿਸ ਦੀ ਗਿਣਤੀ 30,000 ਦੇ ਕਰੀਬ, ਦੀਵਾਨ ਰਾਮ ਦਿਆਲ ਦੀ ਅਗਵਾਈ ਹੇਠ ਬਨਿਹਾਲ ਦੇ ਰਾਹੀਂ ਕਸ਼ਮੀਰ ਵਾਦੀ ਵਿੱਚ ਜਾਣ ਲਈ ਰਵਾਨਾ ਹੋਇਆ। ਦੂਜਾ ਭਾਗ, ਜਿਸਦੀ ਕਮਾਨ ਮਹਾਰਾਜਾ ਦੇ ਆਪਣੇ ਹੱਥ ਵਿੱਚ ਉਹ ਪੁੰਛ ਵਾਲੇ ਰਸਤੇ ਤੋਂ ਕਸ਼ਮੀਰ ਪੁੱਜਣ ਲਈ ਤੁਰ ਪਿਆ।ਸੈਨਾ ਦੀ ਵੰਡ ਹੋਣ ਨਾਲ ਅਤੇ ਆਵਾਜਾਈ ਦੇ ਸਾਧਨਾਂ ਦੀ ਅਣਹੋਂਦ ਕਾਰਨ ਇਹ ਦੋਵੇਂ ਫੌਜੀ ਟੁਕੜਿਆਂ ਇੱਕ ਦੂਜੇ ਦੀ ਮਦਦ ਨਾ ਕਰ ਸਕੀਆਂ।ਸਿੱਟੇ ਵਜੋਂ ਜਿਉਂ ਹੀ ਰਾਮ ਦਿਆਲ ਦੀ ਫੌਜ ਪੀਰ ਪੰਜਾਲ ਦੇ ਦੱਰੇ ਰਾਹੀਂ ਕਸ਼ਮੀਰ ਵਾਦੀ ਵਿੱਚ ਦਾਖਿਲ ਹੋਈ ਤਾਂ ਉਥੇ ਦੇ ਗਵਰਨਰ ਆਜ਼ਿਮ ਖਾਨ ਦੇ ਧਾਵਾ ਬੋਲ ਦਿੱਤਾ।ਥੱਕੀ-ਟੁੱਟੀ ਸਿੱਖ ਸੈਨਾ ਦਾ ਬਹੁਤ ਭਾਰੀ ਨੁਕਸਾਨ ਹੋਇਆ। ਰਣਜੀਤ ਸਿੰਘ ਨੇ ਰਾਮ ਸਿੰਘ ਦੀ ਅਗਵਾਈ ਹੇਠ ਰਾਮ ਦਿਆਲ ਨੂੰ ਮਦਦ ਭੇਜੀ ਪਰ ਕੋਈ ਖਾਸ ਕਾਮਯਾਬੀ ਪ੍ਰਾਪਤ ਨਹੀਂ ਹੋਈ ਅਤੇ ਤੰਗ ਆਏ ਰਣਜੀਤ ਸਿੰਘ ਨੇ ਸੈਨਾ ਨੂੰ ਵਾਪਸ ਮੁੜਨ ਦਾ ਆਦੇਸ਼ ਦਿੱਤਾ।ਪਿਛੇ ਹਟਦਿਆ ਹੋਇਆ ਫਿਰ ਸਿੱਖ ਫੌਜਾਂ ਨੂੰ ਭਾਰੀ ਨੁਕਸਾਨ ਉਠਾਉਣਾ ਪਿਆ।ਫਤਿਹ ਸਿੰਘ ਢਾਡੀ, ਦੇਸਾ ਸਿੰਘ ਮਾਨ ਅਤੇ ਗੁਰਬਖਸ਼ ਸਿੰਘ ਜਿਹੇ ਪ੍ਰਸਿੱਧ ਸਿੱਖ ਸਰਦਾਰ ਇਸ ਲੜਾਈ ਵਿੱਚ ਮਾਰੇ ਗਏ ਰਾਮ ਦਿਆਨ ਨੇ ਬੜੀ ਵੀਰਤਾ ਨਾਲ ਆਜ਼ਿਮ ਖਾਨ ਦਾ ਮੁਕਾਬਲਾ ਕਰਦੇ ਹੋਏ ਆਪਣੀ ਫੌਜ ਨੂੰ ਪਿਛੇ ਹਟਾਇਆ।ਇਸ ਤਰ੍ਹਾਂ ਮਹਾਰਾਜਾ ਦੀ ਕਸ਼ਮੀਰ ਵੱਲ ਦੂਜੀ ਮੁਹਿੰਮ ਦੀ ਅਸਫਲ ਰਹੀ।

## ਕਸ਼ਮੀਰ ਦੀ ਤੀਜੀ ਮੁਹਿੰਮ

1814 ਈ. ਦੀ ਅਸਫਲਤਾ ਪਿਛੋਂ ਮਹਾਰਾਜਾ ਦਾ ਧਿਆਨ ਹੋਰ ਕੰਮਾਂ ਅਤੇ ਯੁੱਧਾਂ ਵਿੱਚ ਲੱਗਿਆ ਰਿਹਾ।ਪੰਜ ਸਾਲ ਮਗਰੋਂ 1819 ਈ. ਵਿੱਚ ਹਾਲਾਤ ਅਨੁਕੂਲ ਵੇਖਕੇ ਮਹਾਰਾਜਾ ਨੇ ਕਸ਼ਮੀਰ ਉਤੇ ਇੱਕ ਵਾਰ ਫੇਰ ਚੜ੍ਹਾਈ ਦੀ ਤਿਆਰੀ ਕੀਤੀ।ਇਸ ਫੌਜ ਨਾਲ ਸ਼ਾਮ ਸਿੰਘ ਅਟਾਰੀ ਵਾਲਾ ਸੀ।ਦੂਜੀ ਫੌਜੀ ਟੁਕੜੀ ਸਹਿਜ਼ਾਦਾ ਖੜਕ ਸਿੰਘ ਦੀ ਕਮਾਨ ਹੇਠ ਸੀ ਅਤੇ ਇਸ ਟੁਕੜੀ ਵਿੱਚ ਹੀ ਅਕਾਲੀ ਫੂਲਾ ਸਿੰਘ ਦਾ ਜੱਥਾ ਸ਼ਾਮਿਲ ਸੀ।ਫੌਜ ਦੀ ਤੀਜੀ ਟੁਕੜੀ ਦੀ ਕਮਾਨ ਮਹਾਰਾਜਾ ਰਣਜੀਤ ਸਿੰਘ ਦੇ ਆਪਣੇ ਹੱਥ ਵਿੱਚ ਸੀ। ਪਹਿਲੀਆਂ ਦੋਹਾਂ ਟੁਕੜੀਆਂ ਨੇ ਅੱਗੇ ਜਾਣਾ ਸੀ ਅਤੇ ਹਮਲਾ ਕਰਨਾ ਸੀ।ਤੀਜੀ ਟੁਕੜੀ ਦਾ ਮੁੱਖ ਕੰਮ ਪਿਛੇ ਰਹਿ ਕੇ ਅਗਲੀਆਂ ਟੁਕੜੀਆ ਨੂੰ ਲੋੜ ਪੈਣ ਉਤੇ ਮਦਦ ਦੇਣਾ ਸੀ।ਇਥੇ ਇਹ ਗੱਲ ਯਾਦ ਰੱਖਣ

ਵਾਲੀ ਹੈ ਕਿ ਇਸ ਪੂਰੀ ਮੁਹਿੰਮ ਦੀ ਕਮਾਨ ਕੰਵਰ ਖੜਕ ਸਿੰਘ ਕੋਲ ਸੀ, ਪਰ ਜਿਵੇਂ ਮੁਲਤਾਨ ਦੀ ਆਖਰੀ ਮੁਹਿੰਮ ਵਿਚ ਕੀਤਾ ਗਿਆ ਸੀ, ਕੰਵਲ ਕੇਵਲ ਨਾ ਮਾਤਰ ਦਾ ਹੀ ਕਮਾਂਡਰ ਸੀ।ਅਸਲੀ ਕਮਾਂਡਰ ਮਿਸਰ ਦੀਵਾਨ ਚੰਦ ਸੀ।ਥੋੜ੍ਹੇ ਜਿਹੇ ਸਮੇਂ ਵਿੱਚ ਹੀ ਸਿੱਖਾਂ ਨੇ ਦਰਾ ਬਹਿਰਾਮ ਉਤੇ ਕਬਜ਼ਾ ਕਰ ਲਿਆ।ਇਸ ਤੋਂ ਬਾਅਦ ਉਹ ਪੀਰ ਪੰਜਾਲ ਵਧੇ ਅਤੇ ਇਸ ਨੂੰ ਪਾਰ ਕਰ ਲਿਆ। ਕਸ਼ਮੀਰ ਦੇ ਨਵੇਂ ਸੂਬੇ ਦਾਰ ਜ਼ਾਬਰਖਾਨ ਨੇ ਸਿੱਖ ਸੈਨਾ ਦਾ ਸੁਪਨ ਦੇ ਮੈਦਾਨ ਵਿੱਚ ਡੱਟ ਕੇ ਮੁਕਾਬਲਾ ਕੀਤਾ, ਪਰ ਅੰਤ ਵਿਚ ਮਿਸਰ ਦੀਵਾਨ ਚੰਦ ਦੀਆਂ ਵਧੀਆਂ ਜੰਗੀ ਚਾਲਾਂ ਅੱਗੇ ਉਨ੍ਹਾਂ ਦੀ ਕੋਈ ਪੇਸ਼ ਨਾ ਆਈ।ਜਾਬਰ ਖਾਨ ਜਖ਼ਮੀ ਹੋ ਕੇ ਬੜੀ ਮੁਸ਼ਕਿਲ ਨਾਲ ਜਾਨ ਬਚਾ ਕੇ ਨਠ ਗਿਆ।

ਇਸ ਜਿੱਤ ਤੋਂ ਬਾਅਦ ਸਿੱਖ ਸੈਨਾ ਨੇ ਸ੍ਰੀ ਨਗਰ ਅਤੇ ਦੂਜੀ ਚੌਕੀਆਂ ਉਤੇ ਬਿਨਾਂ ਕਿਸੇ ਲੜਾਈ ਦੇ ਕਬਜ਼ਾ ਕਰ ਲਿਆ।ਇਸ ਤਰ੍ਹਾਂ 4 ਜੁਲਾਈ 1819 ਈ. ਦੇ ਦਿਨ ਪੂਰੀ ਕਸ਼ਮੀਰ ਵਾਦੀ ਰਣਜੀਤ ਸਿੰਘ ਦੇ ਕਬਜ਼ੇ ਵਿੱਚ ਆ ਗਈ।ਮਹਾਰਾਜਾ ਨੇ ਕਸ਼ਮੀਰ ਦੀ ਜਿੱਤ ਦੀ ਬੜੀ ਖੁਸ਼ੀ ਮਨਾਈ ਅਤੇ ਮਿਸਰ ਦੀਵਾਨ ਚੰਦ ਨੂੰ ਫਤਿਹ-ਓ-ਨੁਸਰਤ ਨਸੀਬ ਦਾ ਖਿਤਾਬ ਦਿੱਤਾ।ਇਸ ਖਿਤਾਬ ਤੋਂ ਭਾਵ ਸੀ ਇੱਕ ਉਹ ਵਿਅਕਤੀ ਜਿਸ ਨੂੰ ਜਿੱਤ ਪ੍ਰਾਪਤ ਹੋਣੀ ਹੀ ਹੈ।

## ਡੇਰਾ ਗਾਜੀ ਖਾਂ ਦੀ ਜਿੱਤ

1820 ਈ. ਵਿੱਚ ਰਣਜੀਤ ਸਿੰਘ ਨੇ ਖੁਸ਼ਹਾਲ ਸਿੰਘ ਨੂੰ ਡੇਰਾ ਗਾਜੀ ਖਾਂ ਜਿੱਤਣ ਲਈ ਭੇਜਿਆ। ਉਸਨੇ ਇਸ ਇਲਾਕੇ ਦੇ ਸੂਬੇਦਾਰ ਜਮਾਲ ਖਾਂ ਨੂੰ ਉਥੋਂ ਕੱਢ ਦਿੱਤਾ। ਹੁਣ ਉਸਨੇ ਇਹ ਸਾਰਾ ਇਲਾਕਾ ਬਹਾਵਲਪੁਰ ਦੇ ਨਵਾਬ ਨੂੰ ਸਾਲਾਨਾ ਕਰ ਦੇ ਬਦਲੇ ਦੇ ਦਿੱਤਾ।

## ਕੁਝ ਹੋਰ ਜਿੱਤਾਂ

1821 ਈਃ ਵਿੱਚ ਰਣਜੀਤ ਸਿੰਘ ਨੇ ਕੁਝ ਹੋਰ ਇਲਾਕੇ ਵੀ ਜਿਤੇ ਸਨ।ਉਸਨੇ ਸਭ ਤੋਂ ਪਹਿਲਾਂ ਮਾਨਕੇਰਾ ਦੇ ਇਲਾਕੇ ਨੂੰ ਜਿੱਤਿਆਂ। ਇਥੋਂ ਦੇ ਨਵਾਬ ਗਾਜੀ ਅਹਿਮਦ ਖਾਂ ਨੂੰ ਸਿੱਖ ਫੌਜਾਂ ਨੇ ਹਰਾਇਆ ਇਸ ਦੇ ਨਾਲ ਹੀ ਸਿੱਖ ਫੌਜਾਂ ਨੇ ਡੇਰਾ ਇਸਮਾਈਲ ਖਾਂ, ਟੋਂਕ, ਬੰਨੂ, ਅਤੇ ਲੇਹ ਉਤੇ ਲਾਹੌਰ ਦਰਬਾਰ ਦਾ ਅਧਿਕਾਰ ਹੋ ਗਿਆ।ਨਵਾਬ ਨੂੰ ਗੁਜ਼ਾਰੇ ਲਈ ਰਣਜੀਤ ਸਿੰਘ ਰਾਹੀਂ ਇੱਕ ਬਹੁਤ ਵੱਡੀ ਜਾਗੀਰ ਦੇ ਦਿੱਤੀ ਗਈ।

## ਪਿਸ਼ਾਵਰ ਦੀ ਜਿੱਤ

1818 ਈ. ਵਿੱਚ ਕਾਬੁਲ ਰਾਜ ਦਾ ਵੱਡਾ ਵਜ਼ੀਰ ਫਤਿਹ ਖਾਨ ਕਾਮਰਾਨ ਰਾਹੀਂ ਕਤਲ ਕਰ ਦਿੱਤਾ ਗਿਆ।ਸਿੱਟੇ ਵਜੋਂ ਅਫ਼ਗਾਨਿਸਤਾਨ ਵਿਚ ਅਰਾਜਕਤਾ ਫੈਲ ਗਈ।ਰਣਜੀਤ ਸਿੰਘ ਇਸ ਮੌਕੇ ਦਾ ਪੂਰਾ ਲਾਭ ਉਠਾਉਣਾ ਚਾਹੁੰਦਾ ਸੀ।ਇਸ ਲਈ ਉਹ ਖੁਦ ਹੀ ਇੱਕ ਵੱਡੀ ਫੌਜ ਲੈ ਕੇ ਪਿਸ਼ਾਵਰ ਵੱਲ ਤੁਰ ਪਿਆ।ਪਿਸ਼ਾਵਰ ਬਹੁਤ ਹੀ ਮਹੱਤਵਪੂਰਨ ਇਲਾਕਾ ਸੀ ਕਿਉਂਕਿ ਇਹ ਹਿੰਦੁਸਤਾਨ ਵਿੱਚ ਪ੍ਰਵੇਸ਼ ਕਰਨ ਦਾ ਬੂਹਾ ਸੀ।ਇਸ ਰਾਹੀਂ ਅਫ਼ਗਾਨ ਲੋਕ ਜਦੋਂ ਦਿਲ ਚਾਹੇ ਭਾਰਤ ਉਤੇ ਹਮਲਾ ਕਰ ਸਕਦੇ ਸਨ ਅਤੇ ਪਹਿਲਾਂ ਤੋਂ ਵੀ ਹਮਲੇ ਕਰਦੇ ਆ ਰਹੇ ਸਨ।ਰਣਜੀਤ ਸਿੰਘ ਇਹ ਬੂਹਾ ਬੰਦ ਕਰਨਾ ਚਾਹੁੰਦਾ ਸੀ ਇਸ ਲਈ ਇਹ ਮੌਕਾ ਬਹੁਤ ਹੀ ਚੰਗਾ ਸੀ, ਰਣਜੀਤ ਸਿੰਘ ਦੀ ਸੈਨਾ ਨੇ ਰੋਹਤਾਸ-ਰਾਵਲਪਿੰਡੀ ਅਤੇ ਹਸਨ ਅਬਦਾਲ ਹੁੰਦੇ ਹੋਏ ਦਰਿਆ ਸਿੰਧ ਦੇ ਨੇੜੇ ਖੁਲੇ ਮੈਦਾਨ ਵਿਚ ਆ ਡੇਰੇ ਲਾਏ । ਛੇਤੀ ਹੀ ਪਿਸ਼ਾਵਰ ਤੇ ਹੱਲਾ ਬੋਲ ਦਿੱਤਾ। ਪਿਸ਼ਾਵਰ ਉਤੇ ਹਮਲਾ ਹੁੰਦਿਆਂ ਸਾਰ ਹੀ ਉਥੇ ਦੇ ਗਵਰਨਰ ਜਾਰ ਮੁਹੰਮਦ ਅਤੇ ਦੋਸਤ ਮੁਹੰਮਦ ਨੇ ਸ਼ਹਿਰ ਖਾਲੀ ਕਰ ਦਿੱਤਾ ਪਰ ਸੁਝਵਾਨ ਰਣਜੀਤ ਸਿੰਘ ਨੇ ਇਹ ਮਹਿਸੂਸ ਕੀਤਾ ਕਿ ਅਜੇ ਉਹ ਇਤਨਾ ਤਾਕਤਵਾਰ ਨਹੀਂ ਸੀ ਕਿ ਉਹ ਪਿਸ਼ਾਵਰ ਨੂੰ ਆਪਣੇ ਹੇਠ ਰੱਖ ਸਕੇ। ਇਹੀ ਕਾਰਨ ਸੀ ਕਿ ਉਹ ਉਥੇ ਕੇਵਲ ਚਾਰ ਦਿਨ ਹੀ ਠਹਿਰਿਆ।ਇਨ੍ਹਾਂ ਚਾਰ ਦਿਨਾਂ ਵਿੱਚ ਉਸਨੇ 25,000 ਰੁਪਏ ਕੁਝ ਵਿਦਵਾਨਾਂ ਅਨੁਸਾਰ 50,000 ਰੁਪਏ ਨਜ਼ਰਾਨੇ ਵਜੋਂ ਇਕੱਠੇ ਕੀਤੇ। ਹੁਣ ਰਣਜੀਤ ਸਿੰਘ ਨੇ ਪਿਸ਼ਾਵਰ ਆਪਣੇ ਪੁਰਾਣੇ ਸਾਥੀ ਅਟਕ ਦੇ ਸ਼ਾਸਕ ਜਹਾਂਦਾਦ ਖਾਂ ਦੇ ਹਵਾਲੇ ਕਰ ਦਿੱਤਾ।ਪਰ ਉਹ ਜ਼ਿਆਦਾ ਦੇਰ ਆਪਣੇ ਕਬਜ਼ੇ ਨੂੰ ਕਾਇਮ ਨਾ ਰੱਖ ਸਕਿਆ ਜਦੋਂ ਰਣਜੀਤ ਸਿੰਘ ਆਪਣੀਆਂ ਸੈਨਾਵਾਂ ਨਾਲ ਵਾਪਸ ਚਲਾ ਗਿਆ ਤਾਂ ਮੁਹੰਮਦ ਖਾਂ ਅਤੇ ਦੋਸਤ ਮੁਹੰਮਦ ਖਾਂ ਨੇ ਪਿਸ਼ਾਵਰ ਉਤੇ ਦੁਬਾਰਾ ਤੋਂ ਕਬਜ਼ਾ ਕਰ ਲਿਆ। ਇਹ ਸੁਣਦਿਆਂ ਹੀ ਰਣਜੀਤ ਸਿੰਘ ਨੇ ਉਨ੍ਹਾਂ ਦੇ ਖ਼ਿਲਾਫ ਇੱਕ ਬਹੁਤ ਹੀ ਤਕੜੀ ਮੁਹਿੰਮ ਭੇਜੀ।ਪਰ ਇਸ ਤੋਂ ਪਹਿਲਾਂ ਕਿ ਉਸਦੀ ਫੌਜ ਪਿਸ਼ਾਵਰ ਉਤੇ ਧਾਵਾ ਬੋਲੇ, ਜਾਰ ਮੁਹੰਮਦ ਖਾਂ ਨੇ ਹਾਰ ਮੰਨ ਲਈ ਅਤੇ 50,000 ਰੁਪਏ ਨਜ਼ਰਾਨੇ ਵਜੋਂ ਦੇਣੇ ਮਨਜ਼ੂਰ ਕਰ ਲਏ।ਉਸਨੇ ਇਹ ਵਾਇਦਾ ਵੀ ਕੀਤਾ ਕਿ ਉਹ ਹਮੇਸ਼ਾ ਰਣਜੀਤ ਸਿੰਘ ਦੇ ਹੇਠ ਰਹਿਣਗੇ।ਪਰ ਇਹ ਗੱਲ ਕਾਬਲ ਦੇ ਵਜੀਰ ਆਜਮ ਖਾਂ ਨੂੰ ਬਿਲਕੁਲ ਨਾ ਤਾਂ ਪਸੰਦ ਸੀ ਅਤੇ ਨਾ ਹੀ ਮਨਜ਼ੂਰ। ਇਸ ਤੋਂ ਇਲਾਵਾ ਮਹਾਰਾਜਾ ਨੇ ਉਸਦੇ ਛੋਟੇ ਭਰਾ ਤੋਂ ਕਸ਼ਮੀਰ ਦੀ ਖੂਬਸੂਰਤ ਵਾਦੀ ਵੀ ਖੋ ਲਈ ਅਤੇ ਇਸ ਵੱਡੇ ਘਾਟੇ ਦੀ ਯਾਦ ਅਜੇ ਗਈ ਹੀ ਨਹੀਂ ਸੀ ਕਿ ਮਹਾਰਾਜਾ ਨੇ ਪਠਾਨ ਸਰਦਾਰਾਂ ਕੋਲੋਂ ਦੋ ਹੋਰ ਇਲਾਕੇ ਮਾਨਕੇਰਾ ਅਤੇ ਡੇਰਾ ਗਾਜ਼ੀ ਖਾਂ ਖੋਹ ਲਏ। ਰਣਜੀਤ ਸਿੰਘ ਦੀ ਇੰਝ ਵਧ ਰਹੀ ਸ਼ਕਤੀ ਉਸਨੂੰ ਸੂਲੀ ਵਾਂਗ ਲਗਦੀ ਸੀ ਅਤੇ ਉਹ ਚਾਹੁੰਦਾ ਸੀ ਕਿ ਇਕ ਵਾਰ ਉਸਦੇ ਨਾਲ ਪੂਰੀ ਤਾਕਤ ਨਾਲ ਲੜਾਈ ਕੀਤੀ ਜਾਵੇ ਉਸਨੇ ਮੌਕਾ ਤਾੜ ਕੇ 1823 ਈ. ਦੇ ਸ਼ੁਰੂ ਵਿੱਚ ਹੀ ਪਿਸ਼ਾਵਰ ਉਤੇ ਹਮਲਾ ਕਰ ਦਿੱਤਾ।ਪਿਸ਼ਾਵਰ ਦੇ ਹਾਕਮ ਦਿਲੋਂ ਉਸਦੇ ਨਾਲ ਸੀ।ਇਹੀ ਕਾਰਨ ਸੀ ਕਿ ਉਹ

ਬਹਾਨਾ ਬਣਾ ਕੇ ਕਿ ਉਹ ਇਕੱਲੇ ਇੰਨੀ ਅਫ਼ਗਾਨ ਫੌਜ ਦਾ ਕਿਵੇਂ ਮੁਕਾਬਲਾ ਕਰ ਸਕਦੇ ਸਨ,ਸ਼ਹਿਰ ਖਾਲੀ ਛੱਡ ਕੇ ਲਾਗੇ ਦੀਆਂ ਪਹਾੜੀਆਂ ਵਿੱਚ ਜਾ ਲੁਕੇ।ਇਸ ਤਰ੍ਹਾਂ ਆਜਮ ਖਾਂ ਦਾ ਪਿਸ਼ਾਵਰ ਉਤੇ ਅਸਾਨੀ ਨਾਲ ਕਬਜ਼ਾ ਹੋ ਗਿਆ।ਪਰ ਇਹ ਗੱਲ ਮਹਾਰਾਜਾ ਰਣਜੀਤ ਕਦੇ ਨਹੀਂ ਸਹਾਰ ਸਕਦਾ ਸੀ।ਸਿਟੇ ਵਜੋਂ ਉਸਨੇ ਫੌਰੀ ਸ਼ਹਿਜਾਦਾ ਸ਼ੇਰ ਸਿੰਘ ਅਤੇ ਦੀਵਾਨ ਕ੍ਰਿਪਾ ਰਾਮ ਦੀ ਕਮਾਨ ਹੇਠ 1823 ਈ. ਵਿੱਚ ਅਫ਼ਗਾਨਾ ਨਾਲ ਟਾਕਰਾ ਲੈਣ ਲਈ ਇੱਕ ਬਹੁਤ ਵੱਡੀ ਫੌਜ ਦੀ ਟੁਕੜੀ ਭੇਜੀ।ਇਸ ਫੌਜੀ ਦਸਤੇ ਨਾਲ ਮਿਸਰ ਦੀਵਾਨ ਚੰਦ, ਹਰੀ ਸਿੰਘ ਨਲੂਆ, ਅਤਰ ਸਿੰਘ, ਸੰਧਾਵਾਲੀਆ ਅਤੇ ਧੰਨਾ ਸਿੰਘ ਮਲਵਈ ਵੀ ਸਨ।ਇਸ ਫੌਜ ਨੂੰ ਭੇਜਣ ਤੋਂ ਬਾਅਦ ਮਹਾਰਾਜਾ ਖੁਦ ਹੀ ਪਿਸ਼ਾਵਰ ਵੱਲ ਤੁਰ ਪਿਆ।ਉਸਦੇ ਫਤਿਹ ਸਿੰਘ ਆਹਲੂਵਾਲੀਆਂ ਅਤੇ ਅਕਾਲੀ ਫੂਲਾ ਸਿੰਘ ਦੀ ਅਗਵਾਈ ਹੇਠ ਅਕਾਲੀ ਫੌਜ ਵੀ ਸੀ।

## ਨੌਸ਼ਹਿਰਾ ਦੀ ਲੜਾਈ, 1823 ਈ.

ਪਠਾਨ ਅਤੇ ਸਿੱਖ ਫੌਜਾਂ ਵਿਚਕਾਰ 6 ਮਾਰਚ, 1823 ਈ. ਨੂੰ ਨੌਸ਼ਹਿਰਾ ਦੀ ਥਾਂ ਉਤੇ ਘਸਮਾਨ ਦੀ ਲੜਾਈ ਲੜੀ ਗਈ ਜਿਸ ਦਾ ਹੀਰੋ ਅਕਾਲੀ ਫੂਲਾ ਸਿੰਘ ਸੀ।ਉਹ ਆਪਣੇ ਦਸਤੇ ਨਾਲ ਅੱਗੇ ਵਧਿਆ।ਉਹ ਜ਼ਖ਼ਮੀ ਹੋ ਗਿਆ, ਪਰ ਫਿਰ ਵੀ ਲੜਦਾ ਰਿਹਾ।ਇਸ ਤਰ੍ਹਾਂ ਅਕਾਲੀ ਫੂਲਾ ਸਿੰਘ ਲੜਦਾ ਹੋਇਆ ਰੱਬ ਨੂੰ ਪਿਆਰਾ ਹੋ ਗਿਆ।ਉਸਦੀ ਮੌਤ ਦੇ ਸਿਟੇ ਵਜੋਂ ਸਿੱਖ ਫੌਜਾਂ ਪਿਛੇ ਹੱਟ ਗਈਆਂ।ਮਹਾਰਾਜਾ ਨੇ ਫੌਜ ਨੂੰ ਵੰਗਾਰਿਆਂ ਅਤੇ ਖੁਦ ਸਤ ਸ੍ਰੀ ਅਕਾਲ ਦਾ ਨਾਅਰਾ ਬੁਲੰਦ ਕੀਤਾ ਸਿੱਟਾ ਇਹ ਨਿਕਲਿਆ ਕਿ ਸਿੱਖ ਫੌਜਾਂ ਨੇ ਬਹੁਤ ਹੀ ਜ਼ੋਰਦਾਰ ਹਮਲਾ ਕੀਤਾ ਜਿਸਦੇ ਸਿਟੇ ਵਜੋਂ ਪਠਾਨਾਂ ਦੇ ਪੈਰ ਉਖੜ ਗਏ। ਉਹ ਲੜਾਈ ਦਾ ਮੈਦਾਨ ਛੱਡ ਕੇ ਨੱਠ ਗਏ। ਮੁਹੰਮਦ ਆਜਿਮ ਖਾਂ ਦਰਿਆ ਪਾਰ ਖਲੋਤਾ ਸਭ ਕੁਝ ਵੇਖ ਰਿਹਾ ਸੀ।ਪਰ ਉਸਦਾ ਦਰਿਆ ਪਾਰ ਕਰਨਾ ਬਹੁਤ ਹੀ ਔਖਾ ਸੀ, ਕਿਉਂਕਿ ਉਸਦੇ ਠੀਕ ਸਾਹਮਣੇ ਦੂਜੇ ਕੰਡੇ ਉਤੇ ਰਣਜੀਤ ਸਿੰਘ ਦਾ ਭਾਰੀ ਤੋਪਖਾਨਾ ਅਤੇ ਲਸ਼ਕਰ, ਵੈਨਤੁਰਾ ਅਤੇ ਹਰੀ ਸਿੰਘ ਨਲੂਆ ਦੇ ਕਮਾਨ ਹੇਠ ਡਟਿਆ ਹੋਇਆ ਸੀ।ਜਦੋਂ ਆਜ਼ਿਮ ਖਾਂ ਨੂੰ ਗਾਜੀਆਂ ਦੀ ਹਾਰ ਦੀ ਖਬਰ ਮਿਲੀ ਤਾਂ ਉਹ ਉਥੋਂ ਦੌੜ ਪਿਆ ਅਤੇ ਮੱਛਲੀ ਪੁੱਜ ਕੇ ਸਾਹ ਲਿਆ।ਪਰ ਕਾਬੁਲ ਪੁੱਜਣ ਤੋਂ ਪਹਿਲਾਂ ਹੀ ਰਸਤੇ ਵਿੱਚ ਉਸਦੀ ਮੌਤ ਹੋ ਗਈ।

ਦੂਜੇ ਤਰਫ਼ ਮਹਾਰਾਜਾ ਰਣਜੀਤ ਸਿੰਘ ਨੇ ਪਿਸ਼ਾਵਰ ਵਲ ਕੂਚ ਕੀਤਾ।ਉਹ 16 ਮਾਰਚ 1823 ਈ: ਦੇ ਦਿਨ ਪਿਸ਼ਾਵਰ ਸ਼ਹਿਰ ਵਿੱਚ ਦਾਖਿਲ ਹੋਇਆ। ਮਹਾਰਾਜਾ ਦੀ ਇਸ ਜਿੱਤ ਨੇ ਉਸ ਦਾ ਦਬਦਬਾ ਬਹੁਤ ਜ਼ਿਆਦਾ ਵਧਾ ਦਿੱਤਾ ਸੀ। ਪਰ ਫਿਰ ਵੀ ਉਸ ਨੇ ਪਿਸ਼ਾਵਰ ਦਾ ਪ੍ਰਬੰਧ ਸਿੱਧਾ ਆਪਣੇ ਹੱਥ ਵਿੱਚ ਲੈਣਾ ਉਚਿਤ ਨਹੀਂ ਸਮਝਿਆ ਅਤੇ ਸਾਰਾ ਇਲਾਕਾ ਇਕ ਲੱਖ ਰੁਪਏ ਦੇ ਬਦਲੇ ਜ਼ਾਰ ਮੁਹੰਮਦ ਖਾਂ ਦੇ ਹਵਾਲੇ ਕਰ ਦਿੱਤਾ। 1833-34 ਈ: ਵਿੱਚ ਮਹਾਰਾਜਾ ਨੇ ਪਿਸ਼ਾਵਰ ਨੂੰ ਆਪਣੇ ਰਾਜ ਵਿੱਚ ਮਿਲਾਉਣ ਦਾ ਨਿਰਣੇ ਲਿਆ।ਇਸ ਮੰਤਵ ਦੀ ਪੂਰਤੀ ਲਈ ਉਸਨੇ ਜਰਨੈਲ ਹਰੀ ਸਿੰਘ ਨੂੰ ਪਿਸ਼ਾਵਰ ਭੇਜਿਆ। ਸੁਲਤਾਨ ਮੁਹੰਮਦ ਬਿਨਾਂ ਕੋਈ ਲੜਾਈ ਲੜਿਆ ਹੀ ਸ਼ਹਿਰ ਛੱਡ ਕੇ ਨੱਠ ਗਿਆ ਅਤੇ ਪਿਸ਼ਾਵਰ ਨੂੰ ਸਿੱਖ ਰਾਜ ਵਿਚ ਸ਼ਾਮਿਲ ਕਰ ਲਿਆ ਗਿਆ।ਇਸ ਤੋਂ ਬਾਅਦ ਅਫਗਾਨਿਸਤਾਨ ਦੇ ਸ਼ਾਸਕ ਦੋਸਤ ਮੁਹੰਮਦ ਨੇ 1834 ਈ: ਵਿੱਚ ਸਿੱਖਾਂ ਦੇ ਖਿਲਾਫ ਯੁੱਧ ਦੀ ਘੋਸ਼ਣਾ ਕੀਤੀ।ਜਹਾਦ ਦੇ ਨਾਂ ਉਤੇ ਉਸਨੇ 40,000 ਸੈਨਿਕ ਇਕੱਠੇ ਕਰ ਲਏ।ਅੰਗਰੇਜ਼ਾਂ ਕੋਲੋਂ ਮਦਦ ਮੰਗੀ ਪਰ ਉਸਨੂੰ ਇਹ ਮਦਦ ਨਹੀਂ ਮਿਲੀ।ਰਣਜੀਤ ਸਿੰਘ ਨੇ ਇਕ ਤਰਫ ਦੋਸਤ ਮੁਹੰਮਦ ਨੂੰ ਗੱਲਬਾਤ ਵਿਚ ਲਾਈ ਰੱਖਿਆ ਅਤੇ ਦੂਜੇ ਪਾਸੇ ਅਪ੍ਰੈਲ 1835 ਈ. ਵਿੱਚ 25,000 ਸੈਨਿਕ ਪਿਸ਼ਾਵਰ ਰਵਾਨਾ ਕਰ ਦਿੱਤੇ ਨਾਲ ਹੀ ਉਸਨੇ ਦੋਸਤ ਮੁਹੰਮਦ ਦੇ ਸਰਦਾਰਾਂ ਨੂੰ ਆਪਣੇ ਵੱਲ ਕਰ ਲਿਆ।ਜਦੋਂ ਦੋਸਤ ਮੁਹੰਮਦ ਨੂੰ ਇਨ੍ਹਾਂ ਗੱਲਾਂ ਦਾ ਪਤਾ ਚਲਿਆ ਤਾਂ ਉਹ ਪਿਛਾਂਹ ਹੱਟ ਗਿਆ।

## ਸੁਬੁਕਾਦਾਰ ਦੇ ਕਿਲੇ ਦੀ ਜਿੱਤ, ਜਮਰੌਦ ਦੇ ਕਿਲਾ ਦਾ ਨਿਰਮਾਣ

ਪਿਸ਼ਾਵਰ ਦੀ ਸੁਰੱਖਿਆ ਲਈ 1836 ਈ: ਵਿੱਚ ਰਣਜੀਤ ਸਿੰਘ ਨੇ ਸੁਬਕਾਦਾਰ ਦਾ ਕਿਲਾ ਵੀ ਜਿੱਤ ਲਿਆ ਅਤੇ ਉਸ ਤੋਂ ਫੈਰੀ ਬਾਅਦ ਦੋਰੇ ਦੇ ਮੂੰਹ ਉਤੇ ਮਹਾਰਾਜਾ ਨੇ ਜਮਰੋਦ ਦੇ ਕਿਲੇ ਦੀ ਉਸਾਰੀ ਕਾਰਵਾਈ।

## ਦੋਸਤ ਮੁਹੰਮਦ ਦੀ ਪਿਸ਼ਾਵਰ ਵਾਪਸ ਲੈਣ ਲਈ ਆਖਰੀ ਕੋਸ਼ਿਸ਼

ਦੋਸਤ ਮੁਹੰਮਦ ਨੇ ਪਿਸ਼ਾਵਰ ਨੂੰ ਰਣਜੀਤ ਸਿੰਘ ਤੋਂ ਵਾਪਸ ਲੈਣ ਲਈ ਅੰਤਿਮ ਕੋਸ਼ਿਸ਼ 1837 ਈ: ਵਿੱਚ ਕੀਤੀ।ਉਸਨੇ ਆਪਣੇ ਪੁੱਤਰ ਮੁਹੰਮਦ ਅਕਬਰ ਦੀ ਅਗਵਾਈ ਹੇਠ ਇੱਕ ਭਾਰੀ ਫੌਜ ਇਸ ਕੰਮ ਨੂੰ ਸਿਰੇ ਚੜ੍ਹਾਉਣ ਲਈ ਰਵਾਨਾ ਕੀਤੀ।ਦੂਜੀ ਤਰਫ ਹਰੀ ਸਿੰਘ ਨਲੂਆ ਵੀ 10,000 ਸੈਨਿਕ ਲੈ ਕੇ ਮੁਕਾਬਲੇ ਵਿੱਚ ਆ ਪੁੱਜਿਆ। ਪਠਾਨ ਸੈਨਾ ਹਰੀ ਸਿੰਘ ਨਲੂਏ ਦੇ ਹਮਲੇ ਅੱਗੇ ਨਾ ਟਿੱਕ ਸਕੀ ਅਤੇ ਦੱਰਾ ਖੈਬਰ ਦੇ ਪਾਰ ਨੱਠ ਗਏ।ਪਰ ਇਸ ਲੜਾਈ ਦੌਰਾਨ ਹਰੀ ਸਿੰਘ ਨਲੂਆ ਦੇ ਪੇਟ ਵਿੱਚ ਇੱਕ ਗੋਲੀ ਆ ਲੱਗੀ। ਜਿਸਦੇ ਸਿੱਟੇ ਵਜੋਂ ਉਸਦੀ ਮੌਤ ਹੋ ਗਈ।ਇਸ ਤਰ੍ਹਾਂ ਮਹਾਰਾਜਾ ਅਤੇ ਸਿੱਖਾਂ ਦਾ ਇੱਕ ਚੋਟੀ ਦਾ ਸਰਦਾਰ ਅਤੇ ਸੂਰਮਾ ਜਾਂਦਾ ਰਿਹਾ।ਅਸਲ ਵਿੱਚ ਮਹਾਰਾਜੇ ਨੂੰ ਇਹ ਲੜਾਈ ਬਹੁਤ ਹੀ ਮਹਿੰਗੀ ਪਈ।ਇਸ ਲੜਾਈ ਦਾ ਸਭ ਤੋਂ ਮਹੱਤਵਪੂਰਨ ਸਿੱਟਾ ਇਹ ਨਿਕਲਿਆ ਕਿ ਇਸ ਹਾਰ ਪਿਛੋਂ ਦੋਸਤ ਮੁਹੰਮਦ ਨੇ ਪਿਸ਼ਾਵਰ ਦਾ ਖਿਆਲ ਛੱਡ ਦਿੱਤਾ ਉਸਨੇ 1838 ਈ: ਵਿੱਚ ਅੰਗਰੇਜ਼ਾਂ ਨੂੰ ਰਣਜੀਤ ਸਿੰਘ ਤੋਂ ਪਿਸ਼ਾਵਰ ਦੁਆਉਣ ਲਈ ਜ਼ਰੂਰ ਕਿਹਾ, ਪਰ ਅੰਗਰੇ

ਜ਼ਾਂ ਨੇ ਰਣਜੀਤ ਸਿੰਘ ਉਤੇ ਦਬਾਅ ਪਾਉਣ ਤੋਂ ਸਾਫ਼ ਇਨਕਾਰ ਕਰ ਦਿੱਤਾ।

## ਮਹਾਰਾਜੇ ਦਾ ਰਾਜ ਵਿਸਥਾਰ

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦਾ ਕੁਲ ਇਲਾਕਾ ਜਾਂ ਖੇਤਰਫਲ 1 ਲੱਖ 40 ਹਜ਼ਾਰ ਵਰਗ ਮੀਲ ਸੀ।ਇੱਕ ਤਰਫ਼ ਉਸਦੇ ਸਾਮਰਾਜ ਦੀ ਸੀਮਾ ਲਦਾਖ ਅਤੇ ਅਮਕਰਦੂ ਵੱਲ ਨੂੰ ਤਿੱਬਤ ਤਕ ਫੈਲੀ ਹੋਈ ਸੀ।ਦੂਜੇ ਪਾਸੇ ਇਹ ਸੁਲੇ ਮਾਨ ਪਰਬਤ ਨਾਲ ਟਕਰਾਂਦੀ ਹੋਈ ਸ਼ਿਕਾਰਪੁਰ ਤੱਕ ਪੁਜਦੀ ਸੀ।ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਰਣਜੀਤ ਸਿੰਘ ਦੀਆਂ ਮੁਲਤਾਨ, ਕਸ਼ਮੀਰ, ਪਿਸ਼ਾਵਰ ਅਤੇ ਹੋਰ ਅਫ਼ਗਾਨ ਰਿਆਸਤਾਂ ਦੀਆਂ ਜਿੱਤਾਂ ਨੇ ਇੱਕ ਤਰਫ ਤਾਂ ਅਫ਼ਗਾਨ ਸ਼ਕਤੀ ਨੂੰ ਭਾਰੀ ਸੱਟ ਮਾਰੀ ਅਤੇ ਦੂਜੀ ਤਰਫ ਰਣਜੀਤ ਸਿੰਘ ਨੂੰ ਇੱਕ ਸ਼ਕਤੀਸ਼ਾਲੀ ਸ਼ਾਸ਼ਕ ਬਣਾ ਦਿੱਤਾ।ਇਥੋਂ ਤੱਕ ਅੰਗਰੇਜ਼ ਵੀ ਰਣਜੀਤ ਸਿੰਘ ਨਾਲ ਸਿੱਧੇ ਟੱਕਰ ਲੈਣ ਤੋਂ ਕਤਰਾਂਦੇ ਸਨ। ਇਨ੍ਹਾਂ ਜਿੱਤਾਂ ਨੇ ਰਣਜੀਤ ਸਿੰਘ ਦੀ ਸੈਨਿਕ ਸ਼ਕਤੀ ਦੀ ਧਾਕ ਜਮਾ ਦਿੱਤੀ ਸੀ ।

### ਆਪਣਾ ਗਿਆਨ ਪਰਖੋਂ

**ਖਾਲੀ ਥਾਵਾਂ ਭਰੋ :-**

1. ਰਣਜੀਤ ਸਿੰਘ ਨੇ ਮੁਲਤਾਨ ਨੂੰ ਜਿੱਤਣ ਲਈ ਪਹਿਲੀ ਮੁਹਿੰਮ ............ ਈ. ਵਿੱਚ ਭੇਜੀ।
2. ਮੁਜ਼ੱਫਰ ਖਾਨ ....................ਦਾ ਹਾਕਮ ਸੀ।
3. ਮੁਲਤਾਨ ਦੇ ਜੇਤੂ, ਮਿਸਰ ਦੀਵਾਨ ਚੰਦ ਨੂੰ.........................ਦਾ ਖਿਤਾਬ ਦਿੱਤਾ।
4. ਰਣਜੀਤ ਸਿੰਘ ਨੇ ਕਸ਼ਮੀਰ ਨੂੰ.......................ਵਿੱਚ ਜਿੱਤਿਆ।
5. ਮਸ਼ਹੂਰ ਹਜ਼ਰੋ ਦੀ ਲੜਾਈ 10 ਜੂਨ.............. ਨੂੰ ਹੋਈ।
6. ਜਦੋਂ ਰਣਜੀਤ ਸਿੰਘ ਨੇ ਪਿਸ਼ਾਵਰ ਤੇ ਕਬਜਾ ਕੀਤਾ ਉਸ ਸਮੇਂ ਅਫਗਾਨਿਸਤਾਨ ਦਾ ਸ਼ਾਸਕ......ਸੀ।
7. 1812 ਈ: ਵਿੱਚ ਅਫਗਾਨਿਸਤਾਨ ਦਾ ਪ੍ਰਧਾਨ ਮੰਤਰੀ .................... ਸੀ।
8. ਰਣਜੀਤ ਸਿੰਘ ਨੇ ਦੀਵਾਨ..............ਨੂੰ ਕਸ਼ਮੀਰ ਦਾ ਪਹਿਲਾ ਗਵਰਨਰ ਲਾਇਆ।
9. ਹਰੀ ਸਿੰਘ ਨਲੂਆ..................ਲੜਾਈ ਵਿੱਚ ਮਾਰਿਆ ਗਿਆ।
10. ਅਕਾਲੀ ਫੂਲਾ ਸਿੰਘ................. ਵਿੱਚ ਮਾਰਿਆ ਗਿਆ।

### ਆਪਣੇ ਉੱਤਰ ਮਿਲਾਉ

(1) 1802 (2) ਮੁਲਤਾਨ (3) ਜਫਰ ਜੰਗ (4) 1819 ਈ: (5) 1813 ਈ: (6) ਦੋਸਤ ਮੁਹੰਮਦ (7) ਫਤਿਹ ਖਾਨ (8) ਦੀਵਾਨ ਮੋਤੀ ਰਾਮ (9) ਜਮਰੌਦ (10) ਨੋਸ਼ਹਿਰਾ

### ਆਪਣੀ ਸਥਿਤੀ ਵੇਖੋ

| | | |
|---|---|---|
| ਬਹੁਤ ਚੰਗਾ | : | 6 ਤੋਂ ਵੱਧ ਠੀਕ ਉੱਤਰ |
| ਚੰਗਾ | : | 5 ਠੀਕ ਉਤਰ |
| ਸੰਤੋਖ ਜਨਕ | : | 4 ਠੀਕ ਉਤਰ |
| ਅਸੰਤੋਖ ਜਨਕ | : | 4 ਤੋਂ ਘੱਟ ਠੀਕ ਉਤਰ। |

**2. ਹੇਠ ਦਿੱਤੇ ਪ੍ਰਸ਼ਨਾਂ ਵਿੱਚ ਕਿਸੀ ਇੱਕ ਦਾ ਉੱਤਰ 1000 ਸ਼ਬਦਾਂ ਵਿੱਚ ਦਿਉ ?**

1. ਮਹਾਰਾਜਾ ਰਣਜੀਤ ਸਿੰਘ ਦੀ ਮੁਲਤਾਨ ਦੀ ਮੁਹਿੰਮ ਦਾ ਵਿਸਥਾਰ ਵਿੱਚ ਵਰਣਨ ਕਰੋ ?
2. ਮਹਾਰਾਜਾ ਰਣਜੀਤ ਸਿੰਘ ਨੇ ਪਿਸ਼ਵਾਰ ਕਿਉਂ ਜਿਤਿਆ, ਮਹਾਰਾਜਾ ਦੇ ਰਸਤੇ ਵਿੱਚ ਆਉਣ ਵਾਲੀਆਂ ਕਠਿਨਾਈਆਂ ਦਾ ਵਰਣਨ ਕਰਦਿਆਂ ਹੋਇਆਂ ਇਸ ਜਿੱਤ ਦੇ ਮਹੱਤਵ ਬਾਰੇ ਵੀ ਲਿਖੋ ?

**ਪਾਠ ਨੰਬਰ : 1.4**

## ਮਹਾਰਾਜਾ ਰਣਜੀਤ ਸਿੰਘ ਦੇ ਅੰਗਰੇਜ਼ਾ ਨਾਲ ਸੰਬੰਧ : 1800 ਈ. - 1839 ਈ.

**ਉਦੇਸ਼** :- ਇਸ ਪਾਠ ਵਿਚ ਸਾਡਾ ਮੁੱਖ ਉਦੇਸ਼ ਅੰਗਰੇਜਾਂ ਅਤੇ ਸਿੱਖਾਂ ਵਿਚਕਾਰ ਦੇ ਆਪਸੀ ਸੰਬੰਧਾਂ ਦਾ ਅਲੋਚਨਾਤਮਕ ਅਧਿਐਨ ਕਰਨਾ ਹੈ। 1800 ਈ: ਤੋਂ ਹੀ ਇਹ ਦੋਵੇਂ ਤਾਕਤਾਂ ਆਪਣੇ-ਆਪਣੇ ਲਈ ਇਲਾਕੇ ਅਤੇ ਰਾਜਸੀ ਸੱਤਾ ਪ੍ਰਾਪਤ ਕਰਨ ਵਿਚ ਲੱਗੀਆਂ ਹੋਈਆਂ ਸਨ। ਇਨ੍ਹਾਂ ਸੰਬੰਧਾਂ ਨੂੰ ਇਤਿਹਾਸਿਕ ਪਿਛੋਕੜ ਵਿਚ ਦੱਸਣ ਦੀ ਕੋਸ਼ਿਸ਼ ਰਹੇਗੀ। ਇਤਿਹਾਸਕ ਪਿਛੋਕੜ ਤੋਂ ਭਾਵ ਹੈ ਕਿ ਅੰਗਰੇਜਾਂ ਨੇ 1800 ਈ: ਤੱਕ ਭਾਰਤ ਵਿਖੇ ਆਪਣੀ ਰਾਜਸੀ ਸੱਤਾ ਨੂੰ ਕਿਸ ਤਰ੍ਹਾਂ ਕਾਇਮ ਕੀਤਾ ਸੀ ਅਤੇ ਉਨ੍ਹਾਂ ਦਾ ਪੰਜਾਬ ਵੱਲ ਕਿਹੋ ਜਿਹਾ ਦ੍ਰਿਸ਼ਟੀਕੋਣ ਸੀ। ਇਨ੍ਹਾਂ ਸੰਬੰਧਾਂ ਵਿਚ ਅਲੱਗ-ਅਲੱਗ ਆਏ ਸਮੇਂ ਤੇ ਉਤਾਰ ਚੜ੍ਹਾਵਾਂ ਨੂੰ ਸਾਹਮਣੇ ਰੱਖਦਿਆ ਹੋਇਆ ਹੇਠ ਲਿਖਿਆਂ ਗੱਲਾਂ ਦਾ ਵਿਸ਼ੇਸ਼ ਤੌਰ ਤੇ ਵਰਣਨ ਕੀਤਾ ਜਾਵੇਗਾ :-

1. **ਭੂਮਿਕਾ** :- ਮੁਗਲ, ਸ਼ਕਤੀ ਦਾ ਖੇਰੂੰ-ਖੇਰੂੰ ਹੋਣਾ। ਪਾਣੀਪਤ ਦੀ ਤੀਜੀ ਲੜਾਈ ਅਤੇ ਬ੍ਰਿਟਿਸ਼ ਸ਼ਕਤੀ ਦਾ ਉਤਰ ਵੱਲ ਆਉਣਾ ਅਤੇ ਅੰਗਰੇਜ਼ਾ ਦੀ ਹੁਣ ਪੰਜਾਬ ਵਿਚ ਵਧੇਰੇ ਦਿਲਚਸਪੀ।
   - 1. ਅੰਗਰੇਜ਼ ਸਿੱਖ ਸੰਬੰਧ :- ਮਿੱਤਰਤਾ ਵਧਣ ਦਾ ਕਾਲ (1800-1809)
   - 1.1 ਸ਼ੱਕ ਦਾ ਕਾਲ (1809 ਈ. - 1812 ਈ.)
   - 1.2 ਆਪਸੀ ਵਿਸ਼ਵਾਸ ਦਾ ਕਾਲ (1812 ਈ. - 1827 ਈ.)
   - 1.3 ਸੰਬੰਧਾਂ ਵਿਚ ਖਿਚਾਈ ਦਾ ਕਾਲ (1827 ਈ. - 1839 ਈ.)
2. 2.1 ਮਿੱਤਰਤਾ ਵਧਣ ਦਾ ਕਾਲ : ਯੂਸਫ ਅਲੀ ਮਿਸ਼ਨ ।
   - 2.2 ਰਣਜੀਤ ਸਿੰਘ ਦਾ ਜਨਰਲ ਲੇਕ ਨਾਲ ਸਮਝੌਤਾ ।
3. ਅੰਮ੍ਰਿਤਸਰ ਦੀ ਸੰਧੀ (1809 ਈ.)
   - 3.1 ਨਾਭਾ ਅਤੇ ਪਟਿਆਲਾ ਦਾ ਝਗੜਾ (1806 ਈ.)
   - 3.2 ਪਟਿਆਲਾ ਦਾ ਰਾਜਾ ਅਤੇ ਰਾਣੀ ਨਾਲ ਝਗੜਾ (1807 ਈ.)
   - 3.3 ਮਾਲਵਾ ਦੇ ਸ਼ਾਸਕਾਂ ਦੀ ਬੇਨਤੀ ਅਤੇ ਅੰਗਰੇਜ਼ਾਂ ਦੀ ਦੋਚਿੱਤੀ ।
   - 3.4 ਮੈਟਕਾਫ ਅਤੇ ਰਣਜੀਤ ਸਿੰਘ ਦੀ ਪਹਿਲੀ ਮੁਲਾਕਾਤ।
   - 3.5 ਮਹਾਰਾਜ ਦਾ ਸਤਲੁਜ ਉਰਾਰ ਦੇ ਇਲਾਕੇ ਤੇ ਤੀਜਾ ਹਮਲਾ ।
   - 3.6 ਯੂਰਪੀ ਸਥਿਤੀ ਬਦਲਣ ਕਾਰਨ ਅੰਗਰੇਜ਼ਾਂ ਦੇ ਵਤੀਰੇ ਵਿਚ ਤਬਦੀਲੀ ।
   - 3.7 ਸੰਧੀ ਦੀਆਂ ਸ਼ਰਤਾਂ ।
   - 3.8 ਅੰਮ੍ਰਿਤਸਰ ਦੀ ਸੰਧੀ ਦਾ ਮਹੱਤਵ : ਅੰਗਰੇਜ਼ਾਂ ਨੂੰ ਲਾਭ, ਮਹਾਰਾਜਾ ਨੂੰ ਹਾਨੀਆਂ ਅਤੇ ਲਾਭ 4. ਸ਼ੱਕ ਦਾ ਕਾਲ (1809 ਈ. - 1813 ਈ.)
5. ਮੁੜ ਦੋਸਤੀ ਦਾ ਕਾਲ (1812 ਈ. - 1827 ਈ.)
6. ਮੁੜ ਮਤਭੇਦ ਦਾ ਕਾਲ (1827 ਈ. - 1839 ਈ.)
   - 6.1 ਸੱਯਦ ਅਹਿਮਦ ਦਾ ਵਿਦਰੋਹ
   - 6.2 ਸਿੰਧ ਦਾ ਮਾਮਲਾ
   - 6.3 ਬਰਨਜ਼ ਮਿਸ਼ਨ, ਜੁਲਾਈ 1831 ਈ.
   - 6.4 ਰੋਪੜ ਦੀ ਮੁਲਾਕਾਤ, ਅਕਤੂਬਰ 1831 ਈ.
   - 6.5 ਸ਼ਿਕਾਰਪੁਰ ਦਾ ਮਾਮਲਾ
   - 6.6 ਫਿਰੋਜ਼ਪੁਰ ਉਤੇ ਅੰਗਰੇਜ਼ਾਂ ਦਾ ਨਜਾਇਜ਼ ਕਬਜ਼ਾ
7. ਤ੍ਰਿਪੱਖੀ ਸੰਧੀ, 1838 ਈ.
8. ਅੰਗਰੇਜ਼ ਸਿੱਖ ਸੰਬੰਧਾਂ ਦੀ ਆਲੋਚਨਾ

## ਅੰਗਰੇਜ਼ ਸਿੱਖ ਸੰਬੰਧ 1800 ਈ: ਤੋਂ 1839 ਈ: ਤੱਕ

**ਉਦੇਸ਼ :-** ਇਸ ਪਾਠ ਵਿਚ ਸਾਡਾ ਮੁੱਖ ਉਦੇਸ਼ ਅੰਗਰੇਜ਼ਾਂ ਅਤੇ ਸਿੱਖਾਂ ਵਿਚਕਾਰ ਦੇ ਸੰਬੰਧਾਂ ਦਾ ਆਲੋਚਨਾਤਮਕ ਰੂਪ ਵਿਚ ਅਧਿਐਨ ਕਰਨਾ ਹੈ ਕਿਉਂਕਿ ਉਸ ਸਮੇਂ ਇਹ ਦੋਵੇਂ ਤਾਕਤਾਂ ਆਪਣੇ-ਆਪਣੇ ਲਈ ਇਲਾਕੇ ਅਤੇ ਰਾਜਸੀ ਸੱਤਾ ਪ੍ਰਾਪਤ ਕਰਨ ਵਿਚ ਲੱਗੀਆਂ ਹੋਈਆਂ ਸਨ। ਦੂਜਾ ਅਸੀਂ ਇਨ੍ਹਾਂ ਸੰਬੰਧਾਂ ਨੂੰ ਇਤਿਹਾਸਕ ਪਿਛੋਕੜ ਵਿਚ ਦਸਣ ਦਾ ਯਤਨ ਕਰਾਂਗੇ। ਇਥੇ ਸਾਡਾ ਇਤਿਹਾਸਕ ਪਿਛੋਕੜ ਤੋਂ ਭਾਵ ਹੈ ਕਿ ਅੰਗਰੇਜ਼ਾਂ ਨੇ 1800 ਈ: ਤੱਕ ਭਾਰਤ ਵਿਚ ਆਪਣੀ ਰਾਜਸੀ ਸੱਤਾਂ ਨੂੰ ਕਿਸ ਤਰ੍ਹਾਂ ਸਥਾਪਿਤ ਕੀਤਾ ਸੀ ਅਤੇ ਉਨ੍ਹਾਂ ਦਾ ਪੰਜਾਬ ਵੱਲ ਕਿਹੋ ਜਿਹਾ ਦ੍ਰਿਸ਼ਟੀਕੋਣ ਸੀ। ਤੀਜਾ ਅਸੀਂ ਇਸ ਪਾਠ ਵਿਚ ਇਹ ਵੀ ਪੜਾਂਗੇ ਕਿ ਇਨ੍ਹਾਂ ਸੰਬੰਧਾਂ ਵਿਚ ਆਏ ਉਤਾਰ-ਚੜਾਅ ਦਾ ਸੰਖੇਪ ਵਿਚ ਵਰਣਨ ਕਰਦੇ ਹੋਏ ਦੋਹਾਂ ਧਿਰਾਂ ਨੂੰ ਕੀ ਲਾਭ ਅਤੇ ਨੁਕਸਾਨ ਹੋਇਆ।

**ਭੂਮਿਕਾ :-** ਸਾਡੇ ਪੂਰੇ ਸਲੇਬਸ ਵਿਚ ਇਸ ਪਾਠ ਦਾ ਵਿਸ਼ੇਸ਼ ਮਹੱਤਵ ਹੈ ਕਿਉਂਕਿ ਇਨ੍ਹਾਂ ਸੰਬੰਧਾਂ ਦੇ ਅਨੁਸਾਰ ਹੀ ਰਣਜੀਤ ਸਿੰਘ ਅਤੇ ਅੰਗਰੇਜ਼ਾਂ ਨੂੰ ਆਪਣੇ-ਆਪਣੇ ਰਾਜ ਦੇ ਵਿਸਤਾਰ ਅਤੇ ਉਸਨੂੰ ਸ਼ਕਤੀਸ਼ਾਲੀ ਬਣਾਉਣ ਸੰਬੰਧੀ ਨੀਤੀਆਂ ਬਣਾਉਣੀਆਂ ਪਈਆਂ। ਉਹ ਦੋਵੇਂ ਸ਼ਕਤੀਆਂ ਇੱਕ-ਦੂਜੇ ਨੂੰ ਨਾ ਤਾਂ ਨਰਾਜ਼ ਕਰਨੀਆਂ ਚਾਹੁੰਦੀਆਂ ਸਨ ਅਤੇ ਨਾ ਹੀ ਇਕ-ਦੂਜੇ ਦੀ ਵਧ ਰਹੀ ਸ਼ਕਤੀ ਨੂੰ ਸਹਾਰਦੀਆਂ ਸਨ। ਸਗੋਂ ਉਹ ਮੌਕਾ ਮਿਲਦਿਆ ਹੀ ਇਕ ਦੂਜੇ ਨੂੰ ਅੱਖਾਂ ਵੀ ਵਿਖਾਉਦੀਆਂ ਸਨ ਅਤੇ ਲੋੜ ਪੈਣ ਤੇ ਇਕ-ਦੂਜੇ ਨਾਲ ਸਹਿਯੋਗ ਵੀ ਕਰਦੀਆਂ ਸਨ।

18ਵੀਂ ਸਦੀ ਦੇ ਪਿਛਲੇ ਪੰਜਾਹ ਵਰ੍ਹਿਆਂ ਦੇ ਇਤਿਹਾਸ ਦੇ ਅਧਿਐਨ ਤੋਂ ਸਾਨੂੰ ਕੁੱਝ ਗੱਲਾਂ ਇਨ੍ਹਾਂ ਸੰਬੰਧਾਂ ਨੂੰ ਲਿਖਣ ਤੋਂ ਪਹਿਲਾਂ ਜ਼ਰੂਰ ਸਮਝ ਲੈਣੀਆਂ ਚਾਹੀਦੀਆਂ ਹਨ। ਇਨ੍ਹਾਂ ਗੱਲਾਂ ਨੂੰ ਸਮਝਣ ਨਾਲ ਅਸੀਂ ਇਨ੍ਹਾਂ ਦੋਹਾਂ ਦੇ ਸੰਬੰਧਾਂ ਨੂੰ ਬਹੁਪੱਖੀ ਦ੍ਰਿਸ਼ਟੀਕੋਣ ਨਾਲ ਸਮਝ ਸਕਾਂਗੇ। ਪਹਿਲੀ ਗੱਲ ਇਹ ਹੈ ਕਿ ਅੱਧੀ ਸਦੀ ਦੀ ਅਸ਼ਾਂਤੀ ਅਤੇ ਗੜਬੜੀ ਤੋਂ ਬਾਅਦ 1800 ਈ: ਦੇ ਕਰੀਬ ਪੰਜਾਬ ਅਤੇ ਭਾਰਤ ਦੇ ਰਾਜਨੀਤਿਕ ਹਾਲਾਤ ਲਗਾਤਾਰ ਬਦਲ ਰਹੇ ਸਨ। ਨਾ ਮਾਤਰ ਦਾ ਮੁਗਲ ਬਾਦਸ਼ਾਹ ਸ਼ਾਹ ਆਲਮ ਦੂਜਾ, ਜਿਸ ਨੇ ਮੁਗਲ ਤਾਕਤ ਨੂੰ ਖੇਰੂੰ-ਖੇਰੂੰ ਹੁੰਦਿਆ ਵੇਖਿਆ ਸੀ, ਅਸਲ ਵਿਚ ਹੁਣ ਕਦੇ ਕਿਸੇ ਅਤੇ ਕਦੇ ਕਿਸੇ ਤਾਕਤ ਦੇ ਹੱਥਾਂ ਵਿਚ ਕੈਦੀ ਸੀ। ਉਸਦਾ ਸ਼ਾਸ਼ਨ ਕਾਲ 1759 ਈ: ਤੋਂ 1806 ਈ: ਤੱਕ ਰਿਹਾ। ਮਰਹੱਟਿਆਂ, ਰੁਹੇਲਿਆਂ ਅਤੇ ਹੋਰ ਕਈਆਂ ਨੇ ਆਪਣੇ ਆਪਣੇ ਨਵੇਂ ਰਾਜ ਕਾਇਮ ਕਰ ਲਏ ਸਨ।

ਦੂਜੀ ਗੱਲ ਇਹ ਸੀ ਕਿ 1761 ਈ: ਵਿਚ ਲੜੀ ਗਈ ਪਾਨੀਪਤ ਦੀ ਤੀਜੀ ਲੜਾਈ ਤੋਂ ਬਾਅਦ ਅਹਿਮਦ ਸ਼ਾਹ ਅਬਦਾਲੀ ਆਪਣੀ ਇਸ ਮਹਾਨ ਜਿੱਤ ਤੋਂ ਕੋਈ ਫਾਇਦਾ ਨਾ ਉਠਾ ਸਕਿਆ ਕਿਉਂਕਿ ਉਸਦੀ ਫੌਜ ਹੁਣ ਬਾਗੀ ਹੋਣ ਲੱਗੀ ਸੀ। ਉਨ੍ਹਾਂ ਨੇ ਅਫਗਾਨਿਸਤਾਨ ਮੁੜ ਜਾਣ ਦੀ ਮੰਗ ਕਰਨੀ ਸ਼ੁਰੂ ਕਰ ਦਿੱਤੀ ਸੀ। 1765 ਈ: ਪਿਛੋ ਉਸਦੀ ਤਾਕਤ ਲਗਾਤਾਰ ਘੱਟਦੀ ਗਈ 1766-67 ਈ: ਵਿਚ ਅਬਦਾਲੀ ਨੇ ਫਿਰ ਪੰਜਾਬ ਉਤੇ ਦੋ ਵਾਰ ਹਮਲੇ ਕੀਤੇ ਪਰ ਉਸਨੂੰ ਸਫਲਤਾ ਪ੍ਰਾਪਤ ਨਹੀਂ ਹੋਈ। ਇਸ ਤੋਂ 1773 ਈ: ਵਿਚ ਉਸਦੀ ਮੌਤ ਸਮੇਂ ਉਹ ਅਫਗਾਨਿਸਤਾਨ ਵਿਚ ਹੀ ਆਪਣੀ ਤਾਕਤ ਵਧਾਉਣ ਅਤੇ ਜਮਾਉਣ ਵਿਚ ਇਲਾਕੇ ਉਤੇ ਕਬਜਾ ਕਰ ਲਿਆ। ਇਹ ਇਲਾਕਾ ਉਨ੍ਹਾਂ ਦੇ 12 ਹਿੱਸਿਆਂ ਵਿਚ ਵੰਡਿਆ ਹੋਇਆ ਸੀ। ਹਰ ਹਿੱਸੇ ਦਾ ਖਾਸ ਨਾਂ ਸੀ। ਇਹ ਨਵੇਂ ਵੰਡੇ ਹਿੱਸੇ ਮਿਸ਼ਲ ਅਖਵਾਉਂਦੇ ਸਨ। ਹਰ ਮਿਸਲ ਦਾ ਆਪਣਾ ਸਰਦਾਰ ਸੀ। ਇਨ੍ਹਾਂ ਵਿਚ ਮਿਸਲ ਸ਼ੁਕਰਚੱਕੀਆਂ ਸੀ ਅਤੇ ਉਸਦਾ ਨੌਜੁਆਨ ਸਰਦਾਰ ਰਣਜੀਤ ਸਿੰਘ ਸੀ । 19ਵੀਂ ਸਦੀ ਦੇ ਸ਼ੁਰੂ ਵਿਚ ਉਹ ਪੰਜਾਬ ਦਾ ਇਕ ਬਹੁਤ ਹੀ ਸ਼ਕਤੀਸਾਲੀ ਆਗੂ ਬਣ ਗਿਆ।

ਤੀਜੀ ਗੱਲ ਇਹ ਸੀ ਕਿ ਦੱਖਣ ਤੋਂ ਸ਼ੁਰੂ ਹੋ ਕੇ ਈਸਟ ਇੰਡੀਆਂ ਕੰਪਨੀ ਦੀ ਤਾਕਤ ਬੰਗਾਲ ਵਲ ਵੱਧਦੀ ਹੋਈ ਉਤਰ ਭਾਰਤ ਵਲ ਆ ਰਹੀ ਸੀ। ਈਸਟ ਇੰਡੀਆਂ ਕੰਪਨੀ ਲਈ 1784 ਈ: ਵਿਚ ਪਿੱਟ ਇੰਡੀਆਂ ਐਕਟ ਦੇ ਪਾਸ ਹੋਣ ਤੋਂ ਬਾਅਦ ਇੰਗਲੈਂਡ ਦੀ ਸਰਕਾਰ ਭਾਰਤ ਵਿਖੇ ਈਸਟ ਇੰਡੀਆ ਕੰਪਨੀ ਦੇ ਸ਼ਾਸ਼ਨ ਦੀ ਸਿੱਧੇ ਤੌਰ ਤੇ ਜ਼ਿੰਮੇਵਾਰ ਹੋ ਗਈ ਸੀ। ਲਾਰਡ ਕਾਰਨ ਵਾਲਿਸ ਅਤੇ ਲਾਰਡ ਵੈਲਜਲੀ ਜਿਹੇ ਉਘੇ ਗਵਰਨਰ ਜਨਰਲਾਂ ਨੇ ਈਸਟ ਇੰਡੀਆਂ ਕੰਪਨੀ ਦੀ ਤਾਕਤ ਨੂੰ ਆਪਣੇ-ਆਪਣੇ ਸ਼ਾਸਨ ਕਾਲ ਦੌਰਾਨ ਮਜ਼ਬੂਤ ਅਤੇ ਮਹਾਨ ਬਣਾਇਆ। ਲਾਰਡ ਕਾਰਨਵਾਲਿਸ ਦਾ ਸਮਾਂ 1786 ਈ: ਤੋਂ 1798 ਤੱਕ ਦਾ ਰਿਹਾ ਲਾਰਡ ਵੈਲਜਲੀ ਦਾ ਸਮਾਂ 1798 ਈ: ਤੋਂ 1805 ਈ: ਤੱਕ ਰਿਹਾ । ਉਨ੍ਹਾਂ ਦੋਹਾਂ ਨੇ ਜਿੱਤਾਂ ਪ੍ਰਾਪਤ ਕਰਕੇ ਜਾ ਸੰਧੀਆਂ ਕਰਕੇ ਬ੍ਰਿਟਿਸ਼ ਸਰਕਾਰ ਦੇ ਰਾਜ ਦਾ ਵਿਸਤਾਰ ਕੀਤਾ ਅਤੇ ਉਸਦੀ ਹੱਦ ਉਤਰ-ਪੱਛਮ ਵਿਚ ਯਮਨਾ ਨਦੀ ਤੱਕ ਲੈ ਆਂਦੀ ।

ਇਸ ਤਰ੍ਹਾਂ ਅੰਗਰੇਜ਼ਾਂ ਦੀ ਹੁਣ ਪੰਜਾਬ ਵਿਖੇ ਜ਼ਿਆਦਾ ਦਿਲਚਸਪੀ ਹੋ ਗਈ। ਉਹ ਪੰਜਾਬ ਦੇ ਹਾਲਾਤ ਬਾਰੇ

ਜ਼ਿਆਦਾ ਜਾਣਕਾਰੀ ਰੱਖਣ ਲੱਗ ਪਏ। 1803 ਈ: ਵਿਚ ਅੰਗਰੇਜ਼ਾਂ ਦਾ ਦਿੱਲੀ ਉਤੇ ਕਬਜਾ ਹੋਣ ਪਿਛੋਂ ਉਨ੍ਹਾਂ ਦੀ ਇਹ ਦਿਲਚਸਪੀ ਸਥਾਈ ਹੋ ਗਈ। ਖਾਸ ਕਰਕੇ ਇਸ ਲਈ ਕਿ ਯਮਨਾ ਅਤੇ ਸਤਲੁਜ ਨਦੀਆਂ ਦੇ ਵਿਚਕਾਰਲੇ ਇਲਾਕੇ ਵਿਚ ਕੋਈ ਨਿਸ਼ਚਿਤ ਜਾਂ ਕੁਦਰਤੀ ਹੱਦ ਨਹੀਂ ਸੀ।

ਅਸੀਂ ਅੰਗਰੇਜ਼ ਸਿੱਖ ਸੰਬੰਧ ਤਿੰਨ ਹਿੱਸਿਆਂ ਵਿਚ ਪੜ੍ਹਾਂਗੇ। ਪਹਿਲੇ ਭਾਗ ਵਿਚ ਮਿਤਰਤਾ ਵਧਣ ਦਾ ਸਮਾਂ (1800 ਈ: ਤੋਂ 1809 ਈ: ਤੱਕ ਦਾ) ਅਧਿਐਨ ਕਰਾਂਗੇ। ਇਸ ਕਾਲ ਦੇ ਦੌਰਾਨ ਖਾਸ ਤੌਰ ਤੇ ਅੰਮ੍ਰਿਤਸਰ ਦੀ ਸੰਧੀ ਦਾ ਵਿਸਥਾਰ ਵਿਚ ਅਤੇ ਅਲੋਚਨਾਤਕ ਅਧਿਐਨ ਕਰਾਂਗੇ। ਦੂਜਾ 1812 ਈ: ਤੋਂ 1827 ਈ: ਦਾ ਮੁੜ ਦਾ ਦੋਸਤੀ ਦਾ ਕਾਲ ਦਾ ਅਧਿਐਨ ਕਰਾਂਗੇ ਅਤੇ ਅੰਤ ਵਿਚ 1827 ਈ: ਤੋਂ 1839 ਈ: ਦੇ ਕਾਲ ਦਾ ਵਰਣਨ ਕਰਨਗੇ ਜਿਸ ਵਿਚ ਇਕ ਵਾਰ ਫਿਰ ਦੋਹਾਂ ਸ਼ਕਤੀਆਂ ਵਿਚ ਮਤਭੇਦ ਪੈਦਾ ਹੋ ਗਏ ਸਨ।

**1800 ਈ: ਤੋਂ 1809 ਈ: ਤੱਕ ਦਾ ਸਮਾਂ :–** ਇਹ ਸਮਾਂ ਅੰਗਰੇਜ਼ਾਂ ਅਤੇ ਮਹਾਰਾਜਾ ਰਣਜੀਤ ਸਿੰਘ ਵਿਚਕਾਰ ਦੋਸਤੀ ਅਤੇ ਚੰਗੇ ਸੰਬੰਧ ਵਧਣ ਦਾ ਸਮਾਂ ਸੀ। ਇਸ ਸਮੇਂ ਦੌਰਾਨ ਉਨ੍ਹਾਂ ਘਟਨਾਵਾਂ ਦਾ ਵਰਣਨ ਆਉਂਦਾ ਹੈ ਜਿਨ੍ਹਾਂ ਕਾਰਣ ਉਨ੍ਹਾਂ ਦੋਹਾਂ ਵਿਚ 1809 ਈ: ਵਿਚ ਅੰਮ੍ਰਿਤਸਰ ਦੀ ਸੰਧੀ ਹੋਈ ਸੀ। ਮਹਾਰਾਜਾ ਰਣਜੀਤ ਸਿੰਘ ਅਤੇ ਈਸਟ ਇੰਡੀਆ ਕੰਪਨੀ ਵਿਚ ਪਹਿਲੀ ਵਾਰ ਸੰਪਰਕ 1800 ਈ: ਵਿਚ ਹੋਇਆ। ਅਫਗਾਨਿਸਤਾਨ ਦਾ ਸ਼ਾਸ਼ਕ ਜ਼ਮਾਨ ਸ਼ਾਹ 1799 ਈ: ਵਿਚ ਆਪਣੀ ਤਾਕਤ ਦੀ ਚੋਟੀ ਉਤੇ ਪੁੱਜ ਗਿਆ ਸੀ। ਬ੍ਰਿਟਿਸ਼ ਸਰਕਾਰ ਨੂੰ ਖਤਰਾ ਪੈਦਾ ਹੋ ਗਿਆ ਸੀ ਕਿ ਉਹ ਕਿਤੇ ਮੁੜ ਉਤਰੀ ਭਾਰਤ ਵਿਚ ਆਪਣਾ ਅਧਿਕਾਰ ਸਥਾਪਿਤ ਕਰਨ ਦੀ ਕੋਸ਼ਿਸ਼ ਨਾ ਕਰੇ। ਆਪਣੇ ਇਲਾਕੇ ਦੀ ਰੱਖਿਆ ਲਈ ਗਵਰਨਰ ਜਨਰਲ ਨੇ ਮਹਾਰਾਜ ਕੋਲ ਯੂਸਫ ਅਲੀ ਨੂੰ ਤੋਹਫੇ ਦੇ ਕੇ 1800 ਈ: ਵਿਚ ਭੇਜਿਆ। ਯੂਸਫ ਅਲੀ ਨੂੰ ਖੁਫੀਆ ਤੌਰ ਤੇ ਹਦਾਇਤ ਕੀਤੀ ਗਈ ਕਿ ਉਹ ਮਹਾਰਾਜਾ ਦੀ ਹਮਦਰਦੀ ਹਾਸਿਲ ਕਰੇ ਅਤੇ ਉਸ ਤੋਂ ਇਹ ਵਾਅਦਾ ਲਵੇ ਕਿ ਸ਼ਾਹ ਜ਼ਮਾਨ ਹਮਲਾ ਕਰੇ ਤਾਂ ਉਹ ਉਸਦੀ ਮਦਦ ਨਹੀਂ ਕਰੇਗਾ। ਇਹ ਗੱਲ ਰਣਜੀਤ ਸਿੰਘ ਦੇ ਉਤਨੀ ਹੀ ਹਿੱਤ ਵਿਚ ਸੀ, ਜਿੰਨੀ ਅੰਗਰੇਜੀ ਸਰਕਾਰ ਦੇ। ਉਸ ਸਮੇਂ ਹੀ ਸ਼ਾਹ ਜ਼ਮਾਨ ਨੂੰ ਉਸਦੇ ਭਰਾ ਨੇ ਗੱਦੀ ਤੋਂ ਲਾਹ ਦਿੱਤਾ। ਇਸ ਨਾਲ ਜ਼ਮਾਨ ਸ਼ਾਹ ਦਾ ਖਤਰਾ ਜਾਂਦਾ ਰਿਹਾ ਅਤੇ ਯੂਸਫ ਅਲੀ ਮਿਸ਼ਨ ਵਾਪਸ ਬੁਲਾ ਲਿਆ ਗਿਆ।

**ਰਣਜੀਤ ਸਿੰਘ ਦਾ ਜਨਰਲ ਲੇਕ ਨਾਲ ਸਮਝੌਤਾ 1806 ਈ: –** ਅੰਗਰੇਜ਼ਾਂ ਅਤੇ ਰਣਜੀਤ ਸਿੰਘ ਨੂੰ 1805 ਈ: ਵਿਚ ਆਪਸੀ ਸੰਪਰਕ ਕਾਇਮ ਕਰਨ ਦਾ ਮੌਕਾ ਪ੍ਰਾਪਤ ਹੋਇਆ। ਜਨਰਲ ਲੇਕ ਅਤੇ ਲਾਰਡ ਵੈਲਜਲੀ ਨੇ ਜਸਵੰਤ ਰਾਉ ਹੋਲਕਰ ਨੂੰ ਹਰਾ ਦਿੱਤਾ ਅਤੇ ਉਹ ਅਕਤੂਬਰ ਦੇ ਮਹੀਨੇ ਵਿਚ ਅੰਗਰੇਜ਼ਾਂ ਤੋਂ ਬਚਣ ਲਈ ਅੰਮ੍ਰਿਤਸਰ ਆ ਪੁੱਜਾ। ਜਨਰਲ ਲੇਕ ਪਿੱਛਾ ਕਰਦਿਆਂ ਹੋਇਆ ਸਤਲੁਜ ਪਾਰ ਕਰਕੇ ਬਿਆਸ ਨਦੀ ਦੇ ਕਿਨਾਰੇ ਪੁਜ ਗਿਆ। ਉਸ ਸਮੇ ਂ ਰਣਜੀਤ ਸਿੰਘ ਝੰਗ ਉਤੇ ਕਬਜਾ ਕਰਨ ਲਈ ਗਿਆ ਹੋਇਆ ਸੀ। ਇਹ ਖਬਰ ਸੁਣ ਕੇ ਉਹ ਫਿਰ ਅਮ੍ਰਿਤਸਰ ਪਰਤ ਆਇਆ। ਹੋਲਕਰ ਨੇ ਅੰਗਰੇਜ਼ਾਂ ਦੇ ਖਿਲਾਫ ਰਣਜੀਤ ਸਿੰਘ ਤੋਂ ਮਦਦ ਮੰਗੀ ਪਰ ਰਣਜੀਤ ਸਿੰਘ ਨੇ ਬੜੀ ਹੀ ਅਕਲਮੰਦੀ ਅਤੇ ਦੂਰ-ਅੰਦੇਸ਼ੀ ਨਾਲ ਅਜਿਹੇ ਕੰਮ ਵਿਚ ਪੈਣ ਤੋਂ ਨਾਂਹ ਕਰ ਦਿੱਤੀ। ਮਹਾਰਾਜਾ ਨੇ ਬੜੀ ਨਿਰਮਤਾ ਨਾਲ ਹੋਲਕਰ ਨੂੰ ਕਿਹਾ ਕਿ ਉਹ ਉਸ ਸਮੇਂ ਉਸਦੀ ਮਦਦ ਨਹੀਂ ਕਰ ਸਕੇਗਾ। ਇਸ ਸਮੇਂ ਦੂਜੀ ਤਰਫ ਜਨਰਲ ਲੇਕ, ਮਹਾਰਾਜਾ ਰਣਜੀਤ ਸਿੰਘ ਅਤੇ ਫਤਿਹ ਸਿੰਘ ਆਹਲੂਵਾਲੀਆਂ ਵਿਚ ਇਕ ਸੰਧੀ ਹੋਈ। ਇਸ ਸੰਧੀ ਅਨੁਸਾਰ ਰਣਜੀਤ ਸਿੰਘ ਅਤੇ ਫਤਿਹ ਸਿੰਘ ਆਹਲੂਵਾਲੀਆਂ ਨੇ ਇਹ ਜ਼ਿੰਮੇਵਾਰੀ ਲਈ ਕਿ ਉਹ ਹੋਲਕਰ ਅਤੇ ਉਸਦੀਆਂ ਫੌਜਾਂ ਨੂੰ ਅੰਮ੍ਰਿਤਸਰ ਤੋਂ 30 ਮੀਲ ਦੂਰ ਚਲੇ ਜਾਣ ਲਈ ਮਜ਼ਬੂਰ ਕਰਨਗੇ। ਦੂਜੀ ਤਰਫ ਅੰਗਰੇਜ਼ਾਂ ਨੇ ਇਹ ਵਾਅਦਾ ਕੀਤਾ ਕਿ ਉਹ ਰਣਜੀਤ ਸਿੰਘ ਅਤੇ ਫਤਿਹ ਸਿੰਘ ਨੂੰ ਆਪਣਾ ਮਿੱਤਰ ਬਣਾਈ ਰੱਖਣਗੇ ਅਤੇ ਉਨ੍ਹਾਂ ਦੀ ਜਾਇਦਾਦ ਉਤੇ ਕਬਜ਼ਾ ਕਰਨ ਦਾ ਯਤਨ ਨਹੀਂ ਕਰਨਗੇ।

**ਰਣਜੀਤ ਸਿੰਘ ਦੇ ਮਾਲਵਾ ਦੀਆਂ ਰਿਆਸਤਾਂ ਨਾਲ ਸੰਬੰਧ :–** ਰਣਜੀਤ ਸਿੰਘ ਨੇ ਜਦ ਮਾਲਵਾ ਦੇ ਇਲਾਕੇ ਵਿਚ ਆਪਣੀ ਸੱਤਾ ਨੂੰ ਵਧਾਉਣ ਦੀ ਕੋਸ਼ਿਸ਼ ਕੀਤੀ ਤਾਂ ਉਸਦਾ ਟਾਕਰਾ ਅੰਗਰੇਜ਼ੀ ਸ਼ਕਤੀ ਨਾਲ ਹੋਇਆ ਅਤੇ ਮਾਲਵਾ ਦੇ ਇਲਾਕੇ ਨੂੰ ਲੈਕੇ ਉਨ੍ਹਾਂ ਦੋਹਾਂ ਵਿਚਕਾਰ 1809 ਈ: ਵਿਚ ਅੰਮ੍ਰਿਤਸਰ ਦੀ ਸੰਧੀ ਹੋਈ ਸੱਚ ਇਹ ਹੈ ਕਿ ਇਹੀ ਸੰਬੰਧ ਪ੍ਰਤੱਖ ਰੂਪ ਵਿਚ ਅੰਮ੍ਰਿਤਸਰ ਦੀ ਸੰਧੀ ਕਰਵਾਉਣ ਲਈ ਜ਼ਿੰਮੇਵਾਰ ਸਨ।

**ਨਾਭਾ ਅਤੇ ਪਟਿਆਲਾ ਵਿਚਕਾਰ ਝਗੜਾ, 1806 ਈ: –** ਮਾਲਵਾ ਦੀਆਂ ਰਿਆਸਤਾਂ ਬਾਰੇ ਰਣਜੀਤ ਸਿੰਘ ਅਤੇ ਅੰਗਰੇਜ਼ਾਂ ਵਿਚਕਾਰ ਕੋਈ ਨਿਸ਼ਚਿਤ ਫੈਸਲਾ ਹੁਣ ਤੱਕ ਨਹੀਂ ਸੀ ਹੋਇਆ। ਇਸ ਤਰ੍ਹਾਂ ਇਹ ਇਲਾਕਾ ਪੂਰਣ ਤੌਰ

ਤੇ ਕਿਸੇ ਦੇ ਵੀ ਅਧੀਨ ਨਹੀਂ ਸੀ। ਇਹ ਸਿੱਖ ਸਰਦਾਰਾਂ ਵਿਚ ਵੰਡਿਆਂ ਹੋਇਆ ਸੀ ਅਤੇ ਉਹ ਆਪਸ ਵਿਚ ਲੜਦੇ -ਝਗੜਦੇ ਰਹਿੰਦੇ ਸਨ। ਇਹੀ ਕਾਰਨ ਸੀ ਕਿ ਰਣਜੀਤ ਸਿੰਘ ਨੂੰ ਇਸ ਇਲਾਕੇ ਵਿਚ ਹਮੇਸ਼ਾਂ ਰਣਜੀਤ ਸਿੰਘ ਨੂੰ ਦਖਲ ਦੇਣ ਦਾ ਮੌਕਾ ਮਿਲਦਾ ਰਹਿੰਦਾ ਸੀ। 1806 ਈ: ਵਿਚ ਦੁਲੱਧੀ, ਨਾਭੇ ਤੇ ਨੇੜੇ ਦੇ ਕਸਬੇ ਬਾਰੇ ਪਟਿਆਲਾ ਅਤੇ ਨਾਭਾ ਦੇ ਰਾਜ਼ਿਆਂ ਵਿਚਕਾਰ ਝਗੜਾ ਹੋਇਆ। ਨਾਭਾ ਦੇ ਰਾਜਾ ਜਸਵੰਤ ਸਿੰਘ ਅਤੇ ਉਸਦੇ ਸਾਥੀ ਜੀਂਦ ਦੇ ਰਾਜਾ ਭਾਗ ਸਿੰਘ ਦੇ ਕਹਿਣ ਦੇ ਇਸ ਝਗੜੇ ਦੀ ਸਾਲਸੀ ਰਣਜੀਤ ਸਿੰਘ ਨੂੰ ਦਿੱਤੀ ਗਈ। ਰਣਜੀਤ ਸਿੰਘ ਨੇ ਇਕ ਬਹੁਤ ਵੱਡੀ ਸੈਨਾ ਲੈ ਕੇ 26 ਜੁਲਾਈ 1806 ਈ: ਦੇ ਦਿਨ ਸਤਲੁਜ ਦਰਿਆਂ ਪਾਰ ਕੀਤਾ ਅਤੇ ਪਟਿਆਲਾ ਆ ਪੁੱਜਾ। ਇਥੇ ਦਾ ਰਾਜਾ ਸਾਹਿਬ ਸਿੰਘ ਝੁਕ ਗਿਆ। ਉਸਨੇ ਮਹਾਰਾਜਾ ਨੂੰ ਇਕ ਤੱਕੜੀ ਥੈਲੀ ਨਜ਼ਰਾਨੇ ਵਜੋਂ ਵੀ ਦਿੱਤੀ। ਵਾਪਸ ਜਾਂਦੇ ਹੋਏ ਰਣਜੀਤ ਸਿੰਘ ਨੇ ਲੁਧਿਆਣੇ ਉਤੇ ਕਬਜ਼ਾ ਕਰ ਲਿਆ ਪਰ ਉਸਨੇ ਲੁਧਿਆਣਾ ਨੂੰ ਆਪਣੇ ਮਾਮਾ ਭਾਗ ਸਿੰਘ ਜਿਹੜਾ ਜੀਂਦ ਦਾ ਰਾਜਾ ਸੀ ਨੂੰ ਦੇ ਦਿੱਤਾ। ਰਣਜੀਤ ਸਿੰਘ ਨੇ ਆਪਣੀ ਇਸ ਮੁਹਿੰਮ ਦੇ ਦੌਰਾਨ, ਘੁੰਗਰਾਣਾ, ਰਾਏਕੋਟ ਅਤੇ ਜਗਰਾਵਾਂ ਉਤੇ ਕਬਜ਼ਾਂ ਕਰਕੇ ਫਤਿਹ ਸਿੰਘ ਆਹਲੂਵਾਲੀਆਂ ਅਤੇ ਮੋਹਕਮ ਚੰਦ ਨੂੰ ਦੇ ਦਿੱਤੇ।

**ਪਟਿਆਲਾ ਦੇ ਰਾਜਾ ਅਤੇ ਰਾਣੀ ਵਿਚ ਝਗੜਾ :-** 1807 ਈ: ਵਿਚ ਪਟਿਆਲਾ ਦੇ ਰਾਜਾ ਸਾਹਿਬ ਸਿੰਘ ਅਤੇ ਉਸਦੀ ਰਾਣੀ ਸਾਹਿਬ ਕੌਰ ਵਿਚ ਝਗੜਾ ਹੋ ਗਿਆ। ਰਾਣੀ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਇਸ ਝਗੜੇ ਨੂੰ ਸੁਲਝਾਉਣ ਅਤੇ ਉਸਦੇ ਹੱਕ ਵਿਚ ਫੈਸਲਾ ਕਰਵਾਉਣ ਲਈ ਮਹਾਰਾਜਾ ਰਣਜੀਤ ਸਿੰਘ ਨੂੰ ਸੱਦਾ ਭੇਜਿਆ। ਇਸ ਦੇ ਬਦਲੇ ਰਾਣੀ ਆਸ ਕੌਰ ਨੇ ਮਹਾਰਾਜੇ ਨੂੰ ਇਕ ਪਿੱਤਲ ਦੀ ਤੋਪ ਅਤੇ ਇਕ ਕੀਮਤੀ ਹਾਰ ਦੇਣ ਦਾ ਵਾਅਦਾ ਵੀ ਕੀਤਾ। ਮਹਾਰਾਜਾ ਦੇ ਪਟਿਆਲਾ ਪੁੱਜਣ ਤੋਂ ਪਹਿਲਾਂ ਹੀ ਸਾਹਿਬ ਸਿੰਘ ਤੇ ਆਸ ਕੌਰ ਵਿਚ ਝਗੜਾ ਨਿਬੜ ਗਿਆ ਸੀ ਪਰ ਰਣਜੀਤ ਸਿੰਘ ਨੇ ਇਸ ਮੌਕੇ ਤੋਂ ਪੂਰਾ ਫਾਇਦਾ ਉਠਾਇਆ ਅਤੇ ਰਾਣੀ ਤੋਂ ਉਸਨੇ ਤੋਪ ਅਤੇ ਹਾਰ ਲੈ ਹੀ ਲਿਆ। ਮਹਾਰਾਜਾ ਨੇ ਪਟਿਆਲਾ, ਨਾਭਾ, ਮਲੇਰਕੋਟਲਾ, ਕੈਥਲ ਅਤੇ ਹੋਰ ਕਈ ਥਾਵਾਂ ਦੇ ਸ਼ਾਸ਼ਕਾਂ ਨੂੰ ਭਾਰੀ ਨਜ਼ਰਾਨੇ ਦੇਣ ਲਈ ਮਜ਼ਬੂਰ ਕੀਤਾ। ਮੁੜਦੇ ਹੋਏ ਮਹਾਰਾਜਾ ਨੇ ਨਰਾਇਣਗੜ, ਜੀਰਾ, ਵਧਨੀ ਅਤੇ ਫਿਰੋਜ਼ਪੁਰ ਉਤੇ ਕਬਜ਼ਾ ਕਰ ਲਿਆ। ਰਣਜੀਤ ਸਿੰਘ ਦੀਆਂ 1806 ਈ: ਅਤੇ 1807 ਈ: ਦੀਆਂ ਮਾਲਵਾ ਦੇ ਇਲਾਕੇ ਦੀਆਂ ਮੁਹਿੰਮਾਂ ਦੇ ਸਿੱਟੇ ਵਜੋਂ ਇਸ ਇਲਾਕੇ ਦੇ ਰਾਜਾ ਅਤੇ ਸਰਦਾਰ ਡਰ ਗਏ। ਦੂਜੀ ਤਰਫ਼ ਅੰਗਰੇਜ ਵੀ ਸਾਵਧਾਨ ਹੋ ਗਏ।

**ਮਾਲਵਾ ਦੇ ਸ਼ਾਸਕਾਂ ਦੀ ਬੇਨਤੀ, ਅੰਗਰੇਜਾਂ ਦੀ ਚੁਣੌਤੀ :-** ਮਾਲਵਾ ਦੇ ਇਲਾਕੇ ਦੀਆਂ ਰਿਆਸਤਾਂ ਦੇ ਸ਼ਾਸਕਾਂ ਨੇ ਖੁਦ ਨੂੰ ਖਤਰੇ ਵਿਚ ਸਮਝਿਆ। ਮਹਾਰਾਜਾ ਰਣਜੀਤ ਸਿੰਘ ਰਾਹੀਂ ਆਪਣੇ ਇਲਾਕੇ ਹੜਪ ਕੀਤੇ ਜਾਣ ਨਾਲੋਂ ਉਹ ਅੰਗਰੇਜਾਂ ਦੀ ਰੱਖਿਆ ਵਿਚ ਰਹਿਣਾ ਜ਼ਿਆਦਾ ਠੀਕ ਸਮਝਣ ਲੱਗੇ। ਇਹ ਨਿਰਣਾ ਉਨ੍ਹਾਂ ਨੇ ਸੋਚ-ਸਮਝ ਕੇ ਕੀਤਾ ਸੀ। ਰਣਜੀਤ ਸਿੰਘ ਹੇਠ, ਰਹਿਣ ਨੂੰ ਉਹ ਸਿਰ ਦੀ ਘਾਤਕ ਸੱਟ ਅਤੇ ਅੰਗਰੇਜਾਂ ਦੀ ਰੱਖਿਆ ਵਿਚ ਰਹਿਣ ਨੂੰ ਤਪਦਿਕ ਸਮਝਦੇ ਸਨ। ਇਹੀ ਕਾਰਣ ਸੀ ਕਿ ਜੀਂਦ ਦੇ ਰਾਜਾ ਭਾਗ ਸਿੰਘ ਕੈਥਲ ਦੇ ਭਾਈ ਲਾਲ ਸਿੰਘ ਅਤੇ ਪਟਿਆਲਾ ਦਾ ਪ੍ਰਤੀਨਿਧ ਇਕੱਠੇ ਹੋ ਕੇ ਦਿੱਲੀ ਗਏ ਅਤੇ ਉਥੇ ਰਹਿੰਦੇ ਅੰਗਰੇਜ਼ ਰੈਜੀਡੈਂਟ ਸੀਟਨ (Seton) ਨੂੰ ਮਾਰਚ 1808 ਈ: ਵਿਚ ਮਿਲੇ। ਉਨ੍ਹਾਂ ਨੇ ਬ੍ਰਿਟਿਸ਼ ਸਰਕਾਰ ਨੂੰ ਰੱਖਿਆ ਲਈ ਬੇਨਤੀ ਕੀਤੀ। ਅੰਗਰੇਜ਼ ਸਰਕਾਰ ਉਨ੍ਹਾਂ ਦੀ ਰੱਖਿਆ ਕਰਨ ਨੂੰ ਤਿਆਰ ਸੀ ਪਰ ਉਹ ਫੈਸਲਾ ਨਹੀਂ ਕਰ ਸਕਦੀ ਸੀ ਕਿ ਇਹ ਕੰਮ ਕਿਵੇ ਹੋਵੇਗਾ। ਸੀਟਨ ਦਾ ਫੈਸਲਾ ਸਪੱਸ਼ਟ ਨਹੀਂ ਸੀ। ਇਹ ਦੁਚਿੱਤੀ ਦੇ ਦੋ ਕਾਰਣ ਸਨ- ਇਕ ਤਾਂ ਇਹ ਕਿ ਲਾਰਡ ਵੈਲਜਲੀ ਦੇ ਵਾਪਸ ਬੁਲਾਏ ਜਾਣ ਮਗਰੋਂ 1805 ਈ: ਵਿਚ ਲਾਰਡ ਕਾਰਨਵਾਲਿਸ ਅਤੇ ਉਸ ਦੇ ਉਤਰ ਅਧਿਕਾਰੀ ਸਰ ਜਾਰਜ ਬਾਰਲੋ ਨੂੰ ਕੰਪਨੀ ਦੇ ਵੱਲੋਂ ਦਖਲ ਨਾ ਦੇਣ ਦੀ ਨੀਤੀ ਅਪਣਾਉਣ ਲਈ ਕਿਹਾ ਗਿਆ ਸੀ। ਅਸਲ ਵਿਚ ਲਾਰਡ ਕਾਰਨਵਾਲਿਸ ਦੀ 1805 ਈ: ਵਿਚ ਭਾਰਤ ਆਉਣ ਦੇ ਕੁਝ ਹੀ ਮਹੀਨਿਆਂ ਬਾਅਦ ਮੌਤ ਹੋ ਗਈ ਸੀ ਅਤੇ ਉਸਦੀ ਥਾਂ ਜਾਰਜ ਬਾਰਲੋ ਡਾਇਰੈਕਟਰਾਂ ਵਲੋਂ ਦਖਲ ਨਾ ਦੇਣ ਦੀ ਨੀਤੀ ਉਤੇ ਦ੍ਰਿੜਤਾ ਨਾਲ ਅਮਲ ਕਰਨ ਲਈ ਕਿਹਾ ਗਿਆ। ਉਹ 1807 ਈ: ਤੋਂ 1813 ਈ: ਤੱਕ ਗਵਰਨਰ ਜਨਰਲ ਰਿਹਾ। ਨਾ ਦਖਲ ਦੇਣ ਦੀ ਨੀਤੀ ਨੂੰ ਬਦਲਣਾ ਸੌਖਾ ਕੰਮ ਨਹੀਂ ਸੀ। ਦੂਜਾ ਇਹ ਕਿ ਉਸ ਸਮੇਂ ਭਾਰਤ ਉਤੇ ਫਰਾਂਸੀਸੀ ਹਮਲੇ ਦਾ ਡਰ ਬਣਿਆ ਹੋਇਆ ਸੀ। 1807 ਈ: ਵਿਚ ਨੈਪੋਲੀਅਨ ਆਪਣੀ ਤਾਕਤ ਦੇ ਸਿਖਰ ਉਤੇ ਪੁੱਜ ਗਿਆ ਸੀ ਅਤੇ ਉਸਨੇ ਰੂਸ ਨਾਲ ਟਿਲਸਿਟ ਦੀ ਸੰਧੀ ਕੀਤੀ। ਇਸ ਸੰਧੀ ਵਿਚ ਇਹ ਤਜਵੀਜ ਕੀਤੀ ਗਈ ਸੀ ਕਿ ਫਰਾਂਸ ਅਤੇ ਰੂਸ ਮਿਲ ਕੇ ਭਾਰਤ ਤੇ ਹਮਲਾ ਕਰਨ। ਇਸ ਲਈ ਅੰਗੇਰਜਾ ਨੂੰ ਫਰਾਂਸੀਸੀ ਹਮਲੇ ਦਾ ਪੂਰਾ ਡਰ ਸੀ ਤੇ ਸਤਲੁਜ ਉਰਾਰ ਅਧੀਨ ਇਲਾਕੇ ਨੂੰ ਆਪਣੀ ਰੱਖਿਆ ਵਿਚ ਲੈ ਕੇ ਮਹਾਰਾਜਾ ਰਣਜੀਤ ਸਿੰਘ ਨੂੰ ਨਰਾਜ਼ ਨਹੀਂ ਕਰਨਾ ਚਾਹੁੰਦੇ ਸਨ।

**ਮੈਟਕਾਫ ਅਤੇ ਰਣਜੀਤ ਸਿੰਘ ਦੀ ਪਹਿਲੀ ਮੁਲਾਕਾਤ** :- ਲਾਰਡ ਮਿੰਟੋ ਨੇ ਸਰ ਚਾਰਲਸ ਮੈਟਕਾਫ ਨੂੰ ਭੇਜਿਆ ਕਿ ਉਹ ਮਹਾਰਾਜਾ ਰਣਜੀਤ ਸਿੰਘ ਨਾਲ ਦੋਸਤੀ ਦੀ ਇਕ ਸੰਧੀ ਕਰੇ। ਮਹਾਰਾਜਾ ਸਤਲੁਜ ਉਰਾਰ ਦੇ ਇਲਾਕੇ ਉਤੇ ਆਪਣਾ ਕਬਜਾ ਕਰਨ ਦਾ ਵਿਚਾਰ ਛੱਡ ਦੇਵੇ। ਉਹ ਦੋਵੇਂ ਪਹਿਲੀ ਵਾਰ 12 ਸਤੰਬਰ 1808 ਈ: ਦੇ ਦਿਨ ਨੂੰ ਮਿਲੇ । ਰਣਜੀਤ ਸਿੰਘ ਰੱਖਿਆ ਸੰਬੰਧੀ ਸੰਧੀ ਕਰਨ ਲਈ ਰਜਾਮੰਦ ਹੋ ਗਿਆ ਪਰ ਉਸਨੇ ਇਹ ਸ਼ਰਤਾਂ ਸੰਧੀ ਲਈ ਰੱਖੀਆਂ ਕਿ ਸਤਲੁਜ ਉਰਾਰ ਦੀਆਂ ਰਿਆਸਤਾਂ ਉਤੇ ਉਸਦਾ ਕਬਜਾ ਮੰਨ ਲਿਆ ਜਾਵੇ ਅਤੇ ਜੇ ਉਹ ਕਾਬਲ ਦੇ ਵਜੀਰ ਨਾਲ ਲੜਾਈ ਵਿਚ ਉਲਝ ਜਾਵੇ ਤਾਂ ਅੰਗਰੇਜ਼ ਦਖਲ ਨਹੀਂ ਦੇਣਗੇ। ਗੱਲਬਾਤ ਇਥੇ ਟੁਟ ਗਈ ਕਿਉਂਕਿ ਅੰਗਰੇਜ਼ ਦੂਤ ਨੂੰ ਸਤਲੁਜ ਉਰਾਰ ਦੀਆਂ ਰਿਆਸਤਾਂ ਦੇ ਸੰਬੰਧ ਵਿਚ ਗੱਲ ਕਰਨ ਦਾ ਅਧਿਕਾਰ ਨਹੀਂ ਸੀ। ਇਸ ਲਈ ਮੈਟਕਾਫ ਨੇ ਇਹ ਮਾਮਲਾ ਅੰਗੇਰੇਜ਼ੀ ਸਰਕਾਰ ਨੂੰ ਲਿਖ ਕੇ ਕਲਕੱਤੇ ਭੇਜ ਦਿੱਤਾ।

**ਮਹਾਰਾਜਾ ਦੀ ਸਤਲੁਜ ਉਰਾਰ ਦੇ ਇਲਾਕੇ ਵਿਚ ਤੀਜੀ ਮੁਹਿੰਮ, 1808 ਈ:** :-ਮਹਾਰਾਜਾ ਰਣਜੀਤ ਸਿੰਘ ਨੇ ਸਤਲੁਜ ਉਰਾਰ ਦੀਆਂ ਰਿਆਸਤਾਂ ਨੂੰ ਇਕ-ਇਕ ਕਰਕੇ ਆਪਣੇ ਅਧਿਕਾਰ ਵਿਚ ਲੈ ਕੇ ਇਹ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਕਿ ਅੰਗਰੇਜ਼ਾਂ ਨੂੰ ਯਕੀਨ ਆ ਜਾਵੇ ਕਿ ਇਸ ਇਲਾਕੇ ਨੂੰ ਜਿੱਤਣ ਦਾ ਕੰਮ ਪੂਰਾ ਹੋ ਚੁੱਕਾ ਸੀ। ਉਸਨੇ ਤੀਜੀ ਵਾਰ ਸਤਲੁਜ ਪਾਰ ਕੀਤਾ ਅਤੇ ਫਰੀਦਕੋਟ, ਅੰਬਾਲਾ ਅਤੇ ਸ਼ਾਹਬਾਦ ਉਤੇ ਹਮਲਾ ਕਰ ਲਿਆ। ਮੈਟਕਾਫ ਨੇ ਮਹਾਰਾਜਾ ਦੀਆਂ ਇਨ੍ਹਾਂ ਕਾਰਵਾਈਆਂ ਖਿਲਾਫ ਨਰਾਜਗੀ ਪ੍ਰਗਟ ਕੀਤੀ ਪਰ ਰਣਜੀਤ ਸਿੰਘ ਨੇ ਇਸ ਦੀ ਕੋਈ ਪ੍ਰਵਾਹ ਨਾ ਕੀਤੀ। ਦਸੰਬਰ 1808 ਈ: ਤੱਕ ਹਾਲਤ ਇਸੇ ਤਰ੍ਹਾਂ ਚਲਦੇ ਰਹੇ।

**ਅੰਗਰੇਜਾਂ ਦੇ ਵਿਵਹਾਰ ਵਿਚ ਤਬਦੀਲੀ** :- ਉਸ ਸਮੇਂ ਯੂਰਪ ਵਿਖੇ ਹਾਲਤ ਬਦਲ ਚੁੱਕੇ ਸੀ। ਨੈਪੋਲੀਅਨ, ਸਪੇਨ ਅਤੇ ਪੁਰਤਗਾਲ ਨਾਲ ਇਕ ਵੱਡੀ ਲੜਾਈ ਵਿਚ ਉਲਝ ਗਿਆ। ਇਸ ਤਰ੍ਹਾਂ ਭਾਰਤ ਤੇ ਰੂਸੀ ਫਰਾਂਸੀਸੀ ਹਮਲੇ ਦਾ ਖਤਰਾ ਟਲ ਗਿਆ। ਹਾਲਾਤ ਬਦਲ ਜਾਣ ਕਾਰਨ ਅੰਗਰੇਜ਼ਾਂ ਦਾ ਰਣਜੀਤ ਸਿੰਘ ਵਲ ਵਤੀਰਾ ਸਖਤ ਹੋ ਗਿਆ। 12 ਦਸੰਬਰ 1808 ਈ: ਦੇ ਦਿਨ ਇਕ ਨੋਟ ਰਾਹੀਂ ਮੈਟਕਾਫ ਨੇ ਮਹਾਰਾਜਾਂ ਨੂੰ ਸਾਫ ਤੌਰ ਤੇ ਦੱਸ ਦਿਤਾ ਕਿ ਉਹ ਆਪਣੀਆਂ ਫੌਜਾਂ ਸਤਲੁਜ ਉਰਾਰ ਦੇ ਇਲਾਕੇ ਵਿਚੋਂ ਫੌਰੀ ਹਟਾ ਲਵੇ। ਉਹ ਆਪਣੇ-ਆਪ ਨੂੰ ਸਤਲੁਜ ਦੇ ਉਤਰੀ ਕੰਢੇ ਤੱਕ ਹੀ ਸੀਮਿਤ ਰੱਖੇ। ਮਹਾਰਾਜਾ ਨੂੰ ਇਹ ਵੀ ਦੱਸ ਦਿੱਤਾ ਕਿ ਸਤਲੁਜ ਉਰਾਰ ਦਾ ਇਲਾਕਾ ਦੂਜੇ ਮਰਹੱਠਾ ਯੁੱਧ ਤੋਂ ਪਹਿਲਾ ਸਿੰਧੀਆਂ ਦੇ ਕਬਜੇ ਵਿਚ ਸੀ ਅਤੇ ਸਿੰਧੀਆਂ ਦੀ ਹਾਰ ਤੋਂ ਬਾਅਦ ਇਹ ਇਲਾਕੇ ਅੰਗਰੇਜਾਂ ਦੀ ਰੱਖਿਆ ਹੇਠ ਆ ਗਿਆ ਸੀ। ਤੀਜੀ ਗੱਲ ਇਹ ਕਹੀ ਕਿ ਉਹ ਸਾਰੇ ਇਲਾਕੇ ਜਿਨ੍ਹਾਂ ਉਤੇ ਮਹਾਰਾਜਾ ਨੇ ਮੈਟਕਾਫ ਮਿਸ਼ਨ ਦੇ ਆਉਣ ਤੋਂ ਬਾਅਦ ਕਬਜਾ ਕੀਤੀ ਸੀ, ਵਾਪਸ ਕਰਨੇ ਪੈਣਗੇ। ਮਹਾਰਾਜਾ ਨੇ ਨਾਂਹ ਨੁਕਰ ਕਰਨ ਦੀ ਕੋਸ਼ਿਸ਼ ਕੀਤੀ ਪਰ ਉਸਦੀ ਕੋਈ ਪੇਸ਼ ਨਹੀਂ ਗਈ। ਅੰਗਰੇਜਾਂ ਨੇ ਆਪਣੀ ਤਾਕਤ ਦਾ ਵਿਖਾਵਾ ਕਰਨ ਲਈ ਕਰਨਲ ਡੇਵਿਡ ਅਖਤਰਲੋਨੀ (Col. David Ochterlony) ਦੀ ਕਮਾਨ ਹੇਠ ਇਹ ਤਕੜਾ ਦਸਤਾ ਸਤਲੁਜ ਵੱਲ ਭੇਜਿਆ। ਅਖਤਰਲੋਨੀ ਨੇ 15 ਜਨਵਰੀ 1809 ਈ: ਦੇ ਦਿਨ ਯਮੁਨਾ ਪਾਰ ਕਰਕੇ 9 ਫਰਵਰੀ ਨੂੰ ਇਕ ਐਲਾਨ ਰਾਹੀਂ ਇਹ ਘੋਸ਼ਣਾ ਕੀਤੀ ਕਿ ਸਤਲੁਜ ਉਰਾਰ ਦੀਆਂ ਸਾਰੀਆਂ ਰਿਆਸਤਾ ਅੰਗਰੇਜਾਂ ਦੀ ਰੱਖਿਆ ਹੇਠ ਆ ਗਈਆਂ ਹਨ। ਰਣਜੀਤ ਸਿੰਘ ਇਹ ਸ਼ਰਤਾਂ ਮੰਨਣ ਲਈ ਤਿਆਰ ਨਹੀਂ ਸੀ। ਵਿਸ਼ਵਾਸ਼ ਕੀਤਾ ਜਾਂਦਾ ਹੈ ਕਿ ਇਕ ਵਾਰੀ ਤਾਂ ਉਹ ਅੰਗਰੇਜ਼ਾਂ ਨਾਲ ਲੜਾਈ ਲਈ ਤਿਆਰ ਹੋ ਗਿਆ ਪਰ ਫਕੀਰ ਅਜ਼ੀਜ-ਉਦ-ਦੀਨ ਨੇ ਸ਼ਾਂਤੀ ਨਾਲ ਕੰਮ ਲੈਣ ਦੀ ਸਲਾਹ ਦਿੱਤੀ। ਇਸ ਤੋਂ ਇਲਾਵਾ ਮਹਾਰਾਜਾ ਨੂੰ ਆਪਣੀ ਸਥਿਤੀ ਦਾ ਵੀ ਪੂਰਾ-ਪੂਰਾ ਗਿਆਨ ਸੀ। ਇਹੀ ਕਾਰਨ ਸੀ ਕਿ ਉਸਨੇ 25 ਅਪ੍ਰੈਲ 1809 ਦੇ ਦਿਨ ਅੰਮ੍ਰਿਤਸਰ ਦੀ ਸੰਧੀ ਉਤੇ ਦਸਖਤ ਕਰ ਦਿੱਤੇ।

**ਸੰਧੀ ਦੀਆਂ ਸ਼ਰਤਾਂ** :- ਅੰਮ੍ਰਿਤਸਰ ਦੀਆਂ ਮੁਖ ਸ਼ਰਤਾਂ ਚਾਰ ਸਨ ਜਿਹੜੀਆਂ ਇਸ ਤਰ੍ਹਾਂ ਹਨ:-

1. ਬ੍ਰਿਟਿਸ਼ ਸਰਕਾਰ ਅਤੇ ਲਾਹੌਰ ਦਰਬਾਰ ਇਕ ਦੂਜੇ ਦੇ ਸਦੀਵੀਂ ਮਿੱਤਰ ਬਣੇ ਰਹਿਣਗੇ।
2. ਸਤਲੁਜ ਦਰਿਆ ਨੂੰ ਦੋਹਾਂ ਸਰਕਾਰਾਂ ਵਿਚਕਾਰ ਹੱਦ ਮੰਨਿਆ ਗਿਆ।
3. ਅੰਗਰੇਜ ਸਤਲੁਜ ਪਾਰ ਜਾਂ ਟਰਾਂਸ ਸਤਲੁਜ ਇਲਾਕੇ ਵਿਚ ਦਖਲ ਨਹੀਂ ਦੇਣਗੇ ਅਤੇ
4. ਸਤਲੁਜ ਉਰਾਰ ਜਾਂ (Cis) ਸਤਲੁਜ ਦੇ ਇਲਾਕੇ ਵਿਚ ਸ਼ਾਂਤੀ ਬਣਾਏ ਰੱਖਣ ਲਈ ਮਹਾਰਾਜਾ ਰਣਜੀਤ ਸਿੰਘ ਨੂੰ ਕੇਵਲ ਥੋੜੀ ਜਿਹੀ ਸੈਨਾ ਰੱਖਣ ਦਾ ਅਧਿਕਾਰ ਦਿੱਤਾ ਗਿਆ।

## ਅੰਮ੍ਰਿਤਸਰ ਦੀ ਸੰਧੀ ਦਾ ਮਹੱਤਵ

ਇਹ ਸੰਧੀ ਰਣਜੀਤ ਸਿੰਘ ਦੇ ਜੀਵਨ ਵਿਚ ਬਹੁਤ ਜ਼ਿਆਦਾ ਮਹੱਤਵ ਰੱਖਦੀ ਸੀ ਅਤੇ ਉਸ ਤੋਂ ਕਿਤੇ ਜ਼ਿਆਦਾ ਮਹੱਤਵ ਇਸ ਸੰਧੀ ਦਾ ਅੰਗਰੇਜ਼ਾਂ ਲਈ ਸੀ। ਇਸ ਸੰਧੀ ਤੋਂ ਅੰਗਰੇਜ਼ ਨੂੰ ਤਾਂ ਲਾਭ ਵੀ ਹੋਏ ਜਦ ਕਿ ਮਹਾਰਾਜਾ ਨੂੰ ਇਸ ਸੰਧੀ ਤੋਂ ਲਾਭ ਦੇ ਨਾਲ-ਨਾਲ ਕਾਫੀ ਨੁਕਸਾਨ ਵੀ ਹੋਏ।

**ਅੰਗਰੇਜਾਂ ਨੂੰ ਲਾਭ :–** ਅੰਮ੍ਰਿਤਸਰ ਦੀ ਸੰਧੀ ਦਾ ਪੰਜਾਬ ਦੇ ਇਤਿਹਾਸ ਅਤੇ ਬ੍ਰਿਟਿਸ਼ ਇਤਿਹਾਸ ਉਤੇ ਡੂੰਘਾ ਪ੍ਰਭਾਵ ਪਿਆ। ਇਸ ਸੰਧੀ ਦੇ ਸਿੱਟੇ ਵਜੋਂ ਅੰਗਰੇਜ਼ ਜ਼ਿਆਦਾ ਸ਼ਕਤੀਸਾਲੀ ਹੋ ਗਏ। ਉਨ੍ਹਾਂ ਦਾ ਰਾਜਨੀਤਿਕ ਮਹੱਤਵ ਵੱਧ ਗਿਆ। ਉਨ੍ਹਾਂ ਨੇ ਆਪਣੇ ਪ੍ਰਭਾਵ ਅਤੇ ਰਾਜ ਦਾ ਵਿਸਤਾਰ ਕਰ ਲਿਆ। ਹੁਣ ਅੰਗਰੇਜ਼ੀ ਸਾਮਰਾਜ ਦੀ ਹੱਦ ਯਮੁਨਾ ਤੋਂ ਵੱਧ ਕੇ ਸਤਲੁਜ ਤੱਕ ਪਹੁੰਚ ਗਈ। ਇਸ ਦੇ ਨਾਲ ਹੀ ਸਤਲੁਜ ਉਰਾਰ ਦੀਆਂ ਰਿਆਸਤਾਂ ਦੀ ਸੁਰੱਖਿਆ ਹੋ ਗਈ। ਪਟਿਆਲਾ, ਨਾਭਾ, ਜੀਂਦ ਆਦਿ ਰਿਆਸਤਾਂ 1849 ਈ: ਤੋਂ ਬਾਅਦ ਵੀ ਬ੍ਰਿਟਿਸ਼ ਸਾਮਰਾਜ ਵਿਚ ਮਿਲਾਏ ਜਾਣ ਤੋਂ ਬਚ ਗਈਆਂ। ਹੁਣ ਅੰਗਰੇਜ਼ਾਂ ਨੂੰ ਸਿੰਧ, ਬਹਾਵਲਪੁਰ ਅਤੇ ਅਫਗਾਨਿਸਤਾਨ ਉਤੇ ਪ੍ਰਭਾਵ ਪਾਉਣ ਦਾ ਮੌਕਾ ਵੀ ਮਿਲ ਗਿਆ।

**ਮਹਾਰਾਜਾ ਨੂੰ ਲਾਭ :–** ਇਸ ਸੰਧੀ ਨਾਲ ਰਣਜੀਤ ਸਿੰਘ ਨੂੰ ਉਤਰ ਪੱਛਮੀ ਪਾਸੇ ਵੱਲ ਵਧਣ ਦੀ ਖੁੱਲੀ ਛੁੱਟੀ ਮਿਲ ਗਈ ਕਿਉਂਕਿ ਉਸਦੀ ਪੂਰਬੀ ਹੱਦ ਸੁਰੱਖਿਅਤ ਹੋ ਗਈ ਸੀ। ਇਸ ਸੰਧੀ ਪਿਛੋਂ ਉਹ ਪੂਰਬੀ ਹੱਦ ਵਲੋਂ ਬੇਫਿਕਰ ਹੋਕੇ ਆਪਣਾ ਸਾਰਾ ਧਿਆਨ ਉਤਰ-ਪੱਛਮ ਦਿਸ਼ਾ ਵੱਲ ਲਗਾ ਸਕਦਾ ਸੀ। ਥੋੜੇ ਵਰ੍ਹਿਆਂ ਵਿਚ ਹੀ ਉਸਨੇ ਮੁਲਤਾਨ, ਡੇਰਾ-ਜਾਤ, ਕਸ਼ਮੀਰ ਅਤੇ ਪਿਸ਼ਾਵਰ ਉਤੇ ਕਬਜ਼ਾ ਕਰ ਲਿਆ। ਇਸ ਤਰ੍ਹਾਂ ਉਸਨੂੰ ਇਕ ਤਰਫ ਆਪਣੇ ਰਾਜ ਨੂੰ ਵੱਡਾ ਬਣਾਉਣ ਦਾ ਮੌਕਾ ਪ੍ਰਾਪਤ ਹੋਇਆ ਅਤੇ ਦੂਜੇ ਪਾਸੇ ਉਸਨੇ ਅਫਗਾਨ ਸ਼ਕਤੀ ਨੂੰ ਸੱਟ ਮਾਰ ਕੇ ਕਮਜ਼ੋਰ ਕਰ ਦਿੱਤਾ।

**ਰਣਜੀਤ ਸਿੰਘ ਨੂੰ ਨੁਕਸਾਨ :–** ਰਾਜਨੀਤਿਕ ਦ੍ਰਿਸ਼ਟੀ ਤੋਂ ਇਹ ਸੰਧੀ ਮਹਾਰਾਜਾ ਦੀ ਹਾਰ ਸਮਝੀ ਜਾਂਦੀ ਹੈ ਕਿਉਂਕਿ ਇਸ ਸੰਧੀ ਤੇ ਉਸਦੇ ਦਸਖਤ ਫੌਜੀ ਤਾਕਤ ਦੇ ਵਿਖਾਵੇ ਨਾਲ ਕਰਵਾਏ ਗਏ ਸਨ। ਮਹਾਰਾਜਾ ਨੂੰ ਇਹ ਗੱਲ ਵੀ ਮੰਨਣੀ ਪਈ ਕਿ ਉਹ ਸਤਲੁਜ ਦੇ ਆਪਣੇ ਇਲਾਕੇ ਵਿਚ ਕੇਵਲ ਥੋੜੀ ਜਿਹੀ ਫੌਜ ਰੱਖੇਗਾ। ਇਸ ਤਰ੍ਹਾ ਰਣਜੀਤ ਸਿੰਘ ਦੇ ਮਾਣ ਨੂੰ ਭਾਰੀ ਧੱਕਾ ਲੱਗਾ। ਉਸਨੂੰ ਇਹ ਕੌੜੀ ਗੋਲੀ ਮਜ਼ਬੂਰਨ ਨਿਗਲਣੀ ਪਈ। ਇਕ-ਦੂਜੇ ਦੇ ਬਹੁਤ ਨੇੜੇ ਆਉਣ ਕਰਕੇ ਦੋਵੇਂ ਇਕ-ਦੂਜੇ ਦੀਆਂ ਸ਼ਕਤੀਆਂ ਅਤੇ ਕਮਜ਼ੋਰੀਆਂ ਤੋਂ ਜਾਣੂ ਹੋ ਗਏ। ਉਨ੍ਹਾਂ ਦੋਹਾਂ ਲਈ ਇੱਕ-ਦੂਜੇ ਦੀਆਂ ਚਾਲਾਂ ਸਮਝਣੀਆਂ ਵੀ ਆਸਾਨ ਹੋ ਗਈਆਂ। ਦੋਹਾਂ ਧਿਰਾਂ ਦੇ ਰਸੂਖ ਦੇ ਘੇਰੇ ਇੱਕ-ਦੂਜੇ ਨਾਲ ਟਕਰਾਉਣ ਲੱਗ ਪਏ। ਰਣਜੀਤ ਸਿੰਘ ਦੀ ਮੌਤ ਤੱਕ ਸਿੱਖਾਂ ਦੀ ਰਾਜਨੀਤੀ ਤੋਂ ਅੰਗਰੇਜ਼ ਚੰਗੀ ਤਰ੍ਹਾਂ ਜਾਣੂ ਹੋ ਗਏ। ਇਸ ਸੰਧੀ ਨਾਲ ਰਣਜੀਤ ਸਿੰਘ ਨੂੰ ਸਭ ਤੋਂ ਵੱਡੀ ਹਾਨੀ ਇਹ ਹੋਈ ਕਿ ਉਹ ਮਾਝੇ ਅਤੇ ਮਾਲਵਾ ਦੇ ਸਿੱਖਾਂ ਦਾ ਸਾਂਝਾ ਨੇਤਾ ਨਾ ਬਣ ਸਕਿਆ। ਉਸਦਾ ਅਖੰਡ ਸਿੱਖ ਰਾਜ ਦਾ ਸੁਪਨਾ ਖਤਮ ਹੋ ਗਿਆ ਕਿਉਂਕਿ ਉਹ ਸਭ ਨੂੰ ਆਪਣੇ ਝੰਡੇ ਹੇਠ ਨਾ ਲਿਆ ਸਕਿਆ।

## ਸ਼ੱਕ ਦਾ ਕਾਲ : 1809–1812 ਈ:

ਅੰਗਰੇਜਾਂ ਅਤੇ ਮਹਾਰਾਜਾ ਵਿਚਕਾਰ ਮਿੱਤਰਤਾ ਦੀ ਸੰਧੀ ਦਿਲੀ ਦੋਸਤੀ ਇਕਰਾਰਨਾਮਾ ਨਹੀਂ ਸੀ। ਦੋਹਾਂ ਧਿਰਾਂ ਨੂੰ ਇੱਕ-ਦੂਜੇ ਤੇ ਸ਼ੱਕ ਬਣਿਆ ਰਿਹਾ ਅਤੇ ਦੋਵੇਂ ਸ਼ਕਤੀਆਂ ਹੀ ਆਪਣੇ-ਆਪਣੇ ਖੁਫ਼ੀਆਂ ਜਾਸੂਸਾਂ ਰਾਹੀਂ ਇਕ-ਦੂਜੇ ਦੀਆਂ ਰਾਜਸੀ ਅਤੇ ਫੌਜੀ ਚਾਲਾਂ ਦੀ ਜਾਣਕਾਰੀ ਰੱਖਦੀਆਂ ਰਹੀਆਂ। ਅੰਗਰੇਜ਼ਾਂ ਨੂੰ ਦੱਸਿਆਂ ਗਿਆ ਸੀ ਕਿ ਰਣਜੀਤ ਸਿੰਘ ਸਿੰਧੀਆਂ ਨਾਲ ਸਾਜ਼ਿਸ਼ ਬਣਾ ਰਿਹਾ ਸੀ। ਹੋਲਕਰ ਅਤੇ ਅਮੀਰ ਖਾਨ ਦੇ ਏਜੰਟ ਰਣਜੀਤ ਸਿੰਘ ਨੂੰ ਆਪਣੇ ਨਾਲ ਮਿਲਾ ਕੇ ਅਤੇ ਇਕ ਹੋ ਕੇ ਹਮਲਾ ਕਰਨ ਦੀਆਂ ਸ਼ਾਜਿਸ਼ਾਂ ਕਰ ਰਹੇ ਸਨ। ਜੇ. ਡੀ. ਕਨਿੰਘਮ ਦੇ ਵਿਚਾਰ ਅਨੁਸਾਰ ਉਨ੍ਹਾਂ ਦਾ ਇਹ ਵਿਸ਼ਵਾਸ਼ ਸੀ ਕਿ ਰਣਜੀਤ ਸਿੰਘ ਸਰਹੱਦ ਦੇ ਸਿੱਖਾਂ ਨੂੰ ਆਪਣੇ ਨਾਲ ਮਿਲਾ ਕੇ ਹੋਲਕਰ ਨੂੰ ਲੈ ਕੇ ਅੰਗਰੇਜ਼ਾਂ ਉਤੇ ਹਮਲਾ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ। ਇਹ ਵਿਚਾਰ ਸਾਹਮਣੇ ਰੱਖਦਿਆਂ ਹੋਇਆਂ ਕਰਨਲ ਅਖਤਰ ਲੋਨੀ ਨੇ ਆਪਣੀ ਕਿਲੇ ਬੰਦੀ ਮਜ਼ਬੂਤ ਕਰਨੀ ਸ਼ੁਰੂ ਕਰ ਦਿੱਤੀ। ਦੂਜੇ ਪਾਸੇ ਮਹਾਰਾਜਾ ਦਾ ਸ਼ੱਕ ਵੀ ਵੱਧਦਾ ਗਿਆ ਅਤੇ ਉਸਨੇ ਸਤਲੁਜ ਦੇ ਸੱਜੇ ਕੰਢੇ ਫਿਲੌਰ ਦੀ ਥਾਂ ਉਤੇ ਲੁਧਿਆਣਾ ਦੇ ਸਾਹਮਣੇ ਇਕ ਛੋਟਾ ਜਿਹਾ ਕਿਲਾ ਬਣਾਇਆ ਜੋ ਨਿਗਰਾਨੀ ਰੱਖਣ ਦਾ ਕੰਮ ਦਿੰਦਾ ਸੀ ਪਰ ਇਹ ਸ਼ੱਕ ਚਿੱਠੀ ਪੱਤਰ ਤੱਕ ਹੀ ਸੀਮਿਤ ਰਹੇ।

**ਦੁਬਾਰਾ ਦੋਸਤੀ ਦਾ ਸਮਾਂ : 1812–1827 ਈ:–** ਹੌਲੀ-ਹੌਲੀ ਅੰਗਰੇਜ਼ਾਂ ਅਤੇ ਰਣਜੀਤ ਸਿੰਘ ਵਿਚਕਾਰ ਸੰਬੰਧ ਸੁਧਰਨੇ ਸ਼ੁਰੂ ਹੋ ਗਏ। ਦਸ ਵਰ੍ਹਿਆਂ ਤੱਕ ਦੋਹੇਂ ਆਪਣੇ-ਆਪਣੇ ਰੁਝੇਵਿਆਂ ਵਿਚ ਉਲਝੇ ਹੋਏ ਸਨ। ਅੰਗਰੇਜ਼ ਖੁਦ

ਗੋਰਖਿਆਂ, ਮਰਹਠਿਆਂ, ਪਿੰਡਾਰੀਆਂ ਅਤੇ ਭਰਤਪੁਰ ਦੇ ਖਿਲਾਫ ਲੜ ਰਹੇ ਸਨ ਜਦ ਕਿ ਰਣਜੀਤ ਸਿੰਘ ਮੁਲਤਾਨ ਡੇਰਾਜਾਤ ਕਸ਼ਮੀਰ ਅਤੇ ਪਿਸ਼ਾਵਰ ਉਤੇ ਆਪਣੇ ਕਬਜ਼ਾ ਕਰਨ ਵਿਚ ਲੱਗਿਆ ਹੋਇਆ ਸੀ। ਸ਼ਹਿਜ਼ਾਦਾ ਖੜਕ ਸਿੰਘ ਦੇ ਵਿਆਹ ਵਿਚ ਸ਼ਾਮਿਲ ਹੋਣ ਲਈ ਡੇਵਿਡ ਅਖਤਰ ਲੋਨੀ ਨੂੰ ਸੱਦਾ ਭੇਜਿਆ ਗਿਆ ਅਤੇ ਇਸ ਮੌਕੇ ਤੇ ਉਸਦੀ ਬੜੀ ਆਓ ਭਗਤ ਕੀਤੀ ਗਈ। ਇਸ ਤਰ੍ਹਾਂ ਇਕ ਵਾਰ ਫਿਰ ਦੋਹਾਂ ਧਿਰਾਂ ਨੇ ਇਕ-ਦੂਜੇ ਪ੍ਰਤੀ ਦੋਸਤੀ ਨਿਭਾਉਣ ਦਾ ਵਚਨ ਦਿੱਤਾ।

ਜਦੋਂ ਗੋਰਖਿਆਂ ਨੇ ਅਖਤਰਲੋਨੀ ਨੂੰ ਇੱਕਠੇ ਮਿਲਕੇ ਪੰਜਾਬ ਨੂੰ ਜਿੱਤਣ ਦੀ ਸਲਾਹ ਦਿੱਤੀ ਤਾਂ ਅੰਗਰੇਜ਼ਾਂ ਨੇ ਉਸਨੂੰ ਮਨਾਹੀ ਕਰ ਦਿੱਤੀ। ਸਿੱਟੇ ਵਜੋਂ ਰਣਜੀਤ ਸਿੰਘ ਨੂੰ ਅੰਗਰੇਜ਼ਾਂ ਦੀ ਦੋਸਤੀ ਉਤੇ ਭਰੋਸਾ ਹੋ ਗਿਆ। 1815 ਈ: ਵਿਚ ਗੋਰਖਿਆਂ ਨੇ ਰਣਜੀਤ ਸਿੰਘ ਕੋਲੋਂ ਅੰਗਰੇਜ਼ਾਂ ਖਿਲਾਫ ਫੌਜੀ ਮਦਦ ਅਤੇ 5 ਲੱਖ ਰੁਪਏ ਉਧਾਰ ਲਈ ਬੇਨਤੀ ਕੀਤੀ ਪਰ ਰਣਜੀਤ ਸਿੰਘ ਨੇ ਮਨਾਹੀ ਕਰ ਦਿੱਤੀ।

1825 ਈ: ਵਿਚ ਫਤਿਹ ਸਿੰਘ ਆਹਲੂਵਾਲੀਆਂ ਮਹਾਰਾਜਾ ਦੇ ਵਰਤਾਉ ਤੋਂ ਤੰਗ ਆ ਕੇ ਆਪਣੇ ਟੱਬਰ ਸਮੇਤ ਸਤਲੁਜ ਪਾਰ ਕਰਕੇ ਜਗਰਾਉਂ ਆ ਗਿਆ ਅਤੇ ਅੰਗਰੇਜਾਂ ਨੂੰ ਰੱਖਿਆ ਲਈ ਬੇਨਤੀ ਕੀਤੀ ਪਰ ਬ੍ਰਿਟਿਸ਼ ਸਰਕਾਰ ਨੇ ਸਾਫ ਇਨਕਾਰ ਕਰ ਦਿੱਤਾ। 1826 ਈ: ਵਿਚ ਮਹਾਰਾਜਾ ਬਿਮਾਰ ਹੋ ਗਿਆ ਤਾਂ ਅੰਗਰੇਜ਼ਾਂ ਨੇ ਆਪਣਾ ਇਕ ਡਾਕਟਰ ਜਿਸਦਾ ਨਾਉਂ ਮਰੇ ਸੀ ਨੂੰ ਮਹਾਰਾਜਾ ਦਾ ਇਲਾਜ ਕਰਨ ਲਈ ਭੇਜਿਆ। 1827 ਈ: ਵਿਚ ਅੰਗਰੇਜ਼ ਸਰਕਾਰ ਨੇ ਮੋਗੇ ਦੇ ਨੇੜੇ ਵਧਨੀ ਦੇ ਇਲਾਕੇ ਉਤੇ ਮਹਾਰਾਜਾ ਦਾ ਹੱਕ ਮੰਨ ਲਿਆ। ਇਸ ਤਰ੍ਹਾਂ ਮਾਛੀਵਾੜਾ, ਮਾਖੋਵਾਲ ਅਤੇ ਆਨੰਦਪੁਰ ਸਾਹਿਬ ਉਤੇ ਮਹਾਰਾਜਾ ਦਾ ਅਧਿਕਾਰ ਵੀ ਮੰਨ ਲਿਆ ਗਿਆ। ਇਸ ਤਰ੍ਹਾਂ ਇਨ੍ਹਾਂ ਵਾਪਰੀਆਂ ਘਟਨਾਵਾਂ ਤੋਂ ਸਿੱਧ ਹੁੰਦਾ ਹੈ ਕਿ ਦੋਹਾਂ ਧਿਰਾਂ ਨੇ ਇਸ ਸਮੇਂ ਇਕ-ਦੂਜੇ ਨਾਲ ਦੋਸਤੀ ਅਤੇ ਚੰਗੇ ਸੰਬੰਧ ਬਣਾਈ ਰੱਖੇ।

## ਮੁੜ ਮਤਭੇਦ ਦਾ ਸਮਾਂ : 1827-1839 ਈ:

ਸੱਚ ਤਾਂ ਇਹ ਹੈ ਕਿ 1827 ਈ: ਤੋਂ ਬਾਅਦ ਇਨ੍ਹਾਂ ਦੋਹਾਂ ਸ਼ਕਤੀਆਂ ਵਿਚ ਇਕ ਵਾਰ ਫਿਰ ਮਤਭੇਦ ਪੈਦਾ ਹੋਏ। ਇਸ ਮਤਭੇਦ ਲਈ ਕਈ ਕਾਰਨ ਜ਼ਿੰਮੇਵਾਰ ਸਨ। ਇਥੇ ਇਹ ਯਾਦ ਰੱਖਣ ਵਾਲੀ ਗੱਲ ਹੈ ਕਿ ਹਾਲੇ ਇਹ ਖਿੱਚੋਤਾਣ ਅਤੇ ਮਤਭੇਦ ਥੋੜੇ ਹੀ ਸਨ। 1828 ਈ: ਤੋਂ ਬਾਅਦ ਮਹਾਰਾਜਾ ਰਣਜੀਤ ਸਿੰਘ ਦੇ ਅੰਗਰੇਜਾਂ ਨਾਲ ਸੰਬੰਧ ਪਹਿਲਾਂ ਤੋਂ ਕਿਤੇਂ ਜ਼ਿਆਦਾ ਵਿਗੜਨੇ ਸ਼ੁਰੂ ਹੋ ਗਏ। ਮਤਭੇਦ ਪੈਦਾ ਹੋਣ ਅਤੇ ਵਧਣ ਦੇ ਕਾਰਨ ਇਸ ਤਰ੍ਹਾਂ ਸਨ :-

ਪਹਿਲਾਂ ਕਾਰਨ ਤਾਂ ਸਈਅਦ ਅਹਿਮਦ ਦੀ ਬਗਾਵਤ ਸੀ। ਉਹ ਇਕ ਕੱਟੜ ਮੁਸਲਮਾਨ ਸੀ। ਉਸਨੇ 1827 ਈ: ਵਿਚ ਪਿਸ਼ਾਵਰ ਦੇ ਇਲਾਕੇ ਵਿਚ ਜ਼ਹਾਦ ਦੀ ਘੋਸ਼ਣਾ ਕੀਤੀ ਅਤੇ ਉਥੋਂ ਦੇ ਲੋਕਾਂ ਨੂੰ ਸਿੱਖਾਂ ਨੂੰ ਕਾਫਿਰ ਦੱਸਦੇ ਹੋਏ ਉਨ੍ਹਾਂ ਵਿਰੁੱਧ ਭੜਕਾਇਆ। 1831 ਈ: ਵਿਚ ਸਈਅਦ ਅਹਿਮਦ ਦੀ ਹਾਰ ਹੋਈ। ਉਹ ਮਾਰਿਆ ਗਿਆ ਪਰ ਮਰਨ ਤੱਕ ਉਹ ਮਹਾਰਾਜੇ ਲਈ ਦੁੱਖ ਦਾ ਕਾਰਣ ਬਣਿਆ ਰਿਹਾ। ਸਈਅਦ ਅਹਿਮਦ ਅੰਗਰੇਜ਼ੀ ਇਲਾਕੇ ਜਿਲਾ ਖਰੋਈ ਦਾ ਰਹਿਣ ਵਾਲਾ ਸੀ ਅਤੇ ਅਹਿਮਦ ਦੇ ਉਥੋਂ ਦੇ ਸਮਰਥਕ ਉਸਦੀ ਮਨ-ਧਨ-ਤਨ ਨਾਲ ਮਦਦ ਕਰਦੇ ਸਨ। ਭਾਵੇਂ ਇਹ ਠੀਕ ਹੈ ਕਿ ਅੰਗਰੇਜ਼ੀ ਸਰਕਾਰ ਨੇ ਉਸਦੀ ਕੋਈ ਮਦਦ ਨਹੀਂ ਕੀਤੀ ਸੀ ਪਰ ਇਸ ਵਿਚ ਵੀ ਕੋਈ ਸ਼ੱਕ ਨਹੀਂ ਕਿ ਉਹ ਤਮਾਸ਼ਾ ਵੇਖਦੇ ਰਹੇ।

ਤੀਜਾ ਕਾਰਨ ਸਿੰਧ ਦਾ ਮਾਮਲਾ ਸੀ। 1818 ਈ: ਵਿਚ ਮੁਲਤਾਨ ਦੀ ਜਿੱਤ ਮਗਰੋਂ ਮਹਾਰਾਜਾ ਦਾ ਸਿੰਧ ਉਤੇ ਆਪਣਾ ਪ੍ਰਭਾਵ ਪਾਉਣ ਅਤੇ ਮੁਲਤਾਨ ਦੇ ਨਾਲ ਲੱਗਦਾ ਇਲਾਕਾ ਆਪਣੇ ਰਾਜ ਵਿਚ ਮਿਲਾ ਲੈਣ ਦੀ ਇੱਛਾ ਮਜ਼ਬੂਤ ਹੋ ਗਈ। ਦੂਜੀ ਤਰਫ਼ ਅੰਗਰੇਜ਼ ਆਪਣਾ ਪ੍ਰਭਾਵ ਸਿੰਧ ਉਤੇ ਰੱਖਣਾ ਚਾਹੁੰਦੇ ਸੀ। ਦੋਵੇਂ ਧੜੇ ਇਕ-ਦੂਜੇ ਤੋਂ ਵੱਧ ਚੜ ਕੇ ਸਿੰਧ ਵਿਚ ਆਪਣਾ-ਆਪਣਾ ਪ੍ਰਭਾਵ ਜਮਾਉਣ ਦੇ ਇਛੁੱਕ ਸਨ ਅਤੇ ਇਸ ਲਈ ਦੋਹਾਂ ਵਿਚ ਟਕਰਾਉ ਹੋਣਾ ਸੁਭਾਵਿਕ ਸੀ।

ਸਿੰਧ ਦੇ ਸੰਬੰਧ ਵਿਚ ਬਰਨਜ ਮਿਸ਼ਨ ਇਨ੍ਹਾਂ ਦੋਹਾਂ ਵਿਚਕਾਰ ਮਤਭੇਦ ਦਾ ਇਕ ਹੋਰ ਕਾਰਨ ਬਣਿਆ। ਜਦੋਂ ਦੋਹਾਂ ਵਿਚ ਰਾਜਨੀਤਿਕ ਅਣ-ਬਣ ਚਲ ਰਹੀ ਸੀ ਤਾਂ ਉਸ ਸਮੇਂ ਅੰਗਰੇਜ਼ਾਂ ਅਤੇ ਮਹਾਰਾਜਾ ਨੇ ਇਕ-ਦੂਜੇ ਨਾਲ ਮਿੱਤਰਤਾ ਦਾ ਵਿਖਾਵਾ ਕੀਤਾ। ਆਪਸ ਵਿਚ ਤੋਹਫਿਆਂ ਦਾ ਵਟਾਂਦਰਾ ਕੀਤਾ। 1831 ਈ: ਵਿਚ ਰਣਜੀਤ ਸਿੰਘ ਨੂੰ ਗਵਰਨਰ ਜਨਰਲ ਵਿਲੀਅਮ ਬੈਂਟਿੰਕ ਨੂੰ ਤੋਹਫੇ ਭੇਜੇ ਅਤੇ ਇੰਗਲੈਂਡ ਦੇ ਸ਼ਾਸ਼ਕ ਵਿਲੀਅਮ ਚੋਥੇ ਨੇ ਇਕ ਬੱਘੀ ਅਤੇ ਪੰਜ ਘੋੜੇ ਰਣਜੀਤ ਸਿੰਘ ਨੂੰ ਭੇਜੇ। ਵਿਲੀਅਮ ਬੈਂਟਿੰਕ ਨੇ ਐਲਗਜੈਂਡਰ ਬਰਨਜ ਨੂੰ ਕਿਹਾ ਕਿ ਉਹ ਰਣਜੀਤ ਸਿੰਘ ਲਈ ਇਹ ਤੋਹਫੇ ਸਿੰਧ ਦੇ ਰਸਤੇ ਤੋਂ ਲੈ ਜਾ ਕੇ ਪਹੁੰਚਾ ਦੇਵੇ। ਬਰਨਜ ਦਾ ਅਸਲੀ ਮੰਤਵ ਸਿੰਧ ਦੀ ਵਿਉਪਾਰਿਕ ਮਹੱਤਤਾ ਨੂੰ ਜਾਂਚ ਕੇ ਲਾਰਡ

ਵਿਲੀਅਮ ਬੈਟਿੰਕ ਨੂੰ ਦੱਸਣਾ ਸੀ। ਉਸਨੇ ਗਵਰਨਰ ਜਨਰਲ ਨੂੰ ਇਹ ਰਾਏ ਦਿੱਤੀ ਕਿ ਸਿੰਧ ਨੂੰ ਅੰਗਰੇਜ਼ ਆਪਣੇ ਅਧਿਕਾਰ ਖੇਤਰ ਵਿਚ ਲੈ ਲੈਣ ਬਾਹਰੀ ਤੌਰ ਤੇ ਇਹ ਮਿਸ਼ਨ ਮਹਾਰਾਜਾ ਲਈ ਤੋਹਫੇ ਪਹੁੰਚਾਉਣ ਲਈ ਭੇਜਿਆ ਗਿਆ ਪਰ ਅਸਲ ਵਿਚ ਇਸਦਾ ਮੁੱਖ ਉਦੇਸ਼ ਸਿੰਧ ਦੇ ਹਾਲਾਤ ਦੀ ਜਾਣਕਾਰੀ ਹਾਸਿਲ ਕਰਨਾ ਸੀ।

**ਰੋਪੜ ਦੀ ਮੁਲਾਕਾਤ, ਅਕਤੂਬਰ 1831 ਈ:-** ਇਸ ਦੋਸਤੀ ਦੇ ਵਿਖਾਵੇ ਦੇ ਸਿੱਟੇ ਵਜੋਂ 26 ਅਕਤੂਬਰ 1831 ਈ: ਨੂੰ ਰੋਪੜ ਦੀ ਥਾਂ ਉਤੇ ਰਣਜੀਤ ਸਿੰਘ ਅਤੇ ਗਵਰਨਰ ਜਨਰਲ ਲਾਰਡ ਵਿਲੀਅਮ ਬੈਟਿੰਕ ਵਿਚਕਾਰ ਨਿੱਜੀ ਪੱਧਰ ਉਤੇ ਮੁਲਾਕਾਤ ਹੋਈ। ਵਿਲੀਅਮ ਬੈਟਿੰਕ ਦਾ ਉਦੇਸ਼ ਇਹ ਸੀ ਕਿ ਸੰਧੀ ਬਾਰੇ ਰਣਜੀਤ ਸਿੰਘ ਸਿੰਧ ਬਾਰੇ ਅੰਗਰੇਜ਼ਾਂ ਦਾ ਵਿਚਾਰ ਪਤਾ ਕਰਨਾ ਚਾਹੁੰਦਾ ਸੀ ਪਰ ਬੈਟਿੰਕ ਨੇ ਸਿੰਧ ਦੇ ਪ੍ਰਸ਼ਨ ਤੇ ਗਲਬਾਤ ਕਰਨ ਦੀ ਮਨਾਹੀ ਕਰ ਦਿੱਤੀ। ਰੋਪੜ ਦੀ ਮੁਲਾਕਾਤ ਸ਼ੁਰੂ ਹੋਣ ਤੋਂ ਪਹਿਲਾਂ ਲਾਰਡ ਵਿਲੀਅਮ ਬੈਟਿੰਕ ਨੇ ਕਰਨਲ ਪੁਟਿੰਗਰ ਨੂੰ ਸਿੰਧ ਦੇ ਅਮੀਰਾਂ ਨਾਲ ਸੰਧੀ ਕਰਨ ਲਈ ਰਵਾਨਾ ਕਰ ਦਿੱਤਾ ਸੀ। ਜਦੋਂ ਰੋਪੜ ਦੀ ਮੁਲਾਕਾਤ ਚਲ ਰਹੀ ਸੀ ਤਾਂ ਉਸ ਸਮੇਂ ਸਿੰਧ ਵਿਚ ਕਰਨਲ ਪੁਟਿੰਗਰ ਨੇ ਸਿੰਧ ਦੇ ਅਮੀਰਾਂ ਨਾਲ ਸੰਧੀ ਕਰ ਲਈ ਅਤੇ ਇਸਦੇ ਸਿੱਟੇ ਵਜੋਂ ਸਿੰਧ ਬ੍ਰਿਟਿਸ਼ ਪ੍ਰਭਾਵ ਖੇਤਰ ਵਿਚ ਚਲਾ ਗਿਆ। ਕਾਦਿਰ ਦੇ ਵਿਚਾਰ ਅਨੁਸਾਰ ਲਾਰਡ ਵਿਲੀਅਮ ਬੈਟਿੰਕ ਮਹਾਰਾਜਾ ਰਣਜੀਤ ਸਿੰਘ ਨੂੰ ਰੋਪੜ ਵਿਖੇ ਲੋਰੀਆ ਇਸ ਲਈ ਦੇ ਰਿਹਾ ਸੀ ਤਾਂ ਜੋ ਉਸਦੇ ਸਿੰਧ ਵਿਚ ਵਾਪਰ ਰਹੇ ਮਾਮਲੇ ਬਾਰੇ ਮਹਾਰਾਜਾ ਨੂੰ ਉਸ ਸਮੇਂ ਪਤਾ ਨਾ ਚਲ ਸਕੇ। ਇਸ ਮੁਲਾਕਾਤ ਦੇ ਸਿੱਟੇ ਵਜੋਂ ਅੰਗਰਜ਼ਾਂ ਅਤੇ ਸਿੱਖਾਂ ਵਿਚਕਾਰ ਇਹ ਸਥਾਈ ਦੋਸਤੀ ਅਤੇ ਵਪਾਰ ਸੰਧੀ ਉਤੇ ਦਸਖਤ ਕੀਤੇ ਪਰ ਜਦੋਂ ਰਣਜੀਤ ਸਿੰਘ ਨੂੰ ਸਿੰਧ ਦੀ ਸੰਧੀ ਬਾਰੇ ਪਤਾ ਚਲਿਆ ਤਾਂ ਉਸਨੂੰ ਅੰਗਰੇਜ਼ਾਂ ਉਤੇ ਬਹੁਤ ਗੁੱਸਾ ਆਇਆ।

**ਸ਼ਿਕਾਰਪੁਰ ਲੈਣ ਤੋਂ ਮਹਾਰਾਜਾ ਨੂੰ ਰੋਕਣਾ :-** ਰਣਜੀਤ ਸਿੰਘ ਹੁਣ ਸ਼ਿਕਾਰਪੁਰ ਤੇ ਕਬਜ਼ਾ ਕਰਨਾ ਚਾਹੁੰਦਾ ਸੀ ਕਿਉਂਕਿ ਸ਼ਿਕਾਰਪੁਰ ਨਾ ਸਿਰਫ ਖੁਰਾਸਾਨ, ਇਰਾਨ, ਸਿੰਧ ਅਤੇ ਭਾਰਤ ਵਿਚਕਾਰ ਵਪਾਰ ਦਾ ਵੱਡਾ ਕੇਂਦਰ ਸੀ ਸਗੋਂ ਫੌਜੀ ਦ੍ਰਿਸ਼ਟੀਕੋਣ ਤੋਂ ਵੀ ਇਹ ਬਹੁਤ ਹੀ ਮਹੱਤਵਪੂਰਨ ਸਥਾਨ ਸੀ। ਇਹ ਅਫਗਾਨਿਸਤਾਨ ਜਾਣ ਵਾਲੇ ਬੋਲਾਨ ਦੋਰੇ ਤੇ ਇਕ ਪ੍ਰਸਿੱਧ ਸਥਾਨ ਸੀ। 1831 ਈ: ਵਿਚ ਮਹਾਰਾਜਾ ਦੋਚਿਤੀ ਵਿਚ ਸੀ। ਪਰ ਉਹ ਸ਼ਿਕਾਰਪੁਰ ਉਤੇ ਹਮਲਾ ਨਹੀਂ ਕਰ ਸਕਦਾ ਸੀ ਕਿਉਂਕਿ ਉਸਨੂੰ ਡਰ ਸੀ ਕਿ ਅਜਿਹਾ ਕਰਨ ਨਾਲ ਅੰਗਰੇਜ਼ਾਂ ਨਾਲ ਦੋਸਤੀ ਦੇ ਸੰਬੰਧ ਟੁਟ ਜਾਣਗੇ। ਰਣਜੀਤ ਸਿੰਘ ਇਸ ਲਈ ਤਿਆਰ ਨਹੀਂ ਸੀ ਅਤੇ ਇਹੀ ਕਾਰਨ ਸੀ ਕਿ ਉਸਨੇ ਸ਼ਿਕਾਰਪੁਰ ਲੈਣ ਦੀ ਤਜ਼ਵੀਜ਼ ਹਾਲ ਦੀ ਘੜੀ ਵਿਚ ਛੱਡ ਦਿੱਤੀ।

1835 ਈ: ਵਿਚ ਮੁਜਾਰੀ ਲੋਕਾਂ ਨੇ ਮਹਾਰਾਜਾ ਦੇ ਇਲਾਕੇ ਵਿਚ ਲੁੱਟਮਾਰ ਸ਼ੁਰੂ ਕਰ ਦਿੱਤੀ। ਮਹਾਰਾਜਾ ਨੂੰ ਇਕ ਬਹੁਤ ਵੱਡਾ ਬਹਾਨਾ ਹੱਥ ਲੱਗਿਆ ਅਤੇ ਮਹਾਰਾਜਾ ਨੇ 1836 ਈ: ਵਿਚ ਹਾਲਤ ਉਤੇ ਕਾਬੂ ਪਾਉਣ ਲਈ ਸ਼ਿਕਾਰਪੁਰ ਵੱਲ ਫੌਜ ਭੇਜ ਦਿੱਤੀ। ਇਸ ਤਰ੍ਹਾਂ ਅੰਗਰੇਜ਼ ਅਤੇ ਸਿੰਧ ਦੇ ਅਮੀਰ ਦੋਵੇਂ ਹੀ ਡਰ ਗਏ। ਅੰਗਰੇਜ਼ਾਂ ਨੇ ਰਣਜੀਤ ਸਿੰਘ ਨੂੰ ਸੁਨੇਹਾ ਭੇਜਿਆ ਕਿ ਸ਼ਿਕਾਰਪੁਰ ਤੋਂ ਫੌਜਾਂ ਵਾਪਸ ਬੁਲਾ ਲਵੇ। ਰਣਜੀਤ ਸਿੰਘ ਅੰਗਰੇਜ਼ਾਂ ਨਾਲ ਲੜਨ ਲਈ ਤਿਆਰ ਨਹੀਂ ਸੀ। ਇਸ ਤਰ੍ਹਾਂ ਇਕ ਵਾਰ ਫਿਰ ਉਸਨੂੰ ਅੰਗਰੇਜ਼ਾਂ ਦੀ ਗੱਲ ਮੰਨਣੀ ਪਈ।

**ਫਿਰੋਜ਼ਪੁਰ ਉਤੇ ਅੰਗਰੇਜ਼ਾਂ ਦਾ ਨਜਾਇਜ਼ ਕਬਜ਼ਾ :-** ਫਿਰੋਜ਼ਪੁਰ ਦਾ ਝਗੜਾ ਰਣਜੀਤ ਸਿੰਘ ਅਤੇ ਅੰਗਰੇਜ਼ਾਂ ਵਿਚਕਾਰ ਸਤਲੁਜ ਉਰਾਰ ਦੇ ਕਿਸੇ ਇਲਾਕੇ ਵਿਚ ਨਹੀਂ ਸੀ ਸਗੋਂ ਇਹ ਅੰਗਰੇਜ਼ਾਂ ਅਤੇ ਰਣਜੀਤ ਸਿੰਘ ਵਿਚਕਾਰ ਸੀ। ਬ੍ਰਿਟਿਸ਼ ਸਰਕਾਰ ਦੀਆਂ ਸੈਨਿਕ ਲੋੜਾਂ ਕਾਰਨ ਫਿਰੋਜ਼ਪੁਰ ਦਾ ਮਹੱਤਵ ਕਾਫੀ ਵੱਧ ਗਿਆ ਸੀ। ਠੀਕ ਲੁਧਿਆਣਾ ਨਾਲੋਂ ਫਿਰੋਜ਼ਪੁਰ ਦੀ ਫੌਜੀ ਅਤੇ ਰਾਜਸੀ ਮਹੱਤਤਾ ਜ਼ਿਆਦਾ ਸੀ। ਦੂਜਾ ਫਿਰੋਜ਼ਪੁਰ ਅਤੇ ਬਹਾਵਲਪੁਰ ਦੀ ਹੱਦ ਅਤੇ ਲਾਹੌਰ ਦੇ ਨੇੜੇ ਹੋਣ ਕਰਕੇ ਮਹਾਰਾਜਾ ਅਤੇ ਨਵਾਬ ਬਹਾਵਲਪੁਰ ਦੀਆਂ ਚਾਲਾਂ ਤੋਂ ਜਾਣੂ ਹੋਣ ਲਈ ਚੰਗੀ ਥਾਂ ਸੀ। ਬ੍ਰਿਟਿਸ਼ ਸਰਕਾਰ ਨੇ ਲੁਧਿਆਣਾ ਦੇ ਅੰਗਰੇਜ਼ ਏਜੰਟ ਕੈਪਟਨ ਵੇਡ ਨੂੰ ਇਹ ਕੰਮ ਦਿੱਤਾ ਕਿ ਉਹ ਰਣਜੀਤ ਸਿੰਘ ਨੂੰ ਫਿਰੋਜ਼ਪੁਰ ਉਤੇ ਕਬਜ਼ਾ ਨਾ ਕਰਨ ਦੇਵੇ। ਵੇਡ ਨੇ ਇਹ ਜਾਣਦਿਆਂ ਹੋਇਆ ਵੀ ਕਿ ਅੰਗਰੇਜ਼ਾਂ ਦਾ ਫਿਰੋਜ਼ਪੁਰ ਤੇ ਕੋਈ ਹੱਕ ਨਹੀਂ ਸੀ ਬਣਦਾ। 1837 ਈ: ਵਿਚ ਫਿਰੋਜ਼ਪੁਰ ਉਤੇ ਕਬਜ਼ਾ ਕਰ ਲਿਆ ਅਤੇ 1838 ਈ: ਵਿਚ ਫਿਰੋਜ਼ਪੁਰ ਨੂੰ ਆਪਣੀ ਫੌਜੀ ਛਾਉਣੀ ਬਣਾਕੇ ਇਸ ਦੇ ਮਹੱਤਵ ਨੂੰ ਹੋਰ ਵਧਾ ਦਿੱਤਾ। ਮਹਾਰਾਜਾ ਨੇ ਫਿਰੋਜ਼ਪੁਰ ਦੇ ਨੁਕਸਾਨ ਨੂੰ ਇਸ ਤਰ੍ਹਾਂ ਮਹਿਸੂਸ ਕੀਤਾ ਜਿਵੇਂ ਉਸਦੀ ਪੁੜਪੜੀ ਤੇ ਕੋਈ ਪਿਸਤੌਲ ਰੱਖ ਦੇਵੇ ਪਰ ਮਜ਼ਬੂਰੀ ਦੀ ਹਾਲਤ ਵਿਚ ਉਸਨੇ ਇਸ ਨੁਕਸਾਨ ਨੂੰ ਸਹਿਣ ਕਰ ਲਿਆ।

**ਤਿੰਨ ਪੱਖੀ ਸੰਧੀ 1838 ਈ: -** ਮੱਧ ਏਸ਼ੀਆਂ ਅਤੇ ਅਫਗਾਨਿਸਤਾਨ ਦੇ ਵਿਚ ਰੂਸ ਦੇ ਅਸਰ ਰਸੂਖ ਦਾ ਖੇ

ਤਰ ਵਧ ਜਾਣ ਕਾਰਨ ਅੰਗਰੇਜ਼ਾਂ ਨੂੰ ਚਿੰਤਾਂ ਹੋਣ ਲੱਗੀ। ਉਨ੍ਹਾਂ ਬਰਨਜ ਨੂੰ ਕਾਬਲ ਭੇਜਿਆ। ਇਸ ਮਿਸ਼ਨ ਦਾ ਉਦੇਸ਼ ਅਫਗਾਨਿਸਤਾਨ ਦੇ ਸ਼ਾਸ਼ਕ ਦੋਸਤ ਮੁਹੰਮਦ ਨਾਲ ਦੋਸਤੀ ਦੀ ਸੰਧੀ ਕਰਨਾ ਸੀ। ਕਾਬਲ ਦੇ ਅਮੀਰ ਨੇ ਮਿੱਤਰਤਾ ਕਰਨੀ ਮੰਨ ਲਈ ਪਰ ਉਸਨੇ ਇਹ ਸ਼ਰਤ ਰੱਖੀ ਕਿ ਅੰਗਰੇਜ਼ ਉਸਨੂੰ ਪਿਸ਼ਾਵਰ ਦਿਵਾਉਣ ਲਈ ਰਣਜੀਤ ਸਿੰਘ ਉਤੇ ਦਬਾਅ ਪਾਉਣ। ਅੰਗਰੇਜ਼ ਮਹਾਰਾਜਾ ਨੂੰ ਨਰਾਜ਼ ਨਹੀਂ ਕਰ ਸਕਦੇ ਸਨ। ਇਹੀ ਕਾਰਨ ਸੀ ਕਿ ਦੋਸਤੀ ਦੀ ਗੱਲਬਾਤ ਟੁਟ ਗਈ। ਲਾਰਡ ਆਕਲੈਂਡ ਨੇ ਨਿਰਣੇ ਕੀਤਾ ਕਿ ਦੋਸਤ ਮੁਹੰਮਦ ਨੂੰ ਗੱਦੀ ਤੋਂ ਉਤਾਰ ਕੇ ਸ਼ਾਹ ਸੁਜਾਹ ਨੂੰ ਗੱਦੀ ਤੇ ਬਿਠਾਇਆ ਜਾਵੇ। ਮਹਾਰਾਜਾ ਤੇ ਦਬਾਉ ਪਾਇਆ ਗਿਆ ਅਤੇ ਸ਼ਾਹ ਸੁਜਾਹ, ਅੰਗਰੇਜ਼ਾਂ ਤੇ ਰਣਜੀਤ ਸਿੰਘ ਵਿਚਕਾਰ ਇਕ ਤਿੰਨ ਪੱਖੀ ਸੰਧੀ (Tripartite Treaty) ਹੋਈ। ਇਸੇ ਸੰਧੀ ਦਾ ਉਦੇਸ਼ ਇਹ ਸੀ ਕਿ ਕਾਬਲ ਦੇ ਤਖ਼ਤ ਉਤੇ ਇਕ ਮਿੱਤਰ ਅਰਥਾਤ ਸ਼ਾਹ ਸੁਜਾਹ ਨੂੰ ਬਿਠਾਇਆ ਜਾਵੇ। ਮਹਾਰਾਜਾ ਨੇ ਇਹ ਗੱਲ ਸਪੱਸ਼ਟ ਕਰ ਦਿੱਤੀ ਕਿ ਅੰਗਰੇਜ਼ੀ ਫੌਜ ਨੂੰ ਪੰਜਾਬ ਵਿਚੋਂ ਨਹੀਂ ਲੰਘਣ ਦੇਵੇਗਾ। ਪਰ ਇਸ ਸੰਧੀ ਦੇ ਇਕ ਸਾਲ ਬਾਅਦ ਹੀ ਰਣਜੀਤ ਸਿੰਘ ਦਾ ਚਲਾਣਾ ਹੋ ਗਿਆ।

**ਅੰਗਰੇਜ਼ ਸਿੱਖ ਸੰਬੰਧਾਂ ਦੀ ਆਲੋਚਨਾ :-** ਰਣਜੀਤ ਸਿੰਘ ਨੇ ਅੰਗਰੇਜ਼ਾਂ ਨਾਲ ਹਰ ਸਮੇਂ ਮਿੱਤਰਤਾ ਰੱਖਣ ਦੀ ਨੀਤੀ ਨੂੰ ਅਪਣਾਇਆ। ਅਜਿਹਾ ਕਰਨ ਨਾਲ ਅੰਗਰੇਜ਼ਾਂ ਨੇ ਇਹ ਸਮਝ ਲਿਆ ਸੀ ਕਿ ਮਹਾਰਾਜਾ ਖੁਦ ਨੂੰ ਉਨ੍ਹਾਂ ਦੇ ਮੁਕਾਬਲੇ ਕਮਜ਼ੋਰ ਸਮਝਦਾ ਸੀ ਅਤੇ ਉਹ ਅੰਗਰੇਜ਼ਾਂ ਨਾਲ ਲੜਾਈ ਕਰਨ ਨੂੰ ਕਿਸੇ ਤਰ੍ਹਾਂ ਵੀ ਤਿਆਰ ਨਹੀਂ ਸੀ। ਉਸਨੇ ਆਪਣੇ ਸ਼ਾਸ਼ਨ ਦੀ ਆਖਰੀ ਦਸ ਸਾਲਾਂ ਵਿਚ ਹਰ ਸਮੇਂ ਕਮਜ਼ੋਰੀ ਦਾ ਪ੍ਰਗਟਾਵਾ ਕੀਤਾ। ਭਾਵੇਂ ਉਹ ਸਮਝਦਾ ਅਤੇ ਜਾਣਦਾ ਸੀ ਕਿ ਅੰਗਰੇਜ਼ ਉਸਦੇ ਰਾਜ ਨੂੰ ਘੇਰ ਲੈਣ ਦੀ ਨੀਤੀ ਉਤੇ ਚਲ ਰਹੇ ਸਨ। ਸ਼ਿਕਾਰਪੁਰ ਅਤੇ ਫਿਰੋਜ਼ਪੁਰ ਉਤੇ ਨਜਾਇਜ਼ ਅਧਿਕਾਰ ਕਰਨ ਤੋਂ ਬਾਅਦ ਅੰਗਰੇਜ਼ਾਂ ਦੀ ਇਸ ਨੀਤੀ ਵਿਚ ਕੋਈ ਸ਼ੱਕ ਨਹੀਂ ਸੀ ਰਹਿ ਗਿਆ। ਰਣਜੀਤ ਸਿੰਘ ਹਰ ਸਮੇਂ ਲੜਾਈ ਤੋਂ ਬਚਣ ਦਾ ਯਤਨ ਕਰਦਾ ਰਿਹਾ। ਰਣਜੀਤ ਸਿੰਘ ਦੇ ਅੰਗਰੇਜ਼ਾਂ ਨਾਲ ਸੰਬੰਧਾਂ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਉਹ ਹਮੇਸ਼ਾਂ ਝੁਕਦਾ ਹੀ ਰਿਹਾ ਅਤੇ ਹਰ ਸਮੇਂ ਲੜਾਈ ਨੂੰ ਟਾਲਦਾ ਰਿਹਾ। ਡਾ. ਸਿਨਹਾ ਲਿਖਦੇ ਹਨ ਕਿ ਜੇ ਮਹਾਰਾਜਾ ਰਣਜੀਤ ਸਿੰਘ ਆਪਣੇ ਜੀਵਨ ਕਾਲ ਵਿਚ ਹੀ ਅੰਗਰੇਜ਼ਾਂ ਨਾਲ ਦੋ ਹੱਥ ਕਰ ਲੈਂਦਾ ਤਾਂ ਸ਼ਾਇਦ ਉਸਨੇ ਮਰਨ ਤੋਂ ਬਾਅਦ ਸਿੱਖ ਰਾਜ ਜਲਦੀ ਖਤਮ ਨਾ ਹੁੰਦਾ। ਰਣਜੀਤ ਸਿੰਘ ਨੇ ਕਦੀ ਵੀ ਅੰਗਰੇਜ਼ਾਂ ਨਾਲ ਲੜਨ ਦਾ ਹੌਸਲਾ ਨਹੀਂ ਕੀਤਾ। ਉਹ ਹਮੇਸ਼ਾਂ ਹਿਚਕਚਾਂਦਾ ਰਿਹਾ। ਉਨ੍ਹਾਂ ਸੰਬੰਧਾਂ ਤੋਂ ਅੰਗਰੇਜ਼ਾਂ ਦੀ ਧੋਖੇ ਵਾਲੀ ਨੀਤੀ ਦਾ ਵੀ ਸਪੱਸ਼ਟ ਤੌਰ ਤੇ ਪਤਾ ਲਗਦਾ ਹੈ ਕਿ ਰਣਜੀਤ ਸਿੰਘ ਨੇ ਸਾਰੀ ਉਮਰ ਦੋਸਤੀ ਨਿਭਾਈ ਜਦ ਕਿ ਅੰਗਰੇਜ਼ਾਂ ਨੇ ਕਦੇ ਵੀ ਉਸ ਉਤੇ ਪੂਰੀ ਤੌਰ ਤੇ ਵਿਸ਼ਵਾਸ਼ ਨਹੀਂ ਸੀ ਕੀਤਾ। ਪਰ ਇਥੇ ਇਕ ਗੱਲ ਧਿਆਨ ਰੱਖਣੀ ਜ਼ਰੂਰੀ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੀ ਅੰਗਰੇਜ਼ਾਂ ਪ੍ਰਤੀ ਨੀਤੀ ਜਿਨਾਂ ਚਿਰ ਉਹ ਜਿਉਂਦਾ ਰਿਹਾ ਕਾਮਯਾਬ ਸਾਬਿਤ ਹੋਈ।

## ਆਪਣਾ ਗਿਆਨ ਪਰਖੋਂ

**ਖਾਲੀ ਥਾਵਾਂ ਨੂੰ ਪੂਰਾ ਕਰੋ :-**

1. ਅਹਿਮਦ ਸ਼ਾਹ ਅਬਦਾਲੀ ਲੇ 1766-67 ਈ: ਵਿਚ ਫਿਰ ਪੰਜਾਬ ਤੇ ............... ਵਾਰ ਹਮਲਾ ਕੀਤਾ।
2. 1800 ਈ: ਤੋਂ 1839 ਈ: ਤੱਕ ਦੇ ਅੰਗਰੇਜ਼ ਸਿੱਖ ਸੰਬੰਧਾਂ ਨੂੰ ...................ਕਾਲਾਂ ਵਿਚ ਵੰਡਿਆਂ ਜਾ ਸਕਦਾ ਹੈ।
3. ................... ਮਿਸ਼ਨ ਮਹਾਰਾਜਾ ਰਣਜੀਤ ਸਿੰਘ ਕੋਲ 1800 ਈ: ਵਿਚ ਭੇਜਿਆ ਗਿਆ।
4. ................... ਦੀ ਸੰਧੀ 1809 ਈ: ਵਿਚ ਹੋਈ।
5. ਪਟਿਆਲਾ ਦੀ ਰਾਣੀ ............... ਨੇ ਰਣਜੀਤ ਸਿੰਘ ਨੂੰ 1807 ਈ: ਵਿਚ ਸੱਦਾ ਭੇਜਿਆ।
6. ਮੈਟਕਾਫ ਨੇ ਰਣਜੀਤ ਸਿੰਘ ਨਾਲ ਪਹਿਲੀ ਮੁਲਾਕਾਤ ................. ਵਿਚ ਕੀਤੀ ।
7. .................. ਨੇ ਫਿਲੋਰ ਵਿਖੇ ਇਕ ਕਿਲਾ ਬਣਵਾਇਆ ।
8. ਰਣਜੀਤ ਸਿੰਘ ਅਤੇ ਲਾਰਡ ਵਿਲੀਅਮ ਬੈਟਿੰਕ .............. ਵਿਖੇ ਮੀਟਿੰਗ, 26 ਅਕਤੂਬਰ 1831 ਈ: ਨੂੰ ਹੋਈ।
9. ਮਹਾਰਾਜਾ ਰਣਜੀਤ ਸਿੰਘ ਸ਼ਿਕਾਰਪੁਰ ਨੂੰ ਆਪਣੇ ........................ ਵਿਚ ਲਿਆਉਣਾ ਚਾਹੁੰਦਾ ਸੀ।
10. ਤ੍ਰਿਪੱਖੀ ਸੰਧੀ ................... ਈ. ਵਿਚ ਕੀਤੀ ਗਈ ।

## ਆਪਣੇ ਉਤਰ ਮਿਲਾਉ :-

(1) ਅੱਠ, (2) ਚਾਰ, (3) ਯੂਸਫ ਅਲੀ, (4) ਅੰਮ੍ਰਿਤਸਰ, (5) ਆਸ ਕੌਰ, (6) ਸਤੰਬਰ, 1808, (7) ਮਹਾਰਾਜਾ ਰਣਜੀਤ ਸਿੰਘ, (8) ਰੋਪੜ, (9) ਕੰਟਰੋਲ, (10) 1838 ਈ:

## ਆਪਣੀ ਪੁਜੀਸ਼ਨ ਵੇਖੋ :-

| | | |
|---|---|---|
| ਬਹੁਤ ਚੰਗਾ | - | 6 ਤੋਂ ਵੱਧ ਠੀਕ ਉਤਰ |
| ਚੰਗਾ | - | 4 ਤੋਂ 6 ਠੀਕ ਉਤਰ |
| ਸੰਤੋਖਜਨਕ | - | 4 ਠੀਕ ਉਤਰ |
| ਅਸੰਤੋਖਜਨਕ | - | 4 ਤੋਂ ਘੱਟ ਠੀਕ ਉਤਰ |

## ਹੇਠ ਦਿੱਤੇ ਪ੍ਰਸ਼ਨਾਂ ਵਿਚ ਹਰ ਪ੍ਰਸ਼ਨ ਦਾ ਉਤਰ 25-30 ਸ਼ਬਦਾਂ ਵਿਚ ਲਿਖੋ :-

1. ਅੰਮ੍ਰਿਤਸਰ ਦੀ ਸੰਧੀ ਦੀਆਂ ਮੁੱਖ ਸ਼ਰਤਾਂ ਦੱਸੋ ?
2. ਤ੍ਰਿਪੱਖੀ ਸੰਧੀ ਦਾ ਕੀ ਮਹੱਤਵ ਸੀ ?
3. ਬਰਨਜ਼ ਮਿਸ਼ਨ ਦਾ ਕੀ ਸਿੱਟਾ ਨਿਕਲਿਆ ?
4. ਸਿੰਧ ਦਾ ਮਾਮਲਾ ਕੀ ਸੀ ?
5. ਮਹਾਰਾਜਾ ਪਟਿਆਲਾ ਅਤੇ ਉਸਦੀ ਰਾਣੀ ਵਿਚਕਾਰ ਕੀ ਝਗੜਾ ਸੀ ?
6. ਮਹਾਰਾਜਾ 1806 ਈ: ਵਿਚ ਮਾਲਵਾ ਕਿਉਂ ਗਿਆ ?
7. ਯੁਸਫ ਅਲੀ ਮਿਸ਼ਨ ਦਾ ਕੀ ਸਿੱਟਾ ਨਿਕਲਿਆ ?

## ਹੇਠ ਦਿੱਤੇ ਪ੍ਰਸ਼ਨਾਂ ਵਿਚ ਕਿਸੀ ਇਕ ਦਾ ਉਤਰ 1000 ਸ਼ਬਦਾਂ ਵਿਚ ਲਿਖੋ ?

1. ਅੰਮ੍ਰਿਤਸਰ ਦੀ ਸੰਧੀ ਕਿੰਨ੍ਹਾਂ ਹਾਲਤਾਂ ਵਿਚ ਹੋਈ ਅਤੇ ਉਸਦਾ ਕੀ ਮਹੱਤਵ ਸੀ ?
2. ਅੰਗਰੇਜ਼ਾਂ ਅਤੇ ਰਣਜੀਤ ਸਿੰਘ ਵਿਚਕਾਰ 1827 ਤੋਂ ਲੈ ਕੇ 1839 ਈ: ਤੱਕ ਦੇ ਸੰਬੰਧਾਂ ਬਾਰੇ ਆਲੋਚਨਾਤਮਕ ਰੂਪ ਵਿਚ ਲਿਖੋ ?

**ਪਾਠ ਨੰਬਰ : 1.5**

## ਮਹਾਰਾਜਾ ਰਣਜੀਤ ਸਿੰਘ : ਸਿਵਲ ਅਤੇ ਸੈਨਿਕ ਪ੍ਰਬੰਧ

**ਉਦੇਸ਼** :- ਇਸ ਪਾਠ ਵਿਚ ਅਸੀਂ ਮਹਾਰਾਜਾ ਰਣਜੀਤ ਸਿੰਘ ਦੇ ਅਸੈਨਿਕ ਅਤੇ ਸੈਨਿਕ ਪ੍ਰਬੰਧ ਦਾ ਵਿਸਥਾਰ ਵਿਚ ਹੇਠ ਲਿਖੇ ਕ੍ਰਮ ਅਨੁਸਾਰ ਅਧਿਐਨ ਕਰ ਰਹੇ ਹਾਂ ।

1. ਅਸੈਨਿਕ ਪ੍ਰਬੰਧ
   - 1.1 ਰਣਜੀਤ ਸਿੰਘ ਦੀ ਖੁਦਮੁਖਤਿਆਰੀ ਤੇ ਰੋਕਾਂ
2. ਕੇਂਦਰੀ ਰਾਜ ਪ੍ਰਬੰਧ : ਮੰਤਰੀ ਮੰਡਲ
   - 2.1 ਕੇਂਦਰੀ ਵਿਭਾਗ
3. ਪ੍ਰਾਂਤਕ ਪ੍ਰਬੰਧ
   - 3.1 ਪ੍ਰਾਂਤਕ ਕਰਮਚਾਰੀ : ਨਾਜ਼ਿਮ, ਕਾਰਦਾਰ
4. ਪਿੰਡਾਂ ਦਾ ਪ੍ਰਬੰਧ
5. ਜਗੀਰਾਂ ਦਾ ਪ੍ਰਬੰਧ
6. ਲਾਹੌਰ ਦਾ ਇੰਤਜ਼ਾਮ
7. ਨਿਆਂ ਪ੍ਰਬੰਧ
   - 7.1 ਅਦਾਲਤਾਂ
   - 7.2 ਸਜ਼ਾਵਾਂ
8. ਆਰਥਿਕ ਪ੍ਰਬੰਧ
   - 8.1 ਭੂਮੀਕਰ ਪ੍ਰਣਾਲੀ
   - 8.2 ਭੂਮੀਕਰ ਵਜੋਂ ਸਰਕਾਰੀ ਹਿੱਸਾ
   - 8.3 ਲਗਾਨ ਉਗਰਾਉਣ ਦਾ ਤਰੀਕਾ
   - 8.4 ਭੂਮੀਕਰ ਪ੍ਰਣਾਲੀ ਦੀ ਆਲੋਚਨਾ
   - 8.5 ਹੋਰ ਕਰ
9. ਖੁਫੀਆ ਅਤੇ ਰਾਜਦੂਤ ਸੇਵਾ
10. ਅਸੈਨਿਕ ਰਾਜ ਪ੍ਰਬੰਧ ਦੀ ਆਲੋਚਨਾ
11. ਸੈਨਿਕ ਪ੍ਰਬੰਧ
    - 11.1 ਪਿਆਦਾ ਫੌਜ ਦੀ ਜਥੇਬੰਦੀ
    - 11.2 ਬਕਾਇਦਾ ਪ੍ਰੇਡ ਤੇ ਅਨੁਸ਼ਾਸਨ
    - 11.3 ਤੋਪਖਾਨਾ
    - 11.4 ਮਹੀਨੇਵਾਰੀ ਤਨਖਾਹ
    - 11.5 ਫੌਜ-ਏ-ਖਾਸ
    - 11.6 ਬੇਕਾਵਾਇਦ ਫੌਜ
    - 11.7 ਪੈਦਲ ਸੈਨਾ
    - 11.8 ਰਸਾਲਾ
    - 11.9 ਤੋਪਖਾਨਾ
    - 11.10 ਫੌਜ-ਏ-ਬੇਕਾਵਾਇਦ
12. ਰਸਦ ਪਾਣੀ
13. ਮਹਾਰਾਜਾ ਵਲੋਂ ਫੌਜੀਆਂ ਨੂੰ ਇਨਾਮ ਅਤੇ ਮਦਦ
14. ਸੈਨਿਕ ਪ੍ਰਬੰਧ ਦੀ ਆਲੋਚਨਾ

## ਮਹਾਰਾਜਾ ਰਣਜੀਤ ਸਿੰਘ : ਸਿਵਲ ਅਤੇ ਸੈਨਿਕ ਪ੍ਰਬੰਧ

**ਉਦੇਸ਼ :-** ਇਸ ਪਾਠ ਵਿਚ ਸਾਡਾ ਮੁੱਖ ਉਦੇਸ਼ ਮਹਾਰਾਜਾ ਰਣਜੀਤ ਸਿੰਘ ਦੇ ਸਿਵਲ ਅਤੇ ਸੈਨਿਕ ਪ੍ਰਬੰਧ ਦਾ ਅਧਿਐਨ ਕਰਨਾ ਹੈ। ਸ਼ੁਰੂ ਵਿਚ ਅਸੀਂ ਮਹਾਰਾਜੇ ਦੀ ਖੁਦਮੁਖਤਿਆਰੀ ਬਾਰੇ ਅਧਿਐਨ ਕਰਾਂਗੇ ਅਤੇ ਇਸਦੇ ਨਾਲ ਹੀ ਵੇਖਾਂਗੇ ਕਿ ਉਸਦੀ ਸ਼ਕਤੀਆਂ ਉਤੇ ਕੀ-ਕੀ ਰੋਕਾਂ ਲੱਗੀਆਂ ਹੋਈਆਂ ਸਨ। ਉਸ ਤੋਂ ਬਾਅਦ ਉਸਦੇ ਕੇਂਦਰੀ ਰਾਜ ਪ੍ਰਬੰਧ, ਮੰਤਰੀ ਮੰਡਲ, ਕੇਂਦਰੀ ਵਿਭਾਗ, ਪ੍ਰਾਂਤਕ ਪ੍ਰਬੰਧ, ਨਿਆਂ ਪ੍ਰਬੰਧ, ਆਰਥਿਕ ਪ੍ਰਬੰਧ ਦਾ ਆਲੋਚਨਾਤਮਕ ਅਧਿਐਨ ਕਰਨ ਦਾ ਯਤਨ ਰਹੇਗਾ। ਇਥੇ ਆਰਥਿਕ ਪ੍ਰਬੰਧ ਦੇ ਨਾਲ-ਨਾਲ ਰਣਜੀਤ ਸਿੰਘ ਦੇ ਸਮੇਂ ਦੀ ਭੂਮੀ ਕਰ ਪ੍ਰਣਾਲੀ ਦਾ ਆਲੋਚਨਾਤਮਕ ਅਧਿਐਨ ਹੋਵੇਗਾ। ਸਿਵਲ ਪ੍ਰਬੰਧ ਦੇ ਹੇਠਾ ਖੁਫੀਆਂ ਅਤੇ ਰਾਜਦੂਤ ਸੇਵਾਵਾਂ ਦਾ ਵਰਣਨ ਵੀ ਕੀਤਾ ਜਾਵੇਗਾ।

ਇਸ ਪਾਠ ਵਿਚ ਹੀ ਮਹਾਰਾਜਾ ਤੇ ਸੈਨਿਕ ਪ੍ਰਬੰਧ ਦਾ ਵਿਸਤਾਰ ਵਿਚ ਹਵਾਲਾ ਦਿੱਤਾ ਗਿਆ। ਉਸਦੀ ਫੌਜ ਕਿੰਨਿਆਂ ਹਿੱਸਿਆਂ ਵਿਚ ਵੰਡੀ ਹੋਈ ਸੀ। ਨਾਲ ਹੀ ਮਿਸਲਦਾਰ ਅਤੇ ਜਗੀਰਦਾਰੀ ਸੈਨਾ ਦਾ ਵੀ ਵਰਣਨ ਹੋਵੇਗਾ ਅਤੇ ਅੰਤ ਵਿਚ ਉਸਦੇ ਸੈਨਿਕ ਪ੍ਰਬੰਧ ਦਾ ਆਲੋਚਨਾਤਮਕ ਅਧਿਐਨ ਕਰਦਿਆਂ ਹੋਇਆਂ ਇਹ ਦੱਸਣ ਦਾ ਯਤਨ ਹੋਵੇਗਾ ਕਿ ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਸੈਨਿਕ ਪ੍ਰਬੰਧ ਨੂੰ ਕਿਸ ਹੱਦ ਤੱਕ ਯੋਗ ਬਣਾਉਣ ਵਿਚ ਸਫਲਤਾ ਪ੍ਰਾਪਤ ਕੀਤੀ ਅਤੇ ਉਸਦੇ ਇਸ ਪ੍ਰਬੰਧ ਵਿਚ ਕੀ ਕੁਝ ਘਾਟ ਰਹਿ ਗਈ ਸੀ।

**ਭੂਮਿਕਾ :-** ਜਿਥੋਂ ਤੱਕ ਰਣਜੀਤ ਸਿੰਘ ਦੇ ਅਸੈਨਿਕ ਪ੍ਰਬੰਧ ਦਾ ਸੰਬੰਧ ਹੈ, ਉਸ ਵਿਚ ਮਹਾਰਾਜਾ ਖੁਦਮੁਖਤਿਆਰ ਪਰ ਇਕ ਦਿਆਲੂ ਸ਼ਾਸਕ ਸੀ। ਸਭ ਮਿਸਲਦਾਰਾਂ ਅਤੇ ਸਰਦਾਰਾਂ ਨੂੰ ਇਕ-ਇਕ ਕਰਕੇ ਉਸਨੇ ਆਪਣੇ ਅਧੀਨ ਕੀਤਾ ਅਤੇ ਨਾਲ ਹੀ ਉਸਨੇ ਇਕ ਸੁਚੱਜੇ ਰਾਜ ਪ੍ਰਬੰਧ ਦੀ ਸਥਾਪਨਾ ਕੀਤੀ। ਕੋਈ ਵੀ ਸਿੱਖ ਸਰਦਾਰ ਉਸਦਾ ਵਿਰੋਧ ਜਾਂ ਬਰਾਬਰੀ ਕਰਨ ਦੀ ਹਿੰਮਤ ਨਹੀਂ ਸੀ ਕਰਦਾ। ਉਹ ਰਾਜ ਦੇ ਸਾਰੇ ਕਾਨੂੰਨਾਂ ਦਾ ਸੋਮਾ ਖੁਦ ਹੀ ਸੀ। ਕਹਿਣ ਦਾ ਭਾਵ ਇਹ ਹੈ ਕਿ ਕੋਈ ਵੀ ਕਾਨੂੰਨ ਉਸਦੀ ਇੱਛਾ ਤੋਂ ਬਿਨਾਂ ਲਾਗੂ ਨਹੀਂ ਸੀ ਕੀਤਾ ਜਾ ਸਕਦਾ। ਸਭ ਲੜਾਈਆਂ ਅਤੇ ਸੰਧੀਆਂ ਮਹਾਰਾਜਾ ਦੀ ਆਪਣੀ ਮਰਜ਼ੀ ਅਨੁਸਾਰ ਹੁੰਦੀਆਂ ਸਨ। ਇਸ ਤੋਂ ਭਾਵ ਹੈ ਕਿ ਉਹ ਖੁਦ ਸਾਰੇ ਪ੍ਰਬੰਧ ਦਾ ਮੁੱਖੀ ਸੀ ਅਤੇ ਸਾਰੇ ਅਧਿਕਾਰ ਉਸਦੇ ਰਾਖਵੇ ਸਨ। ਇੰਨਾ ਜ਼ਿਆਦਾ ਖੁਦਮੁਖਤਿਆਰ ਹੁੰਦਿਆਂ ਹੋਇਆ ਵੀ ਉਹ ਬਹੁਤ ਹੀ ਲੋਕ ਹੇਤੂ ਸ਼ਾਸਕ ਸਾਬਿਤ ਹੋਇਆ। ਇਥੋਂ ਤੱਕ ਕਿ ਕਿਸੇ ਵੀ ਲੜਾਈ ਸਮੇਂ ਸੈਨਿਕਾਂ ਨੂੰ ਖਾਸ ਹਦਾਇਤ ਹੁੰਦੀ ਸੀ ਕਿ ਉਹ ਕਿਸੇ ਕਿਸਾਨ ਦੀ ਖੜੀ ਹੋਈ ਫਸਲ ਨੂੰ ਕੋਈ ਨੁਕਸਾਨ ਨਾ ਪਹੁੰਚਾਉਣ । ਆਪਣੇ ਇਸ ਸ਼ਾਸਨ ਪ੍ਰਬੰਧ ਵਿਚ ਉਸਨੇ ਕਿਸਾਨਾਂ ਦੀ ਭਲਾਈ ਅਤੇ ਖੁਸ਼ਹਾਲੀ ਦਾ ਖਾਸ ਧਿਆਨ ਰੱਖਿਆ।

**ਰਣਜੀਤ ਸਿੰਘ ਦਾ ਖੁਦਮੁਖਤਿਅਰ ਹੋਣਾ :-** ਉਸਦਾ ਸ਼ਾਸਨ ਆਪ ਹੁਦਰਾ ਨਹੀਂ ਸੀ ਕਿਉਂਕਿ ਮਹਾਰਾਜਾ ਨੇ ਸਲਾਹ ਮਸ਼ਵਰੇ ਲਈ ਇਕ ਮੰਤਰੀ ਮੰਡਲ ਬਣਾਇਆ ਹੋਇਆ ਸੀ ਅਤੇ ਇਨ੍ਹਾਂ ਮੰਤਰੀਆਂ ਦਾ ਮਹਾਰਾਜਾ ਉਤੇ ਬਹੁਤ ਹੀ ਡੂੰਘਾ ਪ੍ਰਭਾਵ ਸੀ। ਉਦਾਹਰਣ ਵਜੋਂ ਵਿਦੇਸ਼ ਮੰਤਰੀ ਫਕੀਰ ਅਜੀਜ-ਉਦ-ਦੀਨ ਦੀ ਸਲਾਹ ਤੇ ਮਹਾਰਾਜਾ ਨੇ 1809 ਈ: ਵਿਚ ਅੰਮ੍ਰਿਤਸਰ ਦੀ ਸੰਧੀ ਉਤੇ ਦਸਤਖਤ ਕੀਤੇ ਸਨ। ਦੂਜਾ ਖਾਲਸਾ ਪੰਥ ਦਾ ਵੀ ਉਸਤੇ ਬੜਾ ਪ੍ਰਭਾਵ ਸੀ। ਰਣਜੀਤ ਸਿੰਘ ਖੁਦ ਨੂੰ ਪੰਥ ਦਾ ਸੇਵਕ ਸਮਝਦਾ ਸੀ ਅਤੇ ਉਹ ਹਰ ਕੰਮ ਪੰਥ ਦੇ ਨਾਂ ਤੇ ਕਰਦਾ ਸੀ। ਭਾਵੇਂ ਉਹ ਕਿੰਨਾ ਹੀ ਜ਼ਿਆਦਾ ਖੁਦਮੁਖਤਿਆਰ ਵੀ ਸੀ। ਇਥੋਂ ਤੱਕ ਕਿ ਮੋਹਰ ਉਤੇ ਆਪਣੇ ਨਾਂ ਦੀ ਥਾਂ ਤੇ ਅਕਾਲ ਸਹਾਏ' ਲਿਖਿਆ ਹੋਇਆ ਸੀ। ਇਸ ਤੋਂ ਭਾਵ ਸੀ ਵਹਿਗੁਰੂ ਸਹਾਈ ਹੋਵੇ। ਸਿੱਕੇ ਵੀ ਨਾਨਕਸ਼ਾਹੀ ਅਤੇ ਗੋਬਿੰਦਸ਼ਾਹੀ ਦੇ ਨਾਂ ਉਤੇ ਚਾਲੂ ਸਨ ਅਤੇ ਉਹ ਆਪਣੇ-ਆਪ ਨੂੰ ਵੀ ਸਿੰਘ ਸਾਹਿਬ ਕਹਿਲਵਾਕੇ ਖੁਸ਼ ਹੁੰਦਾ ਸੀ। ਗੁਰੂ ਗੋਬਿੰਦ ਸਿੰਘ ਜੀ ਦੇ ਨਗਾਰੇ ਦੇ ਨਾਂ ਰਣਜੀਤ ਨਗਾਰਾ ਸੀ। ਇਸ ਤਰ੍ਹਾਂ ਮਹਾਰਾਜਾ ਖੁਦ ਨੂੰ ਗੁਰੂ ਸਾਹਿਬ ਦੇ ਨਗਾਰੇ ਤੋਂ ਵੱਧ ਕੁਝ ਨਹੀਂ ਸਮਝਦਾ ਸੀ। ਇਸ ਨਗਾਰੇ ਦਾ ਕੰਮ ਖਾਲਸਾ ਦੀ ਸਰਬ-ਉਚਤਾ ਦਾ ਪ੍ਰਚਾਰ ਕਰਨਾ ਸੀ। ਉਹ ਠੀਕ ਰੂਪ ਵਿਚ ਸਿੱਖ ਧਰਮ ਦਾ ਅਨੁਯਾਈ ਸੀ। ਸਮਾਜਿਕ ਨਿਯਮ ਅਤੇ ਧਾਰਮਿਕ ਮਰਿਯਾਦਾ ਦਾ ਉਸਨੂੰ ਪੂਰਾ ਸਤਿਕਾਰ ਸੀ। ਇਕ ਵਾਰੀ ਅੰਮ੍ਰਿਤਸਰ ਦੀ ਯਾਤਰਾ ਸਮੇਂ ਮਹਾਰਾਜਾ ਨੇ ਧਾਰਮਿਕ ਨਿਯਮਾਂ ਦੀ ਜਦ ਉਲੰਘਣਾ ਕੀਤੀ ਤਾਂ ਅਕਾਲੀ ਨੇਤਾ ਬਾਬਾ ਫੂਲਾ ਸਿੰਘ ਨੇ ਮਹਾਰਾਜੇ ਨੂੰ ਵੀ ਸਜ਼ਾ ਲਾ ਦਿੱਤੀ। ਰਣਜੀਤ ਸਿੰਘ ਨੇ ਇਸ ਨੂੰ ਪ੍ਰਵਾਨ ਕਰ ਲਿਆ। ਤੀਜਾ ਅਕਾਲੀਆਂ ਦਾ ਵੀ ਮਹਾਰਾਜਾ ਉਤੇ ਡੂੰਘਾ ਪ੍ਰਭਾਵ ਸੀ। ਉਸ ਸਮੇਂ ਦੇ ਅਕਾਲੀ ਖੁਦ ਨੂੰ ਸਿੱਖ ਧਰਮ ਦੇ ਸ਼ਾਸਤ੍ਰਧਾਰੀ ਰਖਵਾਲੇ ਸਮਝਦੇ ਸਨ। ਇਥੋਂ ਤੱਕ ਕਿ ਉਹ ਕਾਨੂੰਨ ਵੀ ਆਪਣੇ ਹੱਥ ਵਿਚ ਲੈ ਲੈਂਦੇ ਸਨ। ਇਹ ਰਣਜੀਤ ਸਿੰਘ ਦੇ ਰਾਜ ਦੀ ਸਥਿਰਤਾ ਲਈ ਭਾਰੀ ਖਤਰਾ ਸਨ । ਡਾ. ਐਨ. ਕੇ. ਸਿਨਹਾ ਦਾ ਕਹਿਣਾ ਹੈ ਭਾਵੇਂ ਰਣਜੀਤ ਸਿੰਘ ਕੋਲ ਉਨ੍ਹਾਂ ਨੂੰ ਕੁਚਲਣ ਦੇ ਸੋਮੇ ਸਨ ਪਰ ਉਹ

ਉਨ੍ਹਾਂ ਨੂੰ ਕੁਚਲਣ ਦੇ ਪੱਖ ਵਿਚ ਨਹੀਂ ਸੀ। ਜ਼ਿਆਦਾ ਤੋਂ ਜ਼ਿਆਦਾ ਮਹਾਰਾਜਾ ਨੇ ਅਕਾਲੀਆਂ ਦੇ ਕੱਟੜਪੁਣੇ ਨੂੰ ਕੁਝ ਹੱਦ ਤੱਕ ਨਰਮ ਕਰਨ ਦੀ ਕੋਸ਼ਿਸ ਕੀਤੀ। ਉਸ ਸਮੇਂ ਪੰਜਾਬ ਵਿਖੇ ਹਰ ਸਿੱਖ ਫੌਜੀ ਸਿਪਾਹੀ ਬਣ ਚੁੱਕਾ ਸੀ। ਇਹੀ ਕਾਰਣ ਸੀ ਕਿ ਉਨ੍ਹਾਂ ਦੇ ਖਿਲਾਫ ਕੋਈ ਵੀ ਕੰਮ ਕਰਨਾ ਰਣਜੀਤ ਸਿੰਘ ਲਈ ਬਹੁਤ ਹੀ ਕਠਿਨ ਸੀ। ਇਸ ਤਰ੍ਹਾਂ ਇਹ ਵੀ ਮਹਾਰਾਜਾ ਦੀ ਖੁਦਮੁਖਤਿਆਰੀ ਉਤੇ ਰੋਕ ਸੀ। ਇਸ ਦਾ ਸਿੱਟਾ ਇਹ ਹੋਇਆ ਕਿ ਮਹਾਰਾਜਾ ਆਮ ਲੋਕਾਂ ਨਾਲ ਪਿਆਰ ਕਰਦਾ ਸੀ ਅਤੇ ਲੋਕ ਮਹਾਰਾਜਾ ਨਾਲ ਪਿਆਰ ਕਰਦੇ ਸਨ।

## ਕੇਂਦਰੀ ਰਾਜ ਪ੍ਰਬੰਧ

ਮਹਾਰਾਜਾ ਰਣਜੀਤ ਸਿੰਘ ਨੇ ਭਾਵੇਂ ਸਾਰੇ ਰਾਜ ਪ੍ਰਬੰਧ ਨੂੰ ਆਪਣੇ ਹੱਥ ਵਿਚ ਰੱਖਿਆ ਹੋਇਆ ਸੀ ਅਤੇ ਉਹ ਆਪ ਹੀ ਸਾਰੇ ਰਾਜ ਪ੍ਰਬੰਧ ਦਾ ਮੁੱਖੀ ਸੀ, ਫਿਰ ਵੀ ਉਸਨੇ ਇਸ ਰਾਜ ਪ੍ਰਬੰਧ ਨੂੰ ਹੋਰ ਜ਼ਿਆਦਾ ਚੰਗੀ ਤਰ੍ਹਾਂ ਚਲਾਉਣ ਲਈ ਇਕ ਮੰਤਰੀ ਮੰਡਲ ਬਣਾਇਆ ਹੋਇਆ ਸੀ। ਉਸਦੇ ਚੋਣਵੇਂ ਮੰਤਰੀ ਇਸ ਤਰ੍ਹਾਂ ਸਨ—ਮੁੱਖ ਮੰਤਰੀ, ਵਿਦੇਸ਼ ਮੰਤਰੀ, ਯੁੱਧ ਮੰਤਰੀ, ਵਿੱਤ ਮੰਤਰੀ ਅਤੇ ਸਦਰ ਡਿਉਟੀ। ਇਹ ਗੱਲ ਵੀ ਧਿਆਨ ਵਿਚ ਰੱਖਣ ਵਾਲੀ ਹੈ ਕਿ ਇਹ ਮੰਤਰੀ ਘੱਟ ਅਤੇ ਸਲਾਹਕਾਰ ਜਿਆਦਾ ਸੀ। ਇਸ ਤਰ੍ਹਾਂ ਸਾਰਾ ਰਾਜ ਪ੍ਰਬੰਧ ਮਹਾਰਾਜਾ ਦੇ ਦੁਆਲੇ ਘੁੰਮਦਾ ਸੀ। ਪਰ ਹਰ ਕੰਮ ਨੂੰ ਇਕਲਿਆਂ ਨਿਜਿਠਣਾ ਔਖਾ ਸੀ। ਮੰਤਰੀ ਕੇਵਲ ਵਿਸ਼ਵਾਸਯੋਗ ਆਦਮੀ ਹੀ ਨਿਯੁਕਤ ਕੀਤੇ ਜਾਂਦੇ ਸਨ। ਰਾਜਾ ਧਿਆਨ ਸਿੰਘ, ਫਕੀਰ ਅਜੀਜ-ਉਦ-ਦੀਨ ਖਾਸ ਤੌਰ ਤੇ ਅਜਿਹੇ ਮੰਤਰੀਆਂ ਵਿਚੋਂ ਵਰਣਨਯੋਗ ਹਨ। ਰਾਜਾ ਧਿਆਨ ਸਿੰਘ ਦਾ ਆਪਣੇ ਭਰਾਵਾਂ ਗੁਲਾਬ ਸਿੰਘ ਅਤੇ ਸੁਚੇਤ ਸਿੰਘ ਸਮੇਤ ਮਹਾਰਾਜਾ ਉਤੇ ਬਹੁਤ ਪ੍ਰਭਾਵ ਸੀ। ਰਾਜਾ ਧਿਆਨ ਸਿੰਘ ਲੰਬੇ ਸਮੇਂ ਲਈ ਮਹਾਰਾਜਾ ਦਾ ਪ੍ਰਧਾਨ ਮੰਤਰੀ ਹੀ ਬਣਿਆ ਰਿਹਾ ।

**ਕੇਂਦਰੀ ਵਿਭਾਗ** :- ਕੇਂਦਰ ਦਾ ਸ਼ਾਸ਼ਨ ਪ੍ਰਬੰਧ ਕੁਝ ਵਿਭਾਗਾਂ ਵਿਚ ਵੰਡਿਆ ਹੋਇਆ ਸੀ। ਇਨ੍ਹਾਂ ਵਿਚ ਪ੍ਰਸਿੱਧ ਅਤੇ ਮੁੱਖ ਵਿਭਾਗ ਇਸ ਤਰ੍ਹਾਂ ਸਨ :-

1. **ਦਫਤਰ-ਏ-ਅਬਵਾਬ-ਉਲ ਮਾਲ** :- ਇਸ ਵਿਭਾਗ ਵਿਚ ਸਾਰੇ ਰਾਜ ਦੀ ਪੂਰੀ ਆਮਦਨ ਦਾ ਹਿਸਾਬ-ਕਿਤਾਬ ਰੱਖਿਆ ਜਾਂਦਾ ਸੀ। ਇਸ ਵਿਭਾਗ ਨੂੰ ਅੱਗੇ ਫਿਰ ਚਾਰ ਭਾਗਾਂ ਵਿਚ ਵੰਡਿਆ ਹੋਇਆ ਸੀ।
2. **ਦਫਤਰ-ਏ-ਤੇਜੀਹਾਤ** :- ਇਸ ਵਿਭਾਗ ਦਾ ਕੰਮ ਸ਼ਾਹੀ ਘਰਾਣੇ ਦੇ ਖਰਚ ਦਾ ਹਿਸਾਬ-ਕਿਤਾਬ ਰਖਣਾ ਸੀ। ਤੋਸ਼ੇਖਾਨਾ ਵੀ ਇਸ ਵਿਭਾਗ ਦੇ ਹੇਠ ਸੀ। ਤੋਸ਼ੇਖਾਨਾ ਵਿਚ ਖਿਲਅਤਾਂ ਜੜਾਉ ਗਹਿਣੇ, ਹਥਿਆਰ, ਹੀਰੇ ਅਤੇ ਹੋਰ ਕੀਮਤੀ ਵਸਤਾਂ ਰੱਖੀਆਂ ਹੁੰਦੀਆਂ ਹਨ।
3. **ਦਫਤਰ-ਏ-ਮੁਵਾਜਬ** :- ਇਸ ਦਫਤਰ ਵਿਚ ਸਰਕਾਰੀ ਕਰਮਚਾਰੀਆਂ, ਫੌਜੀ ਅਤੇ ਗੈਰ-ਫੌਜੀਆਂ ਦੀ ਤਨਖਾਹ ਦਾ ਹਿਸਾਬ-ਕਿਤਾਬ ਰੱਖਿਆ ਜਾਂਦਾ ਸੀ। ਇਹ ਦਫਤਰ ਕਈ ਹੋਰ ਛੋਟੇ ਵਿਭਾਗਾਂ ਵਿਚ ਵੰਡਿਆ ਹੋਇਆ ਸੀ ਜਿਵੇਂ ਘੋੜ ਸਵਾਰ ਸੈਨਾ, ਤਨਖਾਹ ਵਿਭਾਗ ਅਤੇ ਪੈਦਲ ਸੈਨਾ ਤਨਖਾਹ ਵਿਭਾਗ ਆਦਿ।
4. **ਦਫਤਰ-ਏ-ਰੋਜਨਾਮਚਾ-ਏ-ਖਰਚ** :- ਇਸ ਵਿਭਾਗ ਵਿਚ ਹਰ ਰੋਜ਼ ਦੇ ਖਰਚ ਦਾ ਹਿਸਾਬ ਰੱਖਿਆ ਜਾਂਦਾ ਸੀ।
5. **ਦਫਤਰ-ਏ-ਤਹਿਵੀਲ** :- ਇਸ ਦਫਤਰ ਵਿਚ ਪਰਗਨੇ ਦੇ ਕਰਮਚਾਰੀਆਂ/ਅਧਿਕਾਰੀਆਂ, ਰਾਹੀਂ ਜੋ ਧਨ ਸਰਕਾਰੀ ਤੌਰ ਉਤੇ ਖਰਚ ਹੁੰਦਾ ਸੀ, ਉਸਦਾ ਹਿਸਾਬ ਰੱਖਿਆ ਜਾਂਦਾ ਸੀ।
6. **ਦਫਤਰ-ਏ-ਅਖਰਾਜਾਤ**:- ਜਿਹੜਾ ਸਮਾਨ ਕਿਲਿਆਂ ਵਿਚ ਰੱਖਿਆ ਜਾਂਦਾ ਸੀ, ਉਸਦਾ ਹਿਸਾਬ-ਕਿਤਾਬ ਇਹ ਵਿਭਾਗ ਰੱਖਦਾ ਸੀ।
7. **ਦਫਤਰ ਮਦਦ-ਖਰਚ** :- ਰਾਜਨੀਤਿਕ ਪੈਨਸ਼ਨਾਂ ਜੋ ਖਾਸ ਵਿਅਕਤੀਆਂ ਨੂੰ ਦਿੱਤੀਆਂ ਜਾਂਦੀਆਂ ਸਨ, ਉਨ੍ਹਾਂ ਦਾ ਹਿਸਾਬ-ਕਿਤਾਬ ਇਹ ਦਫਤਰ ਰੱਖਦਾ ਸੀ।

**ਪ੍ਰਾਂਤਕ ਪ੍ਰਬੰਧ** :- ਮਹਾਰਾਜਾ ਰਣਜੀਤ ਸਿੰਘ ਤੇ ਸ਼ਾਸਨ ਪ੍ਰਬੰਧ ਦੀ ਸਹੂਲਤ ਲਈ ਆਪਣੇ ਰਾਜ ਨੂੰ ਚਾਰ ਹਿੱਸਿਆ ਵਿਚ ਵੰਡ ਦਿੱਤਾ। ਉਸਦੇ ਰਾਜ ਦਾ ਖੇਤਰਫਲ ਇਕ ਲੱਖ 40 ਹਜ਼ਾਰ ਵਰਗ ਮੀਲ ਸੀ। ਜਿਨ੍ਹਾਂ ਹਿੱਸਿਆ ਵਿਚ ਰਾਜ ਨੂੰ ਵੰਡਿਆ ਗਿਆ ਉਨ੍ਹਾਂ ਪ੍ਰਾਂਤਾਂ ਦੇ ਨਾਂ ਸਨ :-

(1) ਲਾਹੌਰ ਸੂਬਾ, (2) ਕਸ਼ਮੀਰ ਸੂਬਾ, (3) ਮੁਲਤਾਨ ਸੂਬਾ ਅਤੇ (4) ਪੇਸ਼ਾਵਰ ਸੂਬਾ । ਮਹਾਰਾਜਾ ਨੇ ਇਨ੍ਹਾਂ ਸੂਬਿਆਂ ਨੂੰ ਪਰਗਨਿਆਂ ਵਿਚ ਪਰਗਨੇ ਨੂੰ ਤੁਅੱਲਕਿਆ ਵਿਚ ਅਤੇ ਤੁਅਲਕੇ ਪਿੰਡਾਂ ਵਿਚ ਵੰਡ ਦਿਤੇ ਸਨ। ਇਕ

ਤੁਅਲਕੇ ਵਿਚ ਲਗਭਗ 100 ਪਿੰਡ ਹੁੰਦੇ ਸੀ। ਹੁਣ ਅਸੀਂ ਇਥੇ ਪ੍ਰਾਂਤ ਦੇ ਮੁੱਖ ਅਧਿਕਾਰੀਆਂ ਬਾਰੇ ਪੜ੍ਹਾਂਗੇ।

1. **ਨਾਜ਼ਿਮ** :- ਪ੍ਰਾਂਤ ਦੇ ਮੁਖੀ ਨੂੰ ਨਾਜ਼ਿਮ ਕਿਹਾ ਜਾਂਦਾ ਸੀ। ਨਾਜ਼ਿਮ ਬੜੇ ਸੂਝਵਾਨ, ਇਮਾਨਦਾਰ ਅਤੇ ਭਰੋਸੇ ਯੋਗ ਆਦਮੀ ਨੂੰ ਹੀ ਨਿਯੁਕਤ ਕੀਤਾ ਜਾਂਦਾ ਸੀ। ਸੂਬਾ ਲਾਹੌਰ ਅਤੇ ਸੂਬਾ ਮੁਲਤਾਨ ਦਾ ਪ੍ਰਬੰਧ ਬਹੁਤ ਹੀ ਚੰਗਾ ਸੀ ਪਰ ਕਸ਼ਮੀਰ ਅਤੇ ਪਿਸ਼ਾਵਰ ਆਪਣੀ ਬਦ-ਇੰਤਜਾਮੀ ਲਈ ਬਦਨਾਮ ਸਨ। ਨਾਜਿਮਾਂ ਨੂੰ ਬਹੁਤ ਜ਼ਿਆਦਾ ਤਨਖਾਹ ਦਿੱਤੀ ਜਾਂਦੀ ਸੀ। ਮੁਲਤਾਨ ਦੇ ਨਾਜਿਮ ਸੁਖਦਿਆਲ ਨੂੰ 1820 ਈ: ਵਿਚ 26,000 ਰੁ: ਸਾਲਾਨਾ ਅਤੇ ਜਰਨੈਲ ਅਵੀਟੇਬਲ ਨੂੰ ਪਿਸ਼ਾਵਰ ਦਾ ਗਵਰਨਰ ਬਣਨ ਤੇ 41,000 ਰੁ: ਸਲਾਨਾ ਤਨਖਾਹ ਦਿੱਤੀ ਗਈ।

**ਕਾਰਦਾਰ** :- ਕਾਰਦਾਰ ਨਾਜ਼ਿਮ ਦੇ ਥੱਲੇ ਹੁੰਦਾ ਸੀ ਅਤੇ ਉਹ ਜਿਲੇ ਦਾ ਇੰਚਾਰਜ ਹੁੰਦਾ ਸੀ। ਵੱਡੇ-ਵੱਡੇ ਜਿਲਿਆਂ ਵਿਚ ਦੋ ਕਾਰਦਾਰ ਵੀ ਹੁੰਦੇ ਸਨ ਭਾਵੇਂ ਸਾਰੇ ਪ੍ਰਾਂਤ ਦਾ ਮੁਖੀਆ ਨਾਜ਼ਿਮ ਹੁੰਦਾ ਸੀ ਪਰ ਕਾਰਦਾਰਾ ਨੇ ਆਪਣੇ ਇਲਾਕੇ ਦੇ ਲੋਕਾਂ ਦੀ ਪੂਰੀ ਜਾਣਕਾਰੀ ਹੁੰਦੀ ਸੀ। ਕਾਰਦਾਰ ਕਈ ਰੂਪਾਂ ਵਿਚ ਕੰਮ ਕਰਦਾ ਸੀ ਜਿਵੇਂ ਮਾਲ ਅਫਸਰ, ਲੇਖਾਕਾਰ ਅਤੇ ਖਜਾਨਾ ਅਫਸਰ, ਮੁਨਸਿਫ, ਕਰ ਅਫਸਰ, ਲੋਕ ਸੰਪਰਕ ਅਧਿਕਾਰੀ ਆਦਿ ਦੇ ਰੂਪ ਵਿਚ ਇਸ ਤੋਂ ਇਲਾਵਾ ਇਨ੍ਹਾਂ ਵਿਚ ਜ਼ਿਆਦਾ ਕੰਮ ਵੀ ਕਾਰਦਾਰ ਹੀ ਕਰਦਾ ਸੀ। ਉਹ ਆਪਣੇ ਇਲਾਕੇ ਵਿਚ ਕਾਨੂੰਨ ਅਤੇ ਸ਼ਾਂਤੀ ਬਣਾ ਕੇ ਰੱਖਦਾ ਸੀ। ਉਹ ਸਾਰੇ ਹੁਕਮਾਂ ਦੀ ਪਾਲਣਾ ਵੀ ਕਰਦਾ ਸੀ।

**ਪਿੰਡਾਂ ਦਾ ਪ੍ਰਬੰਧ** :- ਰਣਜੀਤ ਸਿੰਘ ਹੇਠ ਪਿੰਡਾ ਦਾ ਪ੍ਰਬੰਧ ਪੰਚਾਇਤਾਂ ਰਾਹੀਂ ਹੀ ਚਲਾਇਆ ਜਾਂਦਾ ਸੀ। ਮਹਾਰਾਜਾ ਨੇ ਉਨ੍ਹਾਂ ਦੇ ਅਧਿਕਾਰ ਵਿਚ ਕਿਸੇ ਤਰ੍ਹਾਂ ਦਾ ਕੋਈ ਦਖਲ ਨਹੀਂ ਸੀ ਦਿੱਤਾ ।

**ਜਗੀਰਾਂ ਦਾ ਪ੍ਰਬੰਧ** :- ਜਿਨ੍ਹਾਂ ਵੱਡੇ-ਵੱਡੇ ਸਰਦਾਰਾਂ ਅਤੇ ਨਵਾਬਾਂ ਨੇ ਰਣਜੀਤ ਸਿੰਘ ਦੀ ਅਧੀਨਗੀ ਸਵੀਕਾਰ ਕਰ ਲਈ ਸੀ, ਮਹਾਰਾਜਾ ਨੇ ਉਨ੍ਹਾਂ ਨੂੰ ਉਨ੍ਹਾਂ ਦੇ ਇਲਾਕਿਆਂ ਤੋਂ ਬਾਹਰ ਗੁਜ਼ਾਰੇ ਲਈ ਚੰਗੀਆਂ ਜਾਗੀਰਾਂ ਦੇ ਦਿੱਤੀਆਂ ਸਨ। ਇਨ੍ਹਾਂ ਜਾਗੀਰਾਂ ਵਿਚ ਉਪਰੋਕਤ ਸਰਦਾਰਾਂ ਅਤੇ ਨਵਾਬਾਂ ਨੂੰ ਪੂਰੇ ਪ੍ਰਬੰਧਕੀ ਅਧਿਕਾਰ ਪ੍ਰਾਪਤ ਸਨ। ਇਹ ਜਗੀਰਦਾਰ ਇਲਾਕੇ ਸਿਧੇ ਮਹਾਰਾਜਾ ਹੇਠ ਹੁੰਦੇ ਸਨ।

**ਲਾਹੌਰ ਦਾ ਪ੍ਰਬੰਧ** :- ਇਸ ਸ਼ਹਿਰ ਦਾ ਹੋਰ ਸ਼ਹਿਰਾਂ ਨਾਲੋਂ ਅਲਗ ਤਰੀਕੇ ਦਾ ਪ੍ਰਬੰਧ ਕੀਤਾ ਗਿਆ ਸੀ। ਸਾਰੇ ਸ਼ਹਿਰ ਨੂੰ ਮਹੱਲਿਆਂ ਵਿਚ ਵੰਡਿਆਂ ਹੋਇਆ ਸੀ। ਹਰ ਇਕ ਮੁਹੱਲੇ ਦਾ ਮੁੱਖੀ ਉਸ ਮੁਹੱਲੇ ਵਿਚ ਸ਼ਾਂਤੀ ਅਤੇ ਕਾਨੂੰਨ ਵਿਵਸਥਾ ਕਾਇਮ ਰੱਖਣ ਲਈ ਹੁੰਦਾ ਸੀ। ਸਾਰੇ ਸ਼ਹਿਰ ਦਾ ਮੁੱਖੀ ਕੋਤਵਾਲ ਹੁੰਦਾ ਸੀ। ਉਸਦਾ ਕੰਮ ਸ਼ਹਿਰ ਵਿਚ ਅਮਨ ਬਣਾਕੇ ਰੱਖਣਾ ਸੀ। ਆਮ ਤੌਰ ਤੇ ਕੋਤਵਾਲ ਮੁਸਲਮਾਨ ਹੀ ਹੁੰਦਾ ਸੀ। ਮੁਸਲਮਾਨਾਂ ਦੇ ਮੁਕੱਦਮਿਆਂ ਦਾ ਫੈਸਲਾ ਕਰਨ ਲਈ ਸ਼ਹਿਰ ਵਿਖੇ ਇਕ ਮੁਸਲਮਾਨ ਕਾਜ਼ੀ ਹੁੰਦਾ ਸੀ।

## ਨਿਆਂ ਪ੍ਰਬੰਧ

ਮਹਾਰਾਜਾ ਰਣਜੀਤ ਸਿੰਘ ਦੀ ਨਿਆਂ ਪ੍ਰਣਾਲੀ ਮਿਸਲਾਂ ਤੋਂ ਲਈ ਗਈ ਸੀ। ਉਸਦਾ ਨਾ ਕੋਈ ਕਾਨੂੰਨ ਸੀ ਅਤੇ ਨਾ ਹੀ ਕੋਈ ਕਾਨੂੰਨਾਂ ਦਾ ਨਿਸ਼ਚਿਤ ਜਾਬਤਾ ਸੀ। ਫੈਸਲੇ ਆਮ ਤੌਰ ਤੇ ਰੀਤੀ-ਰਿਵਾਜ਼ਾਂ ਅਨੁਸਾਰ ਲਏ ਜਾਂਦੇ ਸਨ। ਨਿਆਂ ਵੀ ਆਮਦਨ ਦਾ ਇਕ ਮਹੱਤਵਪੂਰਨ ਸੋਮਾ ਸੀ। ਲਗਭਗ ਹਰ ਮੁਕੱਦਮੇ ਵਿਚ ਧਨ ਇਕੱਠਾ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਸੀ ਪਰ ਇਸ ਤੋਂ ਇਹ ਭਾਵ ਨਹੀਂ ਲਿਆ ਜਾਣਾ ਚਾਹੀਦਾ ਕਿ ਮਹਾਰਾਜਾ ਦੇ ਰਾਜ ਵਿਚ ਲੋਕਾਂ ਨੂੰ ਨਿਆਂ ਪ੍ਰਾਪਤ ਨਹੀਂ ਸੀ ਹੁੰਦਾ। ਮਹਾਰਾਜਾ ਨਿਆਂ ਨੂੰ ਸਭ ਤੋਂ ਉਤਮ ਸਮਝਦਾ ਸੀ। ਨਿਆਂ ਅਤੇ ਲੋਕਾਂ ਦੀ ਹਾਲਤ ਜਾਣਨ ਲਈ ਉਹ ਖੁਦ ਸੂਬਿਆਂ ਦਾ ਸਮੇਂ ਤੇ ਦੌਰਾ ਕਰਦਾ ਸੀ। ਜੇਕਰ ਉਸ ਕੋਲ ਕੋਈ ਫਰਿਆਦੀ ਆਉਂਦਾ ਤਾਂ ਉਸਦੀ ਫਰਿਆਦ ਸੁਣਕੇ ਮਹਾਰਾਜਾ ਕਾਰਦਾਰ ਜਾਂ ਹੋਰ ਅਫਸਰ ਦੇ ਨਾ ਹੁਕਮ ਜਾਰੀ ਕਰ ਦਿੰਦਾ ਸੀ ਕਿ ਉਸਦੇ ਮੁਕੱਦਮੇ ਦਾ ਫੈਸਲਾ ਛੇਤੀ ਕੀਤਾ ਜਾਵੇ। ਕਈ ਵਾਰ ਮੁਕੱਦਮਿਆਂ ਦਾ ਫੈਸਲਾ ਉਹ ਖੁਦ ਵੀ ਦੇ ਦਿੰਦਾ ਸੀ।

**ਅਦਾਲਤਾ** :- ਉਸ ਸਮੇਂ ਨਿਆਂ ਦੇਣ ਲਈ ਕਈ ਅਦਾਲਤਾਂ ਸਨ। ਲਾਹੌਰ ਵਿਖੇ ਅਦਾਲਤ-ਉਲ-ਆਲੀਆ ਹਾਈ ਕੋਰਟ ਵਾਂਗ ਸੀ। ਨਾਜ਼ਿਮ ਅਤੇ ਕਾਰਦਾਰ ਦੀਆਂ ਅਦਾਲਤਾ ਵੀ ਸਨ। ਆਮ ਮੁਕੱਦਮਿਆਂ ਦੇ ਨਿਰਣਿਆਂ ਲਈ ਪਿੰਡਾਂ ਵਿਚ ਪੰਚਾਇਤਾਂ ਕਾਇਮ ਕੀਤੀਆਂ ਗਈਆਂ। ਇਨ੍ਹਾਂ ਅਦਾਲਤਾਂ ਦਾ ਸੰਖੇਪ ਵਿਚ ਵਰਣਨ ਦੇਣਾ ਜ਼ਰੂਰੀ ਬਣ ਜਾਂਦਾ ਹੈ।

**ਅਦਾਲਤ-ਉਲ-ਆਲੀਆ** :- ਇਹ ਰਣਜੀਤ ਸਿੰਘ ਦੇ ਰਾਜ ਵਿਖੇ ਉਚੀ ਅਦਾਲਤ ਜਾਂ ਹਾਈ ਕੋਰਟ ਸੀ। ਇਸ ਅਦਾਲਤ ਦੇ ਜੱਜਾਂ ਦੀ ਨਿਯੁਕਤੀ ਕਿਸ ਤਰ੍ਹਾਂ ਹੁੰਦੀ ਸੀ, ਇਸ ਬਾਰੇ ਸਾਨੂੰ ਕੁਝ ਵੀ ਪਤਾ ਨਹੀਂ ਚਲਦਾ। ਮਹਾਰਾਜਾ ਦੀ ਅਦਾਲਤ ਵਿਚ ਅਪੀਲ ਕਰਨ ਤੋਂ ਪਹਿਲਾਂ ਨਾਜਿਮਾਂ ਦੇ ਫੈਸਲਿਆਂ ਵਿਰੁੱਧ ਇਕ ਅਪੀਲ ਕੀਤੀ ਜਾਂਦੀ ਸੀ। ਕੁਝ ਉਚੀਆਂ

ਅਦਾਲਤਾਂ, ਅਦਾਲਤ ਉਲ ਆਲੀਆ ਤੋਂ ਇਲਾਵਾ ਵੀ ਸਨ। ਇਹ ਅਦਾਲਤ ਦੀਵਾਨੀ ਫੌਜ਼ਦਾਰੀ ਦੋਵੇਂ ਹੀ ਤਰ੍ਹਾਂ ਦੇ ਮੁਕੱਦਮੇ ਸੁਣਦੀਆਂ ਸਨ। ਅਜਿਹੀਆਂ ਹੀ ਦੋ ਅਦਾਲਤਾਂ ਅੰਮ੍ਰਿਤਸਰ ਅਤੇ ਪਿਸ਼ਾਵਰ ਵਿਚ ਵੀ ਕੰਮ ਕਰਦੀਆਂ ਸਨ।

**ਕਾਰਦਾਰ ਦੀ ਅਦਾਲਤ** :- ਪਰਗਨੇ ਦੇ ਸਦਰ ਮੁਕਾਮ ਤੇ ਇਹ ਅਦਾਲਤ ਹੁੰਦੀ ਸੀ। ਕਾਰਦਾਰ ਇਸ ਅਦਾਲਤ ਦਾ ਮੁਖੀ ਹੁੰਦਾ ਸੀ। ਉਹ ਇਸ ਅਦਾਲਤ ਵਿਚ ਸਾਰੇ ਦੀਵਾਨੀ ਅਤੇ ਫੌਜਦਾਰੀ ਮੁਕੱਦਮਿਆਂ ਦਾ ਫੈਸਲਾ ਕਰਦਾ ਸੀ।

**ਨਾਜ਼ਿਮ ਦੀ ਅਦਾਲਤ** :- ਇਹ ਅਦਾਲਤ ਪ੍ਰਾਂਤ ਜਾਂ ਸੂਬੇ ਦੀ ਰਾਜਧਾਨੀ ਵਿਖੇ ਹੁੰਦੀ ਸੀ। ਇਸ ਅਦਾਲਤ ਵਿਚ ਕਾਰਦਾਰ ਦੀਆਂ ਅਦਾਲਤਾਂ ਦੇ ਫੈਸਲਿਆਂ ਵਿਰੁੱਧ ਅਪੀਲਾਂ ਸੁਣੀਆਂ ਜਾਂਦੀਆਂ ਸਨ। ਫੌਜਦਾਰੀ ਮੁਕੱਦਮਿਆਂ ਦੀ ਸੁਣਵਾਈ ਵੀ ਇਥੇ ਹੁੰਦੀ ਸੀ।

**ਪੰਚਾਇਤਾ** :- ਪਿੰਡਾਂ ਵਿਚ ਆਮ ਮੁਕੱਦਮਿਆਂ, ਦੀਵਾਨੀ ਅਤੇ ਫੌਜਦਾਰੀ ਦਾ ਨਿਰਣਾ ਪੰਚਾਇਤਾਂ ਕਰਦੀਆਂ ਸਨ। ਪੰਚਾਇਤਾਂ ਦੇ ਨਿਰਣੇ ਵਿਰੁੱਧ ਅਪੀਲ ਕੀਤੀ ਜਾ ਸਕਦੀ ਸੀ।

**ਜਾਗੀਰਦਾਰੀ** :- ਇਸ ਹੇਠ ਸਿੱਖ ਸਰਦਾਰ ਅਤੇ ਨਵਾਬ ਜੋ ਕਿ ਜਾਗੀਰਦਾਰ ਦੇ ਮਾਲਕ ਹੁੰਦੇ ਸਨ। ਜਗੀਰਾਂ ਵਿਚ ਦੀਵਾਨੀ ਅਤੇ ਫੌਜਦਾਰੀ ਮੁਕੱਦਮਿਆਂ ਦਾ ਫੈਸਲਾ ਕਰਦੇ ਸਨ। ਉਨ੍ਹਾਂ ਦੇ ਫੈਸਲੇ ਵਿਰੁੱਧ ਕਿਤੇ ਅਪੀਲ ਨਹੀਂ ਸੀ ਕੀਤੀ ਜਾ ਸਕਦੀ।

**ਸਜਾਵਾਂ** :- ਮਹਾਰਾਜਾ ਰਣਜੀਤ ਸਿੰਘ ਦੇ ਸ਼ਾਸਨ ਕਾਲ ਦੌਰਾਨ ਮੌਤ ਦੀ ਸਜ਼ਾ ਨਹੀਂ ਦਿੱਤੀ ਜਾਂਦੀ ਸੀ। ਜ਼ਿਆਦਾਤਰ ਅਪਰਾਧਾਂ ਦੀ ਸਜ਼ਾ ਜੁਰਮਾਨਾ ਹੀ ਹੁੰਦੀ ਸੀ। ਕੋਰੜੇ, ਬੈਂਤ, ਛੋਟੇ-ਛੋਟੇ ਜੁਰਮਾਂ ਲਈ ਮਾਰੇ ਜਾਂਦੇ ਸਨ। ਭਾਰੀ ਜੁਰਮ ਅਤੇ ਵਾਰ-ਵਾਰ ਅਪਰਾਧ ਕਰਨ ਵਾਲਿਆਂ ਦੇ ਨੱਕ ਅਤੇ ਕੰਨ ਕੱਟ ਦਿੱਤੇ ਜਾਂਦੇ ਸਨ। ਹੋਰ ਸਜਾਵਾਂ ਵਿਚ ਲੋਹਾ ਗਰਮ ਕਰਕੇ ਦਾਗ ਦੇਣਾ, ਮੂੰਹ ਕਾਲਾ ਕਰਕੇ ਸਜਾ ਦਿੱਤੀ ਜਾਂਦੀ ਸੀ ਪਰ ਅਜਿਹਾ ਢੰਗ ਵੀ ਕੁਝ ਰੁਪਇਆਂ ਦੇ ਬਦਲੇ ਮੁਆਫ ਕਰ ਦਿੱਤਾ ਜਾਂਦਾ ਸੀ। ਹਰ ਕੋਈ ਦਾ ਕੁਝ ਨਾ ਕੁਝ ਦੇ ਕੇ ਹੀ ਅਦਾਲਤ ਤੋਂ ਆਪਣਾ ਪੱਲਾ ਛੁਡਵਾਉਂਦਾ ਸੀ। ਨਿਰਦੋਸ਼ ਸਿੱਧ ਹੋਣ ਉਤੇ ਸ਼ੁਕਰਾਨਾ, ਅਪਰਾਧ ਸਿੱਧ ਹੋਣ ਦੀ ਸੂਰਤ ਵਿਚ ਜੁਰਮਾਨਾ ਅਤੇ ਸਿੱਧ ਨਾ ਹੋਣ ਦੀ ਸੂਰਤ ਵਿਚ ਹਰਜਾਨਾ ਦੇਣਾ ਪੈਂਦਾ ਸੀ। ਖੋਈ ਹੋਈ ਚੀਜ ਲੱਭਣ ਉਤੇ ਇਸ ਦਾ ਚੋਥਾਈ ਸਰਕਾਰ ਨੂੰ ਦੇਣਾ ਪੈਂਦਾ ਸੀ। ਇਸ ਤਰ੍ਹਾਂ ਨਿਆਂ ਰਾਜ ਦੀ ਆਮਦਨੀ ਦਾ ਇਕ ਬਹੁਤ ਹੀ ਮਹੱਤਵਪੂਰਨ ਸੋਮਾ ਸੀ।

## ਆਰਥਿਕ ਪ੍ਰਬੰਧ

ਮਹਾਰਾਜਾ ਰਣਜੀਤ ਸਿੰਘ ਦੀ ਕਰ ਪ੍ਰਣਾਲੀ ਬਹੁਤ ਹੀ ਸਹੀ ਸੀ। ਰਾਜ ਦੇ ਮਾਲੀ ਪ੍ਰਬੰਧ ਨੂੰ ਠੀਕ ਰੱਖਣ ਲਈ ਆਮਦਨ ਦੇ ਅਨੁਸਾਰ ਖਰਚ ਕੀਤਾ ਜਾਂਦਾ ਸੀ। ਸਰਕਾਰੀ ਆਮਦਨ ਦੇ ਸਾਧਨ ਤੋਂ ਕਰ, ਮਸੂਲ ਚੂੰਗੀ ਅਤੇ ਐਕਸਾਇਜ਼, ਜਾਗੀਰਾਂ ਤੋਂ ਆਮਦਨ, ਮੁਹਰਾਨਾ ਅਤੇ ਕਾਰ ਵਿਹਾਰ ਟੈਕਸ ਮੁੱਖ ਸਨ। ਹੁਣ ਅਸੀਂ ਇਨ੍ਹਾਂ ਕਰਾਂ ਬਾਰੇ ਕੁਝ ਵਿਸਥਾਰ ਵਿਚ ਵਰਣਨ ਕਰ ਰਹੇ ਹਾਂ :-

### ਭੌਂ ਕਰ ਪ੍ਰਣਾਲੀ :-

**ਬਟਾਈ** :- ਆਮਦਨ ਦਾ ਮੁੱਖ ਸੋਮਾ ਭੋਂ ਕਰ ਸੀ। ਮਹਾਰਾਜਾ ਦੇ ਰਾਜ ਦੀ ਮੁੱਢਲੇ ਸਮੇਂ ਵਿਚ ਭੋਂ ਕਰ ਬਟਾਈ ਪ੍ਰਣਾਲੀ ਰਾਹੀਂ ਹੀ ਨਿਸ਼ਚਿਤ ਕੀਤਾ ਜਾਂਦਾ ਸੀ। ਇਹ ਪ੍ਰਣਾਲੀ ਮੁਗਲ ਕਾਲ ਤੋਂ ਹੀ ਚਲੀ ਆ ਰਹੀ ਸੀ। ਮਿਸਲਾਂ ਦੇ ਸਮੇਂ ਵਿਚ ਵੀ ਇਸ ਪ੍ਰਣਾਲੀ ਵਿਚ ਕੋਈ ਤਬਦੀਲੀ ਨਹੀਂ ਸੀ ਕੀਤੀ ਗਈ। ਸਰਕਾਰੀ ਮਾਲ ਅਫਸਰ ਹਰੇਕ ਫਸਲ ਦੇ ਆਖੀਰ ਤੇ ਕਿਸਾਨਾਂ ਕੋਲ ਜਾਂਦੇ ਅਤੇ ਅਨਾਜ ਦਾ ਸਰਕਾਰੀ ਹਿੱਸਾ ਵੰਡ ਲੈਂਦੇ ਸਨ ਅਤੇ ਇਸ ਨੂੰ ਸਰਕਾਰੀ ਗੁਦਾਮ ਵਿਚ ਜਮਾਂ ਕਰ ਦਿੱਤਾ ਜਾਂਦਾ ਸੀ । ਵਟਾਈ ਪ੍ਰਣਾਲੀ ਵਿਚ ਬਹੁਤ ਬੁਰਾਈਆਂ ਅਤੇ ਔਕੜਾਂ ਸਨ। ਇਹ ਪ੍ਰਣਾਲੀ ਉਨ੍ਹਾਂ ਚਿਰ ਨਾ ਚਲੀ ਜਿਨ੍ਹਾਂ ਚਿਰ ਮਹਾਰਾਜਾ ਇਲਾਕਾਈ ਜਿੱਤਾਂ ਵਿਚ ਰੁਝਿਆ ਰਿਹਾ ਅਤੇ ਉਸਨੂੰ ਇਸ ਖੇਤਰ ਵਿਚ ਸੁਧਾਰ ਕਰਨ ਦਾ ਮੌਕਾ ਪ੍ਰਾਪਤ ਨਹੀਂ ਹੋਇਆ।

**ਕਨਕੂਤ ਪ੍ਰਣਾਲੀ** :- ਪਹਿਲਾਂ ਦੇ ਸਮੇਂ ਵਿਚ ਕਈ ਜਿਲਿਆਂ ਵਿਚ ਵਟਾਈ ਦਾ ਕਨਕੂਤ ਜਾਂ ਅਨੁਮਾਨ ਕਰਨ ਵਾਲਾ ਤਰੀਕਾ ਚਲ ਪਿਆ ਸੀ। ਇਸ ਤਰੀਕੇ ਅਨੁਸਾਰ ਸਰਕਾਰ ਖੜੀਆਂ ਫਸਲਾਂ ਦਾ ਅੰਦਾਜਾ ਲਾ ਲੈਂਦੀ ਸੀ ਅਤੇ ਸਰਕਾਰੀ ਹਿੱਸਾ ਨਕਦ ਕੀਮਤ ਪਿਛਲੇ 10 ਵਰਿਆਂ ਦੀਆਂ ਪ੍ਰਸਿੱਧ ਕੀਮਤਾਂ ਦੀ ਔਸਤ ਤੇ ਮਿਥੀ ਜਾਂਦੀ ਸੀ ਅਤੇ ਭੌਂ ਕਰ ਜਿਨਸ ਦੀ ਥਾਂ ਨਕਦੀ ਵਿਚ ਵਸੂਲ ਕੀਤਾ ਜਾਂਦਾ ਸੀ।

**ਅਜਾਰੇਦਾਰੀ** :- ਮਹਾਰਾਜਾ ਰਣਜੀਤ ਸਿੰਘ ਨੇ ਲਾਹੌਰ ਦੇ ਸੂਬੇ ਦਾ ਜ਼ਿਆਦਾ ਇਲਾਕਾ ਜ਼ਿਮੀਦਾਰਾਂ ਨੂੰ ਅਜਾਰੇ ਵਜੋਂ

ਦੇ ਦਿੱਤਾ ਸੀ ਅਤੇ ਜ਼ਿਮੀਦਾਰ ਹਰ ਸਾਲ ਇਕ ਨਿਸ਼ਚਿਤ ਰਕਮ ਸਰਕਾਰ ਨੂੰ ਇਸ ਬਦਲੇ ਦਿੰਦੇ ਸਨ। ਇਨ੍ਹਾਂ ਉਪਰੋਕਤ ਤਰੀਕਿਆਂ ਤੋਂ ਇਲਾਵਾ ਵੀ ਖੂਹ ਅਤੇ ਹਰੇਕ ਹੱਲ ਦੇ ਆਧਾਰ ਤੇ ਵੀ ਭੂਮੀ ਕਰ ਨਿਸ਼ਚਿਤ ਕੀਤਾ ਜਾਂਦਾ ਸੀ।

**ਸਰਕਾਰੀ ਹਿੱਸਾ :-** ਭੂਮੀ ਕਰ ਤੋਂ ਪੈਦਾਵਾਰ ਦਾ ਕਿੰਨਾ ਹਿੱਸਾ ਸਰਕਾਰ ਨੂੰ ਪ੍ਰਾਪਤ ਹੁੰਦਾ ਸੀ, ਇਸ ਸੰਬੰਧ ਵਿਚ ਇਤਿਹਾਸਕਾਰਾਂ ਨੇ ਵੱਖ-ਵੱਖ ਦਲੀਲਾਂ ਦਿੱਤੀਆਂ। ਗ੍ਰਿਫਿਨ ਅਨੁਸਾਰ ਰਣਜੀਤ ਸਿੰਘ ਪੈਦਾਵਾਰ ਦਾ ਅੱਧਾ ਹਿੱਸਾ ਵਸੂਲ ਕਰਦਾ ਸੀ। ਡਾ. ਸਿਨਹਾ ਦਾ ਕਹਿਣਾ ਹੈ ਕਿ ਕਈ ਹਾਲਤਾਂ ਵਿਚ ਕੁਲ ਪੈਦਾਵਾਰ ਦਾ ਅੱਧ ਮੰਗ ਲਿਆ ਜਾਂਦਾ ਸੀ ਅਤੇ ਕਈ ਹਾਲਤਾਂ ਵਿਚ ਭੌਂ ਕਰ ਦੀ ਦਰ ਕੁੱਲ ਪੈਦਾਵਰ ਦੀ 54% ਤੱਕ ਪਹੁੰਚ ਜਾਂਦੀ ਸੀ। ਸੀਤਾ ਰਾਮ ਕੋਹਲੀ ਅਤੇ ਗੁਲਸ਼ਨ ਰਾਏ ਚੋਪੜਾ ਦਾ ਇਹ ਵਿਚਾਰ ਹੈ ਕਿ ਭੌਂ ਕਰ ਫਸਲਾਂ ਅਤੇ ਭੌਂ ਦੀ ਕਿਸਮ ਅਤੇ ਹੋਰ ਸਹੂਲਤਾਂ ਅਨੁਸਾਰ ਘੱਟ-ਵੱਧ ਜਾਂਦਾ ਸੀ। ਸੀਤਾ ਰਾਮ ਕੋਹਲੀ ਦੇ ਅਨੁਸਾਰ 1834 ਤੋਂ 1839 ਈ: ਤੱਕ ਭੂੰਮੀ ਕਰ ਤੋਂ ਰਣਜੀਤ ਸਿੰਘ ਨੂੰ ਸਲਾਨਾ ਆਮਦਨ 175,151,741 ਰੁ: ਹੁੰਦੀ ਸੀ। ਸ਼ਾਹਮਤ ਅਲੀ ਅਨੁਸਾਰ ਭੂੰਮੀ ਕਰ ਤੋਂ ਮਹਾਰਾਜਾ ਨੂੰ ਆਮਦਨ ਲਗਭਗ 2 ਕਰੋੜ ਰੁ: ਸਲਾਨਾ ਸੀ।

**ਮਾਲੀਆ ਇਕੱਠਾ ਕਰਨ ਦਾ ਤਰੀਕਾ :-** ਮਾਲੀਏ ਨੂੰ ਪਰਗਨਾ ਦਾ ਅਫਸਰ ਹੀ ਇਕੱਠਾ ਕਰਿਆ ਕਰਦਾ ਸੀ। ਮਾਲੀਆਂ ਸਾਲ ਵਿਚ ਦੋ ਵਾਰ, ਮਈ ਅਤੇ ਅਕਤੂਬਰ ਦੇ ਮਹੀਨਿਆਂ ਵਿਚ ਇਕੱਠਾ ਕੀਤਾ ਜਾਂਦਾ ਸੀ। ਵਸੂਲੀ ਦੀ ਜ਼ਿੰਮੇ ਵਾਰੀ ਪਿੰਡ ਦੇ ਲੰਬੜਦਾਰ ਜਾਂ ਮੁਕੱਦਮ ਦੇ ਸਿਰ ਹੁੰਦੀ ਸੀ। ਹਰੇਕ ਇਲਾਕੇ ਦੇ ਕਾਰਦਾਰ ਦਾ ਫਰਜ਼ ਸੀ ਕਿ ਉਹ ਸਮੇਂ ਸਿਰ ਮਾਲੀਆਂ ਵਸੂਲ ਕਰਕੇ ਸਰਕਾਰੀ ਖਜ਼ਾਨੇ ਵਿਚ ਜਮਾਂ ਕਰਵਾਏ।

**ਭੂੰਮੀ ਕਰ ਪ੍ਰਣਾਲੀ ਦੀ ਆਲੋਚਨਾ :-** ਲੇਖਕ ਗ੍ਰਿਫਿਨ ਅਤੇ ਜੈ.ਐਨ. ਡੁਈ ਨੇ ਮਹਾਰਾਜਾ ਰਣਜੀਤ ਸਿੰਘ ਦੀ ਕਰ ਪ੍ਰਣਾਲੀ ਦੀ ਕਾਫੀ ਨਿਖੇਧੀ ਕੀਤੀ ਹੈ। ਉਨ੍ਹਾਂ ਦੋਹਾਂ ਅਨੁਸਾਰ ਭੂੰਮੀ ਕਰ ਦੀ ਦਰ ਬਹੁਤ ਜ਼ਿਆਦਾ ਸੀ। ਕਈ ਵਾਰ ਕਿਸਾਨ ਕਰ ਉਗਰਾਉਣ ਵਾਲਿਆਂ ਨੂੰ ਰਿਸ਼ਵਤ ਦੇ ਕੇ ਕਰ ਛੁਡਵਾ ਲੈਂਦੇ ਸਨ। ਮਹਾਰਾਜਾ ਕਿਸਾਨਾਂ ਤੋਂ ਭੂੰਮੀ ਕਰ ਬਹੁਤ ਜ਼ਿਆਦਾ ਵਸੂਲ ਕੀਤਾ ਜਾਂਦਾ ਸੀ ਪਰ ਸਾਨੂੰ ਇਹ ਗੱਲ ਨਹੀਂ ਭੁਲਣੀ ਚਾਹੀਦੀ ਕਿ ਮਹਾਰਾਜਾ ਜੋ ਕੁਝ ਕਿਸਾਨਾਂ ਤੋਂ ਇਕ ਹੱਥ ਲੈਂਦਾ, ਉਹ ਫੌਜੀਆਂ ਨੂੰ, ਜੋ ਕਿਸਾਨਾਂ ਵਿਚੋਂ ਹੀ ਹੁੰਦੇ ਸਨ, ਤਨਖਾਹ ਦੇ ਰੂਪ ਵਿਚ ਵਾਪਸ ਕਰ ਦਿੰਦਾ ਸੀ। ਕਾਲ ਪੈਣ ਉਤੇ ਉਹ ਕਿਸਾਨਾਂ ਦੀ ਬਹੁਤ ਜ਼ਿਆਦਾ ਮਦਦ ਕਰਦਾ ਸੀ। ਲੋਕਾਂ ਨੂੰ ਮੁਫਤ ਅਨਾਜ ਵੰਡਿਆ ਜਾਂਦਾ ਅਤੇ ਕਰ ਦੀ ਮਾਫੀ ਵੀ ਦਿੱਤੀ ਜਾਂਦੀ ਸੀ।

**ਹੋਰ ਕਰ :-** ਭੂੰਮੀ ਕਰ ਤੋਂ ਇਲਾਵਾ ਆਮਦਨ ਦਾ ਸਭ ਤੋਂ ਚੰਗਾ ਸੋਮਾ ਬਾਹਰੋਂ ਆਉਣ ਵਾਲੀਆਂ ਚੀਜ਼ਾਂ ਅਤੇ ਬਣੀਆਂ ਹੋਈਆਂ ਚੀਜਾਂ ਉਤੇ ਟੈਕਸ ਸੀ। ਡਾ. ਸਿਨਹਾ ਦੇ ਵਿਚਾਰ ਵਿਚ ਮਹਾਰਾਜਾ ਦੇ ਸ਼ਾਸਨ ਕਾਲ ਵਿਚ ਖਾਣ-ਪੀਣ ਦੀਆਂ ਚੀਜਾਂ ਟੈਕਸ ਦੇ ਘੇਰੇ ਤੋਂ ਬਾਹਰ ਨਹੀਂ ਸਨ। ਹਰ ਰਸਤੇ, ਹਰ ਚੀਜ, ਹਰ ਸ਼ਹਿਰ ਅਤੇ ਬਰਾਮਦ ਉਤੇ ਟੈਕਸ ਲੱਗਿਆ ਹੋਇਆ ਸੀ। ਪਰ ਇਸ ਦੇ ਬਾਵਜੂਦ ਵੀ ਵਪਾਰ ਤਰੱਕੀ ਤੇ ਸੀ। ਇਨ੍ਹਾਂ ਕਰਾਂ ਤੋਂ ਸਾਲਾਨਾਂ ਆਮਦਨ 10 ਲੱਖ ਰੁ: ਦੀ ਸੀ। ਇਸ ਤੋਂ ਇਲਾਵਾ ਜਾਗੀਰ ਅਤੇ ਜੁਰਮਾਨੇ ਤੋਂ ਵੀ ਬਹੁਤ ਆਮਦਨ ਪ੍ਰਾਪਤ ਹੁੰਦੀ ਸੀ। ਕਾਰੀਗਰਾਂ, ਜੁਲਾਹਿਆਂ, ਲੁਹਾਰਾਂ ਤੇ ਵੀ ਮਹਾਰਾਜਾ ਨੇ ਟੈਕਸ ਲਗਾਇਆ ਹੋਇਆ ਸੀ। ਵਪਾਰੀਆਂ ਉਤੇ 7 ਰੁ: ਪ੍ਰਤੀ ਆਦਮੀ ਕਰ ਸੀ। ਨਕਦ ਕਰ ਤੋਂ 8 ਲੱਖ ਰੁ: ਸਾਲਾਨਾ ਰਾਜ ਨੂੰ ਆਮਦਨ ਸੀ।

**ਖੁਫੀਆ ਅਤੇ ਰਾਜਦੂਤ ਸੇਵਾ :-** ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਸਾਮਰਾਜ ਅਤੇ ਵਿਦੇਸ਼ਾਂ ਵਿਖੇ ਦਿਲਚਸਪੀ ਰੱਖਦਾ ਸੀ। ਖਬਰਾਂ ਪ੍ਰਾਪਤ ਕਰਨ ਲਈ ਬਹੁਤ ਹੀ ਚੰਗਾ ਪ੍ਰਬੰਧ ਕੀਤਾ ਹੋਇਆ ਸੀ। ਸੂਹੀਏ, ਸੰਬੰਧਤ ਅਫਸਰਾਂ, ਜਿਵੇਂ ਕਾਰਦਾਰ ਆਦਿ ਦੇ ਕੰਟਰੋਲ ਤੋਂ ਮੁਕਤ ਸੀ। ਬਦਾਇਦਾ ਮੁੱਢਲਾ ਪ੍ਰਬੰਧ ਹੋ ਜਾਣ ਕਾਰਨ ਮਹਾਰਾਜਾ ਦਾ ਸਥਾਨਕ ਅਫਸਰਾਂ ਤੇ ਪੂਰਾ ਕਾਬੂ ਸੀ। ਮਹਾਰਾਜਾ ਨੇ ਇਹ ਸੂਹੀਏ ਲੁਧਿਆਣਾ, ਸਿੰਧ ਅਤੇ ਅਫਗਾਨਿਸਤਾਨ ਵਿਖੇ ਵੀ ਨਿਯੁਕਤ ਕੀਤੇ ਹੋਏ ਸਨ। ਫਕੀਰ ਅਜੀਜ-ਉਦ-ਦੀਨ ਮਹਾਰਾਜਾ ਦਾ ਪ੍ਰਸਿੱਧ ਡਿਪਲੋਮੈਟ ਸੀ।

**ਸਿਵਲ ਰਾਜ ਪ੍ਰਬੰਧ ਦੀ ਆਲੋਚਨਾ :-** ਰਣਜੀਤ ਸਿੰਘ ਦੇ ਸਿਵਲ ਪ੍ਰਸਾਸਨ ਨੂੰ ਅਸੈਨਿਕ ਰਾਜ ਪ੍ਰਬੰਧ ਵੀ ਕਿਹਾ ਜਾਂਦਾ ਹੈ ਅਤੇ ਉਸਦੇ ਇਸ ਰਾਜ ਪ੍ਰਬੰਧ ਦਾ ਮੁੱਖ ਗੁਣ ਇਹ ਸੀ ਕਿ ਉਹ ਆਪ ਫਿਰਕੂ ਨਹੀਂ ਸੀ। ਨਿਜਾਮ-ਉਦ-ਦੀਨ, ਇਮਾਮ ਬਖਸ਼, ਚੌਧਰੀ ਕਾਦਰ ਬਖਸ਼ ਅਤੇ ਫਕੀਰ, ਅਜੀਜ-ਉਦ-ਦੀਨ ਸਰਕਾਰੀ ਅਹੁਦਿਆਂ ਉਤੇ ਨਿਯੁਕਤ ਸਨ। ਮਹਾਰਾਜਾ ਸਿੱਖਾਂ, ਇਸਾਈਆਂ, ਹਿੰਦੂਆਂ, ਮੁਸਲਮਾਨਾਂ ਅਤੇ ਵਿਦੇਸ਼ੀਆਂ ਨੂੰ ਇਕ ਅੱਖ ਨਾਲ ਦੇਖਦਾ ਸੀ। ਉਹ ਕਿਸੇ ਨਾਲ ਵਿਤਕਰਾ ਅਤੇ ਅਨਿਆਏ ਨਹੀਂ ਸੀ ਕਰਦਾ। ਇਨ੍ਹਾਂ ਕੁਝ ਹੁੰਦਿਆਂ ਹੋਇਆ ਵੀ ਉਸ ਦੇ ਰਾਜ ਪ੍ਰਬੰਧ ਵਿਚ ਕੁਝ ਕਮੀਆਂ

ਜ਼ਰੂਰ ਰਹਿ ਗਈਆਂ ਸਨ। ਖਜ਼ਾਨਾ ਭਰਨ ਲਈ ਦੂਰ-ਦੂਰ ਇਲਾਕਿਆਂ ਉਤੇ ਸਰਕਾਰ ਦੇ ਪ੍ਰਭਾਵ ਨੂੰ ਬਣਾਏ ਰਖਣ ਲਈ ਫੌਜ਼ੀ ਤਾਕਤ ਵਰਤੀ ਜਾਂਦੀ ਸੀ। ਕੋਈ ਸੰਗਠਿਤ ਕਾਨੂੰਨ ਨਾ ਹੋਣ ਕਰਕੇ ਸਰਕਾਰੀ ਅਫਸਰ ਤਾਕਤ ਦਾ ਨਜਾਇਜ ਫਾਇਦਾ ਵੀ ਉਠਾਉਂਦੇ ਸਨ।

## ਸੈਨਿਕ ਪ੍ਰਬੰਧ

ਮਹਾਰਾਜਾ ਰਣਜੀਤ ਸਿੰਘ ਇਕ ਬਹੁਤ ਹੀ ਮਹਾਨ ਫੌਜੀ ਪ੍ਰਬੰਧਕ ਵੀ ਸਾਬਿਤ ਹੋਇਆ। ਉਸਨੇ ਆਪਣੇ ਫੌਜੀ ਪ੍ਰਬੰਧ ਨੂੰ ਨਵੇਂ ਸਿਰਿਓਂ ਸੰਗਠਿਤ ਕੀਤਾ। ਉਸਨੇ ਮੁੱਖ ਤੌਰ ਤੇ ਫੌਜੀ ਪ੍ਰਬੰਧ ਵਿਚ ਪੰਜ ਤਬਦੀਲੀਆਂ ਕੀਤੀਆਂ ਸਨ ਜਿਹੜੀਆਂ ਇਸ ਤਰ੍ਹਾਂ ਸਨ :-

1. ਪਿਆਦਾ ਫੌਜ ਨੂੰ ਪੱਛਮੀ ਢਾਂਚੇ ਵਿਚ ਢਾਲਣਾ ।
2. ਯੂਰਪੀਅਨ ਪਰੇਡ ਅਤੇ ਅਨੁਸ਼ਾਸ਼ਨ ਚਾਲੂ ਕਰਨਾ।
3 ਭਾਰੀ ਤੋਪਖਾਨਾ ਤਿਆਰ ਕਰਵਾਉਣਾ ।
4. ਹਰ ਮਹੀਨੇ ਨਕਦ ਤਨਖਾਹ ਦੇਣ ਦਾ ਤਰੀਕਾ ਸ਼ੁਰੂ ਕਰਨਾ।
5. ਚੰਗੇ ਹਥਿਆਰ ਜਮ੍ਹਾਂ ਕਰਨਾ ।

**ਪਿਆਦਾ ਫੌਜ ਦੀ ਜਥੇਬੰਦੀ** :- ਰਣਜੀਤ ਸਿੰਘ ਤੋਂ ਪਹਿਲਾਂ ਪੰਜਾਬ ਵਿਖੇ ਮਿਸਲਾਂ ਦੀ ਸੈਨਾ ਵਿਚ ਜ਼ਿਆਦਾ ਘੋੜ ਸਵਾਰ ਹੁੰਦੇ ਸਨ। ਉਨ੍ਹਾਂ ਨੂੰ ਘੋੜ ਚੜੇ ਕਹਿੰਦੇ ਸਨ। ਉਸ ਸਮੇਂ ਪੈਦਲ ਸੈਨਿਕਾਂ ਨੂੰ ਘਟੀਆਂ ਸਮਝਿਆ ਜਾਂਦਾ ਸੀ। ਮਹਾਰਾਜਾ ਨੇ ਪੈਦਲ ਫੌਜ ਨੂੰ ਆਪਣੀ ਫੌਜ ਦਾ ਇਕ ਬਹੁਤ ਹੀ ਮਜ਼ਬੂਤ ਅੰਗ ਬਣਾਇਆ। ਯੂਰਪੀਅਨ ਫੌਜੀ ਸਿੱਖਿਆ ਦੀ ਸਿਖਲਾਈ ਉਸਨੇ ਫਰਾਂਸੀਸੀ ਅਤੇ ਯੂਰਪੀ ਅਫਸਰਾਂ ਤੋਂ ਦੁਆਉਣ ਦਾ ਪ੍ਰਬੰਧ ਕੀਤਾ। ਇਨ੍ਹਾਂ ਅਫਸਰਾਂ ਨੂੰ ਭਾਰੀਆਂ ਤਨਖਾਹਾਂ ਉਤੇ ਰੱਖਿਆ ਗਿਆ ਸੀ। ਇਨ੍ਹਾਂ ਵਿਚ ਫਰਾਂਸੀਸੀ ਜਰਨੈਲ ਵੈਨਤੁਰਾ ਦਾ ਨਾਂ ਵਿਸ਼ੇਸ਼ ਵਰਣਨਯੋਗ ਹੈ। ਇਸ ਤਰ੍ਹਾਂ ਪਿਆਦਾ ਫੌਜ ਇਕ ਕਾਫੀ ਸ਼ਕਤੀਸ਼ਾਲੀ ਫੌਜ ਬਣ ਗਈ ।

**ਬਕਾਇਦਾ ਪਰੇਡ ਅਤੇ ਅਨੁਸ਼ਾਸ਼ਨ** :- ਬਕਾਇਦਾ ਪਰੇਡ ਦੀ ਪ੍ਰਥਾ ਮਹਾਰਾਜਾ ਦੀ ਫੌਜ ਵਿਚ ਚਾਲੂ ਕੀਤੀ ਗਈ। ਇਸ ਪ੍ਰਥਾ ਨੇ ਸੈਨਾ ਵਿਚ ਅਨੁਸ਼ਾਸ਼ਨ ਬਣਾਏ ਰੱਖਣ ਵਿਚ ਬਹੁਤ ਜ਼ਿਆਦਾ ਮਦਦ ਕੀਤੀ। ਸ਼ੁਰੂ ਵਿਚ ਫੋਜੀਆਂ ਨੇ ਡਰਿਲ ਅਤੇ ਫੌਜੀ ਅਨੁਸ਼ਾਸ਼ਨ ਤੋਂ ਨਫਰਤ ਕੀਤੀ ਅਤੇ ਪਰੇਡ ਦੀ ਤੁਲਨਾ ਰੰਡੀਆਂ ਦੇ ਨਾਚ ਨਾਲ ਕੀਤੀ ਪਰ ਮਹਾਰਾਜਾ ਨੇ ਜਗੀਰਾਂ ਦੇਕੇ ਅਤੇ ਅਨਾਜ ਵੰਡ ਕੇ ਸਭ ਨੂੰ ਅਜਿਹਾ ਕਰਨ ਲਈ ਮਨਾ ਲਿਆ।

**ਤੋਪਖਾਨਾ** :- ਮਹਾਰਾਜਾ ਨੇ ਤੋਪਖਾਨੇ ਨੂੰ ਚੰਗਾ ਮਜ਼ਬੂਤ ਬਣਾਉਣ ਲਈ ਕੋਈ ਕਸਰ ਨਹੀਂ ਛੱਡੀ। ਤੋਪਖਾਨੇ ਦੀ ਮਹੱਤਤਾ ਨੂੰ ਸਮਝਦਿਆਂ ਹੋਇਆਂ ਉਸਨੇ ਤੋਪਾਂ ਢਾਲਣ ਦੇ ਕਾਰਖਾਨੇ ਲਾਹੌਰ ਵਿਖੇ ਚਾਲੂ ਕਰਵਾਏ। ਲਾਰਡ ਵਿਲੀਅਮ ਬੈਂਟਿੰਕ ਨੇ 1831 ਈ: ਵਿਚ ਮਹਾਰਾਜਾ ਨੂੰ ਤੋਪਾਂ, ਤੋਹਫੇ ਦੇ ਤੌਰ ਤੇ ਭੇਂਟ ਕੀਤੀਆਂ । ਮਹਾਰਾਜਾ ਨੇ ਉਸੇ ਹੀ ਮਾਡਲ ਦੀਆਂ ਤੋਪਾਂ ਆਪਣੇ ਕਾਰਖਾਨਿਆਂ ਵਿਚ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ। ਗਾਰਡਨਰ ਅਤੇ ਕੋਰਟ ਨੇ ਮਹਾਰਾਜਾ ਦੇ ਤੋਪਖਾਨੇ ਨੂੰ ਹੋਰ ਜ਼ਿਆਦਾ ਵਧੀਆ ਬਣਾਉਣ ਵਿਚ ਖਾਸ ਮਦਦ ਦਿੱਤੀ। ਤੋਪਾਂ ਕਈ ਤਰ੍ਹਾਂ ਦੀਆਂ ਸਨ ਅਤੇ ਉਨ੍ਹਾਂ ਨੂੰ ਹਾਥੀ ਖਿਚਦੇ ਸਨ। ਕਈ ਤੋਪਾਂ ਘੋੜਿਆਂ ਰਾਹੀਂ ਖਿਚੀਆਂ ਜਾਂਦੀਆਂ ਸਨ।

**ਮਹੀਨੇਵਾਰ ਤਨਖਾਹ** :- ਰਣਜੀਤ ਸਿੰਘ ਨੇ ਆਪਣੀਆਂ ਫੌਜਾਂ ਅਤੇ ਜਰਨੈਲਾਂ ਦੀਆਂ ਤਨਖਾਹਾਂ ਮਹੀਨੇਵਾਰੀ ਨਿਯਤ ਕਰ ਦਿੱਤੀਆ। ਮਹੀਨੇ ਤੋਂ ਬਾਅਦ ਤਨਖਾਹ ਦੇਣ ਦੀ ਰਵਾਇਤ ਕਾਇਮ ਕੀਤੀ ਗਈ। ਮਿਸਲਾਂ ਦੇ ਸਮੇਂ ਇਕ ਸੈਨਿਕ ਨੂੰ ਕੁਝ ਪਿੰਡਾ ਦਾ ਮਾਲੀਏ ਦੇ ਰੂਪ ਵਿਚ ਤਨਖਾਹ ਨਿਸ਼ਚਿਤ ਕਰ ਦਿੱਤੀ ਜਾਂਦੀ ਸੀ। ਸ਼ੁਰੂ ਵਿਚ ਮਹਾਰਾਜਾ ਰਣਜੀਤ ਸਿੰਘ ਨੇ ਨਕਦ ਵੇਤਨ ਦੇਣ ਦੀ ਪ੍ਰਣਾਲੀ ਨਿਯਮਤ ਸੈਨਾ ਲਈ ਸ਼ੁਰੂ ਕੀਤੀ। ਪਰ ਹੌਲੀ-ਹੌਲੀ ਇਹ ਪ੍ਰਣਾਲੀ ਹੋਰ ਸੈਨਾ ਲਈ ਵੀ ਸ਼ੁਰੂ ਕੀਤੀ ਗਈ। ਮਹਾਰਾਜਾ ਰਣਜੀਤ ਸਿੰਘ ਦੀ ਸਾਰੀ ਸੈਨਾ ਤਿੰਨ ਹਿੱਸਿਆਂ ਵਿਚ ਵੰਡੀ ਹੋਈ ਸੀ। ਜਿਹੜੇ ਇਸ ਤਰ੍ਹਾਂ ਸਨ :-

1. ਫੌਜ-ਏ-ਖਾਸ (Special Brigade or French Legion)
2. ਫੌਜ-ਏ-ਆਇਨ ਜਾਂ ਬਾਕਾਇਦਾ ਫੌਜ (Regular Army)
3. ਫੌਜ-ਏ-ਬੇਕਵਾਇਦ (Irregular Army)

**ਫੌਜ-ਏ-ਖਾਸ** :- ਇਹ ਰਣਜੀਤ ਸਿੰਘ ਦਾ ਮਾਡਲ ਬਰਗੇਡ ਸੀ। ਜਿਸ ਦੀ ਜਥੇਬੰਦੀ ਵੈਨਤੂਰਾ ਨੇ ਕੀਤੀ ਸੀ। ਗ੍ਰਿਫਿਨ

ਦੇ ਵਿਚਾਰ ਅਨੁਸਾਰ ਇਸ ਫੌਜ ਦੀ ਵੰਡ ਇਸ ਤਰ੍ਹਾਂ ਸੀ - ਬਾਕਾਇਦਾ ਪਿਆਦਾ ਫੌਜ (3176) -ਬਾਕਾਇਦਾ ਘੋੜ ਸਵਾਰ (1667) ਅਤੇ ਤੋਪਖਾਨਾ (885 ਜਿਸ ਵਿਚ 34 ਤੋਪਾਂ ਵੀ ਸਨ)। ਇਸ ਫੌਜੀ ਟੁਕੜੀ ਦਾ ਸਿਪਾਹੀ ਹਰ ਪੱਖੋਂ ਹੀ ਲੜਨ ਦੇ ਮਾਹਿਰ ਸੀ। ਇਸ ਟੁਕੜੀ ਦੇ ਤੋਪਖਾਨੇ ਦਾ ਇੰਚਾਰਜ ਇਲਾਹੀ ਬਖਸ਼ ਸੀ।

**ਬਕਾਇਦਾ ਫੌਜ** :- ਇਹ ਸੈਨਾ ਯੂਰਪੀਅਨ ਢੰਗ ਨਾਲ ਸੰਗਠਿਤ ਕੀਤੀ ਗਈ। ਇਹ ਮਜ਼ਬੂਤ ਅਤੇ ਸੁਚੱਜੀ ਫੌਜ ਸੀ। ਇਸ ਵਿਚ ਪੈਦਲ, ਘੋੜ ਸਵਾਰ ਅਤੇ ਤੋਪਚੀ ਸ਼ਾਮਿਲ ਸਨ। ਇਸ ਫੌਜ ਨੇ ਅੰਗਰੇਜ਼ ਸਿੱਖ ਯੁੱਧ ਵਿਚ ਅੰਗਰੇਜ਼ੀ ਸੈਨਿਕਾਂ ਨੂੰ ਚੰਗੇ ਹੱਥ ਵਿਖਾਏ । 1838 ਈ: ਵਿਚ ਇਸ ਸੈਨਾ ਦੀ ਕੁਲ ਗਿਣਤੀ 28242 ਸੀ।

**ਪੈਦਲ ਸੈਨਾ** :- ਬਕਾਇਦਾ ਪੈਦਲ ਸੈਨਾ ਰਣਜੀਤ ਸਿੰਘ ਦੇ ਸਮੇਂ ਹੀ ਸ਼ੁਰੂ ਕੀਤੀ ਗਈ। ਇਸ ਸੈਨਾ ਦੀ ਸਿਖਲਾਈ ਜਾਂ ਟ੍ਰੇਨਿੰਗ ਲਈ ਮਹਾਰਾਜਾ ਨੇ ਕਈ ਯੂਰਪੀਅਨ ਅਫਸਰ ਨਿਯੁਕਤ ਕੀਤੇ ਹੋਏ ਸਨ। ਵੈਨਤੂਰਾ ਉਨ੍ਹਾਂ ਵਿਚੋਂ ਖਾਸ ਅਤੇ ਵਰਣਨਯੋਗ ਹੈ। ਸਾਰੀ ਪੈਦਲ ਸੈਨਾ ਨੂੰ ਬਟਾਲੀਅਨਾਂ ਵਿਚ ਅਤੇ ਬਟਾਲੀਅਨਾਂ ਨੂੰ ਕੰਪਨੀਆਂ ਵਿਚ ਵੰਡਿਆਂ ਹੋਇਆ ਸੀ। ਹਰ ਕੰਪਨੀ ਅੱਗੇ ਸੈਕਸ਼ਨਾਂ ਵਿਚ ਵੰਡੀ ਹੋਈ ਸੀ।

**ਰਿਸਾਲਾ** :- ਬਕਾਇਦਾ ਫੌਜ ਦਾ ਦੂਜਾ ਅੰਗ ਘੋੜ ਸਵਾਰ ਫੌਜ ਦਾ ਹਿੱਸਾ ਸੀ। ਇਸਦਾ ਪ੍ਰਮੁੱਖ ਜਰਨੈਲ ਅਲਾਰਡ ਸੀ। 1811 ਈ: ਵਿਚ ਇਸ ਫੌਜ ਦੀ ਗਿਣਤੀ ਕੁਲ 1209 ਸੀ ਪਰ ਇਹ 1839 ਈ: ਵਿਚ ਵਧ ਕੇ 4060 ਹੋ ਗਈ।

**ਤੋਪਖਾਨਾ** :- ਮਹਾਰਾਜਾ ਤੋਪਖਾਨੇ ਦੇ ਸੰਗਠਨ ਵਿਚ ਬਹੁਤ ਦਿਲਚਸਪੀ ਲੈਂਦਾ ਸੀ। ਕੋਰਟ, ਗਾਰਡਨਰ, ਇਲਾਹੀ ਬਖਸ਼ ਅਤੇ ਕਾਦਰ ਬਖਸ਼ ਦੇ ਨਾਂ ਤੋਪਖਾਨੇ ਦੇ ਪ੍ਰਬੰਧ ਨੂੰ ਚੰਗਾ ਬਣਾਉਣ ਲਈ ਪ੍ਰਸਿੱਧ ਸਨ। 1819 ਈ: ਵਿਚ ਰਣਜੀਤ ਸਿੰਘ ਕੋਲ 21 ਤੋਪਾਂ ਅਤੇ 160 ਰਿਹਕਲੇ ਸਨ। 1838-39 ਈ: ਵਿਚ ਇਨ੍ਹਾਂ ਦੀ ਗਿਣਤੀ ਵਧਕੇ 188 ਤੋਪਾਂ ਅਤੇ 280 ਰਿਹਲਕੇ ਤੱਕ ਜਾ ਪੁੱਜੀ ।

**ਫੌਜ-ਏ-ਬੇਕਾਵਾਇਦ** :- ਇਸ ਫੌਜ ਵਿਚ ਮਿਸਲਾਂ, ਅਕਾਲੀ ਅਤੇ ਜਗੀਰਦਾਰੀ ਸੈਨਿਕ ਸ਼ਾਮਿਲ ਸਨ। ਇਹ ਕਿਸੇ ਤਰ੍ਹਾਂ ਦਾ ਨਵੇਂ ਫੌਜੀ ਢੰਗ, ਡ੍ਰਿਲ ਆਦਿ ਪਸੰਦ ਨਹੀਂ ਸਨ ਕਰਦੇ। ਅਕਾਲੀ ਖੁਦ ਨੂੰ ਗੁਰੂ ਗੋਬਿੰਦ ਸਿੰਘ ਦੇ ਅਨੁਯਾਈ ਅਖਵਾਉਂਦੇ ਸਨ। ਲੜਾਈ ਸਮੇਂ ਉਹ ਧਾਰਮਿਕ ਜੋਸ਼ ਨਾਲ ਲੜਦੇ ਸਨ , ਉਹ ਅੰਗਰੇਜ਼ਾਂ ਅਤੇ ਪਠਾਣਾਂ ਤੋਂ ਬਹੁਤ ਨਫਰਤ ਕਰਦੇ ਸਨ। ਉਨ੍ਹਾਂ ਨੂੰ ਬਹੁਤ ਹੀ ਭਿਆਨ ਯੁੱਧਾਂ ਵਿਚ ਭੇਜਿਆ ਜਾਂਦਾ ਸੀ। ਉਨ੍ਹਾਂ ਦੀ ਕੁਲ ਗਿਣਤੀ 3000 ਸੀ। ਉਨ੍ਹਾਂ ਨੂੰ ਕੋਈ ਬਕਾਇਦਾ ਤਨਖਾਹ ਨਹੀਂ ਸੀ ਦਿੱਤੀ ਜਾਂਦੀ। ਕੇਵਲ ਰਾਸ਼ਨ, ਘੋੜੇ ਅਤੇ ਸ਼ਾਸਤਰ ਦਿੱਤੇ ਜਾਂਦੇ ਸਨ।

**ਘੋੜ ਚੜ੍ਹੇ** :- ਇਸ ਸੈਨਾ ਵਿਚ ਪੁਰਾਣੇ ਮਿਸਲਦਾਰਾਂ ਦੇ ਪੁੱਤਰ ਅਤੇ ਪੋਤਰੇ ਸ਼ਾਮਿਲ ਸਨ। ਸ਼ੁਰੂ-ਸ਼ੁਰੂ ਵਿਚ ਉਨ੍ਹਾਂ ਨੂੰ ਤਿੰਨ-ਚਾਰ ਸੌ ਰੁਪਏ ਦੀ ਜਾਗੀਰ ਦਿੱਤੀ ਗਈ ਸੀ ਪਰ ਬਾਅਦ ਵਿਚ ਉਨ੍ਹਾਂ ਨੂੰ ਨਕਦ ਤਨਖਾਹ ਦੇਣੀ ਸ਼ੁਰੂ ਕਰ ਦਿੱਤੀ ਗਈ।

**ਮਿਸਲਦਾਰ** :- ਉਹ ਘੋੜ ਸਵਾਰ ਸਨ ਅਤੇ ਪੁਰਾਣੇ ਮਿਸਲਦਾਰਾਂ ਦੀ ਹਾਰ ਪਿਛੋਂ ਮਹਾਰਾਜਾ ਦੀ ਨੌਕਰੀ ਵਿਚ ਆ ਗਏ ਸਨ। ਉਹ ਆਪਣੇ ਘੋੜਿਆਂ ਅਤੇ ਹਥਿਆਰਾਂ ਦਾ ਇੰਤਜ਼ਾਮ ਖੁਦ ਕਰਦੇ ਸਨ।

**ਜਾਗੀਰਦਾਰੀ ਸੈਨਾ** :- ਜਿਨ੍ਹਾਂ ਜਾਗੀਰਦਾਰਾਂ ਨੂੰ ਜਾਗੀਰਾਂ ਮਿਲੀਆਂ ਹੋਈਆਂ ਸਨ ਉਨ੍ਹਾਂ ਨੂੰ ਮਹਾਰਾਜਾ ਰਣਜੀਤ ਸਿੰਘ ਲਈ ਇਕ ਖਾਸ ਗਿਣਤੀ ਵਿਚ ਘੋੜ ਸਵਾਰ ਰੱਖਣੇ ਪੈਂਦੇ ਸਨ। ਵੈਸੇ ਤਾਂ ਇਹ ਸੈਨਾ ਜਾਗੀਰਦਾਰ ਪਾਸ ਹੀ ਰਹਿੰਦੀ ਸੀ ਪਰ ਦੁਸਹਿਰੇ ਦੇ ਮੌਕੇ ਉਤੇ ਮਹਾਰਾਜਾ ਉਨ੍ਹਾਂ ਦਾ ਨਿਰੀਖਣ ਕਰਦਾ ਸੀ। ਜਾਗੀਰਦਾਰ ਆਪਣੇ ਘੋੜਸਵਾਰਾਂ ਦਾ ਹੁਲੀਆ ਸਰਕਾਰ ਦੇ ਰਿਕਾਰਡ ਦਫਤਰ ਵਿਚ ਭੇਜਦੇ ਸਨ।

**ਰਸਦ ਪਾਣੀ** :- ਛਾਉਣੀ ਦੇ ਰਸਦ ਪਾਣੀ ਲਈ ਲਾਹੌਰ ਵਿਚ ਹਰ ਛਾਉਣੀ ਦੇ ਨਾਲ ਇਕ-ਦੋ ਬਾਜਾਰ ਹੁੰਦੇ ਸਨ। ਜਦੋਂ ਇਹ ਛਾਉਣੀ ਇਕ ਥਾਂ ਤੋਂ ਦੂਜੀ ਥਾਂ ਜਾਂਦੀ ਸੀ ਤਾਂ ਦੁਕਾਨਾਂ ਆਦਿ ਵੀ ਨਾਲ ਹੀ ਸਮਾਨ ਲੈ ਕੇ ਪੁੱਜ ਜਾਂਦੀਆਂ ਸਨ। ਇਨਾਂ ਦੁਕਾਨਾਂ ਤੋਂ ਫੌਜੀ ਆਪਣੇ ਰਸਦ ਪਾਣੀ ਦਾ ਸਾਮਾਨ ਖਰੀਦਦੇ। ਸੀਤਾ ਰਾਮ ਕੋਹਲੀ ਨੇ ਲਿਖਿਆ ਹੈ ਕਿ ਹਰ ਇਕ ਪਲਟਨ ਲਈ ਤੰਬੂਆਂ ਅਤੇ ਛੋਲਦਾਰੀਆਂ ਦੀ ਗਿਣਤੀ ਨਿਸ਼ਚਿਤ ਹੁੰਦੀ ਸੀ। ਹਰ ਤੀਜੇ ਸਾਲ ਪੁਰਾਣੀਆਂ ਛੋਲਦਾਰੀਆਂ ਵਾਪਸ ਲੈ ਕੇ ਨਵੀਆਂ ਦੇ ਦਿੱਤੀਆਂ ਜਾਂਦੀਆਂ ਸਨ। ਹਰ ਇਕ ਫੌਜ ਨੂੰ ਹਰ ਦਿਨ ਇਕ ਸੇਰ ਆਟਾ ਤੇ ਛਟਾਂਕ ਦਾਲ, ਅੱਧੀ ਛਟਾਂਕ ਘਿਉ ਅਤੇ ਇਕ ਸੇਰ ਲੱਕੜੀ ਮਿਲਦੀ ਸੀ। ਇਸ ਤੋਂ ਬਿਨਾਂ ਕਦੇ-ਕਦੇ ਮਾਸ ਅਤੇ ਖੀਰ ਵੀ ਮਿਲਦੀ ਸੀ। ਪਰ ਇੰਨੀ ਚੰਗੀ ਰਸਦ ਲਈ ਸਿਰਫ ਦੋ ਰੁਪਏ ਮਹੀਨਾ ਲਿਆ ਜਾਂਦਾ ਸੀ। ਬਾਕੀ 6 ਰੁ: ਮਹੀਨਾ ਹਰ ਫੌਜੀ ਆਪਣੇ ਘਰ ਭੇਜ ਸਕਦੇ।

**ਮਹਾਰਾਜਾ ਵਲੋਂ ਸੈਨਿਕਾਂ ਨੂੰ ਮਦਦ ਅਤੇ ਇਨਾਮ :-** ਜਿਨਾਂ ਫੌਜੀਆਂ ਦੀਆਂ ਯੁੱਧ ਵਿਚ ਬਾਹਾਂ, ਲੱਤਾਂ ਆਦਿ ਕੱਟੇ ਜਾਂਦੇ, ਉਨ੍ਹਾਂ ਨੂੰ ਸਰਕਾਰ ਵਲੋਂ ਪੈਨਸਨਾਂ ਦਿੱਤੀਆਂ ਜਾਂਦੀਆਂ ਸਨ। ਇਸ ਤੋਂ ਇਲਾਵਾ ਪੁਰਾਣੇ ਫੌਜੀ ਅਤੇ ਗੈਰ-ਸਰਕਾਰੀ ਫੌਜੀਆਂ ਨੂੰ ਖਿਤਾਬ ਦਿੱਤੇ ਜਾਂਦੇ ਸਨ। ਇਨਾਮ ਵਿਚ ਖਿੱਲਤ ਜਿਸ ਦੇ ਨਾਲ ਸੋਨੇ ਦੇ ਗਹਿਣੇ ਅਤੇ ਹਥਿਆਰ ਹੁੰਦੇ ਸਨ ਵੀ ਦਿੱਤੀਆਂ ਜਾਂਦੀਆਂ ਸਨ। ਜਫਰ ਜੰਗ (ਯੁੱਧ ਜੇਤੂ) ਅਤੇ ਅਸੈਨਿਕ ਖਿਤਾਬ ਜਿਵੇਂ ਦਿਆਨਤ ਪਨਾਹ ਵੀ ਦਿੱਤੇ ਜਾਂਦੇ ਸਨ। ਇਨ੍ਹਾਂ ਤੋਂ ਇਲਾਵਾ ਮਹਾਰਾਜਾ ਰਣਜੀਤ ਸਿੰਘ ਨੇ ਗੋਲਡ ਮੈਡਲ ਜਿਵੇਂ ਕੋਕਬ-ਇਕਬਾਲ-ਏ-ਪੰਜਾਬ (Order of Star of the Punjab) ਵੀ 1837 ਵਿਚ ਦੇਣੇ ਸ਼ੁਰੂ ਕੀਤੇ ਸਨ। ਇਹ ਮੈਡਲ ਜਾਂ ਪਦਕ ਤਿੰਨੇ ਕਿਸਮਾਂ ਵਿਚ ਵੰਡੇ ਹੋਏ ਸਨ। ਪਹਿਲੇ ਦਰਜੇ ਦਾ ਮੈਡਲ ਸ਼ਾਹੀ ਖਾਨਦਾਨ ਦੇ ਲੋਕਾਂ ਜਾਂ ਬਹੁਤ ਹੀ ਉਚੇ ਵਫਾਦਾਰ ਅਫਸਰਾਂ ਨੂੰ ਦਿੱਤਾ ਜਾਂਦਾ ਸੀ। ਦੂਜੇ ਦਰਜੇ ਦਰਜੇ ਦਾ ਮੈਡਲ ਵਫਾਦਾਰ ਜਰਨੈਲਾਂ ਅਤੇ ਕਰਮਚਾਰੀਆਂ ਨੂੰ ਮਿਲਦਾ ਸੀ ਅਤੇ ਤੀਜੇ ਦਰਜੇ ਦਾ ਮੈਡਲ ਹਿੰਮਤ ਅਤੇ ਵੀਰਤਾ ਦਿਖਾਉਣ ਵਾਲੇ ਸੈਨਿਕ ਅਤੇ ਅਸੈਨਿਕ ਕਰਮਚਾਰੀਆਂ ਨੂੰ ਦਿੱਤੇ ਜਾਂਦੇ ਸਨ।

**ਸੈਨਿਕ ਪ੍ਰਬੰਧ ਦੀ ਆਲੋਚਨਾ :-** ਕਈ ਯੂਰਪੀਅਨ ਵਿਦਵਾਨਾਂ ਨੇ ਜਿਸ ਵਿਚ ਗਫ (Gough), ਔਸਬਾਰਨ (Osborne), ਹਿਊਗਲ (Hugel) ਅਤੇ ਕਨਿੰਗਮ (Cunningham) ਮੁੱਖ ਹਨ ਜਿਨ੍ਹਾਂ ਨੇ ਮਹਾਰਾਜਾ ਦੇ ਸੈਨਿਕ ਪ੍ਰਬੰਧ ਦੀ ਬਹੁਤ ਜ਼ਿਆਦਾ ਪ੍ਰਸੰਸਾ ਕੀਤੀ। ਗਫ ਅੰਗਰੇਜ਼ਾਂ ਅਤੇ ਸਿੱਖਾਂ ਦੇ ਪਹਿਲਾ ਯੁੱਧ ਬਾਰੇ ਲਿਖਦਾ ਹੈ ਕਿ ਇਸ ਲੜਾਈ ਵਿਚ ਸਿੱਖਾਂ ਦੀ ਅਗਵਾਈ ਕਰਨ ਵਾਲਾ ਕੋਈ ਯੋਗ ਜਰਨੈਲ ਹੁੰਦਾ ਤਾਂ ਇਹ ਕਹਿਣਾ ਮੁਸ਼ਕਿਲ ਸੀ ਕਿ ਲੜਾਈ ਦਾ ਕੀ ਸਿੱਟਾ ਹੁੰਦਾ। ਕੁਝ ਰੂੜੀਵਾਦੀ ਵਿਦਵਾਨਾਂ ਦਾ ਵਿਚਾਰ ਹੈ ਕਿ ਮਹਾਰਾਜਾ ਨੇ ਯੂਰਪੀਅਨ ਸੈਨਿਕ ਪ੍ਰਣਾਲੀ ਅਪਣਾਕੇ ਗਲਤੀ ਕੀਤੀ ਸੀ ਕਿਉਂਕਿ ਮਹਾਰਾਜਾ ਦੀਆਂ ਵੱਡੀਆਂ ਜਿੱਤਾਂ ਇਸ ਪ੍ਰਣਾਲੀ ਨੂੰ 1822 ਈ: ਵਿਚ ਸੁਰੂ ਕਰਨ ਤੋਂ ਪਹਿਲਾਂ ਹੋਈਆਂ ਸਨ। ਪਰ ਅਜਿਹੇ ਵਿਦਵਾਨ ਇਸ ਸੱਚਾਈ ਨੂੰ ਭੁਲ ਜਾਂਦੇ ਹਨ ਕਿ ਪਿਸ਼ਾਵਰ ਦੀ ਜਿੱਤ ਅਤੇ ਜਮਰੋਦ ਦੀ ਪ੍ਰਸਿੱਧ ਲੜਾਈ ਇਸ ਤੋਂ ਬਾਅਦ ਹੀ ਹੋਈ ਸੀ। ਪਹਿਲੇ ਅਤੇ ਦੂਜੇ ਸਿੱਖ ਯੁੱਧ ਵਿਚ ਜੋ ਕਾਰਨਾਮੇ ਸਿੱਖ ਫੌਜ ਨੇ ਵਿਖਾਏ ਉਹ ਮਹਾਰਾਜਾ ਦੇ ਸੁਚੱਜੇ ਫੌਜੀ ਪ੍ਰਬੰਧ ਦਾ ਹੀ ਸਿੱਟਾ ਸਨ। ਕੁਝ ਕੁ ਨੇ ਮਹਾਰਾਜਾ ਉੱਤੇ ਇਹ ਦੋਸ਼ ਲਾਇਆ ਸੀ ਕਿ ਉਹ ਆਪਣੀ ਫੌਜ ਨੂੰ ਛੇ-ਛੇ ਮਹੀਨੇ ਤਨਖਾਹ ਨਹੀਂ ਸੀ ਦਿੰਦਾ। ਪਰ ਮਹਾਰਾਜਾ ਇੰਝ ਇਸ ਕਰਕੇ ਕਰਦਾ ਸੀ ਤਾਂ ਜੋ ਸਿਪਾਹੀ ਉਸਦੇ ਰਾਜ ਦੇ ਖਿਲਾਫ ਕੋਈ ਵਿਦਰੋਹ ਨਾ ਕਰਨ ਅਤੇ ਨਾਲ ਉਹ ਵਫਾਦਾਰ ਬਣੇ ਰਹਿਣ।

## ਇਸ ਪਾਠ ਬਾਰੇ ਆਪਣਾ ਗਿਆਨ ਪਰਖੋ

1. .................. ਦੀ ਖੁਦਮੁਖਤਿਆਰੀ ਤੇ ਕਈ ਰੋਕਾਂ ਸਨ।
2. ਮਹਾਰਾਜਾ ਰਣਜੀਤ ਸਿੰਘ ਹਮੇਸ਼ਾਂ ............. ਦੇ ਨਾਂ ਉਤੇ ਸਾਰੇ ਕੰਮ ਕਰਦਾ ਸੀ।
3. ਸਾਰੇ ਕੇਂਦਰੀ ਸ਼ਾਸਨ ਪ੍ਰਬੰਧ ਦੇ .................... ਵਿਭਾਗ ਸਨ।
4. ਰਣਜੀਤ ਸਿੰਘ ਨੇ ਆਪਣੇ ਪ੍ਰਾਂਤਕ ਪ੍ਰਬੰਧ ਨੂੰ ..................... ਸੂਬਿਆਂ ਵਿਚ ਵੰਡਿਆਂ ਹੋਇਆ ਸੀ।
5. ਨਾਜ਼ਿਮ .................... ਦਾ ਮੁਖੀਆਂ ਸੀ।
6. ਕਾਰਦਾਰ ...................... ਸ਼ਾਸਨ ਪ੍ਰਬੰਧ ਦਾ ਮੁਖੀਆ ਸੀ।
7. ਮਹਾਰਾਜਾ ਦੀ ਸਭ ਤੋਂ ਉਚੀ ਅਦਾਲਤ ਦਾ ਨਾਂ ................ ਸੀ।
8. ਭੂੰਮੀ ਕਰ ਸਾਲ ਵਿਚ .................. ਵਾਰ ਉਗਰਾਹਿਆ ਜਾਂਦਾ ਸੀ।
9. ਫੌਜ-ਏ-ਖਾਸ ਦਾ ਕਮਾਂਡਰ .................... ਸੀ ।
10. ਫੌਜ-ਏ-ਬੇਕਵਾਇਦ ਵਿਚ .................. ਸ਼ਾਮਿਲ ਸੀ।

**ਆਪਣੇ ਉਤਰ ਮਿਲਾਉ :-**

1. ਮਹਾਰਾਜੇ (2) ਖਾਲਸੇ (3) ਬਾਰਾਂ (4) ਚਾਰ (5) ਪ੍ਰਾਂਤ ਦਾ
6. ਜਿਲਾ (7) ਅਦਾਲਤ-ਉਲ-ਆਲੀਆ (8) ਦੋ (9) ਜ ਨ ਰ ਲ ਵੈਨਤੂਰਾ

10. ਮਿਸਲਦਾਰ, ਅਕਾਲੀ ਅਤੇ ਜਾਗੀਰਦਾਰ ਸੈਨਾ ।

**ਆਪਣੀ ਪੁਜ਼ੀਸ਼ਨ ਵੇਖੋ :-**

| | | |
|---|---|---|
| ਚੰਗਾ | - | ਪੰਜ-ਛੇ ਠੀਕ ਉਤਰ |
| ਬਹੁਤ ਚੰਗਾ | - | ਛੇ ਤੋਂ ਵੱਧ ਠੀਕ ਉਤਰ |
| ਅਸੰਤੋਖਜਨਕ | - | ਚਾਰ ਤੋਂ ਘੱਟ ਠੀਕ ਉਤਰ |
| ਸੰਤੋਖਜਨਕ | - | ਚਾਰ ਠੀਕ ਉਤਰ |

## ਹੇਠ ਦਿੱਤੇ ਹਰ ਪ੍ਰਸ਼ਨ ਦਾ 25 ਤੋਂ 30 ਸ਼ਬਦਾਂ ਵਿਚ ਉਤਰ ਲਿਖੋ :-

1. ਰਣਜੀਤ ਸਿੰਘ ਦੇ ਮੰਤਰੀ ਮੰਡਲ ਦੀ ਬਣਤਰ ਬਾਰੇ ਲਿਖੋ ?
2. ਪ੍ਰਾਂਤਕ ਪ੍ਰਬੰਧ ਬਾਰੇ ਤੁਸੀਂ ਕੀ ਜਾਣਦੇ ਹੋ ?
3. ਨਾਜ਼ਿਮ ਬਾਰੇ ਤੁਸੀਂ ਕੀ ਜਾਣਦੇ ਹੋ ?
4. ਰਣਜੀਤ ਸਿੰਘ ਦੇ ਸਮੇਂ ਮੁੱਖ ਸਜ਼ਾਵਾਂ ਕਿਹੜੀਆਂ ਸਨ ?
5. ਬਟਾਈ ਪ੍ਰਣਾਲੀ ਬਾਰੇ ਲਿਖੋ ?
6. ਅਜਾਰੇਦਾਰੀ ਤੋਂ ਤੁਸੀਂ ਕੀ ਸਮਝਦੇ ਹੋ ?
7. ਫੌਜ-ਏ-ਖਾਸ ਬਾਰੇ ਲਿਖੋ ?
8. ਜਗੀਰਦਾਰੀ ਸੈਨਾ ਬਾਰੇ ਤੁਸੀਂ ਕੀ ਜਾਣਦੇ ਹੋ ?
9. ਰਣਜੀਤ ਸਿੰਘ ਦੀ ਖੁਦਮੁਖਤਿਆਰੀ ਉਤੇ ਲੱਗੀਆਂ ਰੋਕਾਂ ਬਾਰੇ ਲਿਖੋ ?

## ਹੇਠ ਦਿੱਤੇ ਪ੍ਰਸ਼ਨਾਂ ਦਾ 1000 ਸ਼ਬਦਾਂ ਵਿਚ ਉਤਰ ਦਿਉ :-

1. ਮਹਾਰਾਜਾ ਰਣਜੀਤ ਸਿੰਘ ਦੇ ਸਿਵਲ ਪ੍ਰਸ਼ਾਸ਼ਨ ਬਾਰੇ ਤੁਸੀਂ ਕੀ ਜਾਣਦੇ ਹੋ ?
2. ਮਹਾਰਾਜਾ ਰਣਜੀਤ ਸਿੰਘ ਦੇ ਸੈਨਿਕ ਪ੍ਰਬੰਧ ਬਾਰੇ ਇਕ ਨੋਟ ਲਿਖੋ ?

ਟਾਈਪ ਸੈਟਿੰਗ : ਡਿਸਟੈਂਸ ਐਜੂਕੇਸ਼ਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ